ਜ਼ੋਰਾਵਰ ਬਲ ਜੋ ਇੱਕ ਪਾਸੇ ਸਮੁੰਦ੍ਰ ਦੀਆਂ ਲੈਹਰਾਂ ਤਕ ਠਾਠਾਂ ਮਾਰਦਾਸੀ ਦੂਜੇ ਪਾਸੇ ਹਿਮਾਲੇ ਪਰਬਤਦੀ ਸਿਖਰ ਚੋਟੀ ਨਾਲ ਵੱਜਦੀਆਂ ਸਨ ਬ੍ਰਹਮਾਂ ਦੀ ਹੱਦ ਤਕ ਇਸਲਾਮ ਦਾ ਸ਼ਾਹੀ ਨਿਕਾਰਾ ਬਜ ਰਿਹਾਸੀ ਅਤੇ ਅਜੇਹੇ ਸਮੇ ਗੁਰੂ ਗੋਬਿੰਦ ਸਿੰਘ ਜੀ ਦੇ ਹਿੱਸੇ ਵਿੱਚ ਕੰਮ ਸ਼ੁਰੂ ਕਰਨਾਂ ਆਯਾਸੀ ਗੋਯਾ ਸਮੇਂ ਨੇ ਅਜੇਹੀ ਡਾਢੀ ਤਾਕਤ ਦਾ ਮੁਕਾਬਲਾ ਕਰਨਲਈ ਇੱਕ ਅਜੇਹੇ ਬੇਸਾਮਾਂਨ ਫ਼ਕੀਰ ਤਪਸੀ ਦੇ ਸਪੁਰਦ ਕੀਤਾ ਸੀ ਕਿ ਜਿਸਨੂੰ ਉਸਨੇ ਯੋਗ ਜਾਤਾਸੀ ਪਿਤਾ ਦੇ ਪ੍ਰੇਮ ਸੰਦੇਸੇ ਦਾ ਪੂਰਾ ਕਰਨਾਂ ਗੁਰੂ ਗੋਬਿੰਦ ਸਿੰਘ ਜੀ ਵਰਗੇ ਖਤ੍ਰੀ ਸਪੁਤ੍ਰ ਲਈ ਜ਼ਰੂਰੀ ਕੰਮਸੀ ਪ੍ਰੰਤੂ ਕੀਹ ਕਰਦ ਉਸਦੇ ਲਈ ਉਸ ਵੇਲੇ ਉਸਨੂੰ ਕੋਈ ਸਹਾਰਾ ਨਹੀਂ ਸੀ ਨ ਸਾਮਾਂਨ ਨਾ ਵਸੀਲਾ ਘਾਹ ਤੇ ਪਹਾੜ ਦੇ ਮੁਕਾਬਲੇ ਵਾਲੀ ਗਲਸੀ ਉਸਵੇਲੇ ਹਿੰਦੁਸਤਾਨ ਦੀ ਹਕੂਮਤ ਦੀ ਲਗਾਮ ਔਰੰਗਜ਼ੇਬ ਵਰਗੇ ਬੇਤਰਸ, ਖ਼ੂਨਖ਼੍ਵਾਰ ਸਿਤਮਗਾਰ ਦੇ ਵਿੱਚ ਸੀ ਜਿਸਦਾ ਬੜਾ ਇਕਬਾਲ ਪ੍ਰਤਾਪਸੀ ਉਸਦੇ ਮੁ ਵਿਖੇ ਇੱਕ ਪੰਦ੍ਰਾਂ ਬਰਸਦੀ ਉਮਰ ਦਾ ਬਾਲਕ ਓ ਸਰੰਜਾਮ ਤੇ ਸਾਮਾਨ ਸੀ ਫੇਰ ਭੀ ਉਸਨੇ ਚਾ ਉਦੇਸ਼ ਬਨਾਯਾ ਕਿ ਮੁਸਲਮਾਨਾ ਦੀ ਬਾਦ ਨੂੰ ਹਿੰਦੁਸਤਾਨ ਥੀਂ ਕਢਿਆ ਜਾਵੇ ਤੇ ਮ ਦਾ ਜੰਜੀਰ ਹਿੰਦੂਆਂ ਦੇ ਗਲਾਂ ਥੀਂ ਲ

ਲਮਾਨਾਂ ਦੇ ਧਰਮ ਦੀਨ ਦਾ ਵੈਰੀ ਨਹੀਂ ਸੀ ਤੇ ਨਾਹੀਂ ਵੈਰ ਕਰਕੇ ਉਨ੍ਹੂ ਕੁਛ ਲਾਭ ਪ੍ਰਾਪਤ ਸੀ ਕੇਵਲ ਓਹੁ ਉਨ੍ਹਾਂ ਮੁਸਲਮਾਨਾ ਦੇ ਵੈਰੀ ਸੇ ਜੇਹੜੇ ਧਰਮ ਦੇ ਜਾਮੇ ਵਿੱਚ ਪਾਪ ਤੇ ਦ੍ਰੋਹ ਦੇ ਆਦੀ ਸੇ ਆਪ ਖ਼ੁਦ ਇਸਲਾਮੀ ਸੇ ਤੇ ਨਾਮ ਨੂੰ ਮੁਸਲਮਾਂਨ ਓਹੁ ਉਨਾਂ ਜਾਨਵਰਾਂ ਵੈਹਸ਼ੀਆਂ ਤੇ ਪਾਪੀਆਂ ਤੇ ਦ੍ਰੋਹੀਆਂ ਦਾ ਵੈਰੀ ਸੀ ਜੇਹੜੇ ਇਸਲਾਮ ਦੀ ਸਿਖਯਾ ਦੇ ਹੇਠ ਲਹੂ ਬਹਾਉਂਦੇ ਹਰ ਪੰਥਦੀ ਬੁਰਾਈ ਹਰ ਪੁਰਖ ਨੂੰ ਮਾਰਦੇਣਾ ਹੀ ਪੁੰਨ ਸਮਝਦੇ ਸੇ ਉਨ੍ਹਾਂ ਨੂੰ ਹਿੰਦੁਸਤਾਨ ਦੀ ਸੀਮ ਥੀਂ ਬਾਹਰ ਕੱਢਨ ਦਾ ਉਦੇਸ਼ ਗੁਰੂ ਗੋਬਿੰਦ ਸਿੰਘ ਜੀਨੇ ਬਨਾਯਾ ਬਨਾਉਨ ਨੂੰ ਤਾਂ ਇਹੁ ਉਦੇਸ਼ ਬਣਾ ਕੱਢਿਆ ਪਰ ਉਸਦਾ ਪੂਰਾ ਕਰਨਾਂ ਜ਼ਰਾ ਟੇਢੀ ਖੀਰ ਤਾਂ ਸੀ ਓਹੁ ਸੋਚਦੇ ਸੇ ਕੋਈ ਰਾਹੁ ਮਿਲੇ ਪਰ ਕੋਈ ਨਹੀਂ ਮਿਲਦਾ ਸੀ ਰੋਗ ਜਾਣਦੇ ਤੇ ਔਖਧੀ ਦਾ ਪਤਾ ਸੀ ਪਰ ਦਵਾਈ ਲੱਭਨੀ ਕਠਿਨ ਸੀ ਓੜਕ ਨੂੰ ...ਨਾਂ ਨੇ ਦਵਾਈ ਲਭਹੀ ਲਈ ਤੇ ਓਹੁ ਇਸ ਰੋਗ ਲਈ ...ਨ ਦੇ ਤੀਰ ਵਾਂਙੂ ਹੋਗਈ ਪ੍ਰੰਤੂ ਓਹੁ ਦਵਾਈ ਕੀਹ ਸੀ ... ਕੀਹ ਸੀ ਜਿਤਨਾਂ ਚਿਰ ਉਸਦਾ ਵਰਨੰਨ ਨਾਂ ਕੀਤਾ ...ੀ ਬੁਧ ਤੇ ਦਾਨਾਈ ਦਾਰੂ ਦਾ ਫਲਦਾਇਕ ਦਵਾਈ ... ਰੋਗ ਦਾ ਹੇਟ ਜਾਨ ਦੇ ਦਰਜੇ ਤਕ ਪਹੁੰਚਣਾ ...ਖ ਦੇ ਭੋਗ ਦੇ ਆਨੰਦ ਜਾਣਦੇ ਉਤਨੇ ਹੈਨ॥

ਭਾਂਵੇ ਗੁਰੂ ਗੋਬਿੰਦ ਸਿੰਘ ਜੀ ਦੇ ਲਈ ਕੰਮ ਦੇ ਆਰੰਭ ਸਮੇਂ ਬੜੀਆਂ ਕਠੋਰ ਕਠਿਨਤਾਈਆਂ ਆਣਪਈਆਂ ਸਨ ਓਹੁ ਆਪ ਬੜੇ ਨੌਜਵਾਂਨ ਔਖਜਾਈ ਨਾਲ ਬਾਲਕ ਪੁਣੇ ਨੂੰ ਛੱਡ ਕੇ ਹਟੇਹੀ ਸੇ ਗਦੀ ਨਸ਼ੀਨੀ ਦੇ ਝਗੜੇ ਕਰਕੇ ਉਨ੍ਹਾਂ ਦੇ ਵੈਰੀ ਭਰਾ ਭਾਈ ਸਾਰੇ ਹੀ ਉਨਾਂ ਦੇ ਵੈਰੀ ਸੇ ਸਿਖਾਂ ਦੇ ਵਿਰੁਧ ਸਮੇਂ ਦੇ ਹਾਕਮ ਮਗਰ ਲਗੇ ਹੋਏ ਪ੍ਰੰਤੂ ਉਸਨੂੰ ਅਜੇਹਾ ਦਿਲ ਦਿੱਤਾ ਗਿਆ ਸੀ ਜੇਹੜਾ ਸਭ ਦੁਖਾਂ ਕਸ਼ਟਾਂ ਨੂੰ ਕੁਛ ਭੀ ਨਹੀਂ ਜਾਣਦਾ ਸੀ ਜੇਹੜਾ ਕਿਸੇ ਭੀ ਕਠੋਰਤਾ ਔਖਜਾਈ ਪਾਸੋਂ ਡਰਨ ਵਾਲਾ ਨਹੀਸੀ ਕਿਸੇ ਬਿਪਤਾ ਸਮੇਂ ਘਬਰਾਉਨ ਵਾਲਾ ਨਹੀਂ ਸੀ ਅਤੇ ਕਿਸੇ ਕਸ਼ਟ ਵਿੱਚ ਦੁਖੀ ਹੋਣ ਵਾਲਾ ਨਹੀਂ ਸੀ ਓਹੁ ਅਜੇਹਾ ਦਿਲ ਸੀ ਕਿ ਹਿੰਦੂਆਂ ਵਿੱਚ ਹਜ਼ਾਰਾਂ ਵਰਿਹਾਂ ਥੀਂ ਉਤਪਤ ਨਹੀਂ ਸੀ ਹੋਯਾ ਗੁਰੂ ਜੀ ਨੂੰ ਇਸ ਦਿਲ ਨੇ ਉਛਾਲਿਆ ਪਰ ਮਸਾਲਾ ਕੰਮ ਕਰਨ ਦਾ ਮੌਜੂਦ ਨਹੀਂ ਸੀ ਤਾਂ ਦਿਲਨੇ ਉਕਸਾਯਾ ਪ੍ਰੰਤੂ ਕਿਤਨੀਆਂ ਕਠਨਤਾਈਆਂ ਦਾ ਸਾਹਮਣਾ ਸੀ ॥

ਓਹੁ ਚਾਹੁੰਦੇ ਸੇ ਕਿ ਆਪਣੇ ਪਿਤਾ ਦੇ ਖ਼ੂਨ ਦਾ ਬਦਲਾ ਤੇ ਕੌਮ ਦੇ ਦ੍ਰੋਹੀਆਂ ਦਾ ਸੱਤਿਆ ਨਾਸ ਕਰੀਏ ਉਨ੍ਹਾਂ ਦੀ ਐਨ ਖ੍ਵਾਹਸ਼ ਸੀ ਕਿ ਆਪਣੀ ਕੌਮ ਨੂੰ ਔਰੰਗਜ਼ੇਬਦੇ ਲੁੱਟ ਦੇ ਹੱਥੋਂ ਬਚਾਵੇ ਉਨ੍ਹਾਂ ਦੀ ਆਸ਼ਾਸੀ ਕਿ ਆਪਣੇ ਦੇਸ਼ ਤੇ ਧਰਮ ਨੂੰ ਉਸਵੇਲੇ ਦੇ ਪਾਪੀ ਬੁਰੇ ਭੈੜੇ ਹਾਕਮਾਂ ਪਾਸੋਂ ਬਚਾਦੇਵੇ ਪ੍ਰੰਤੂ ਦੇਸ਼ ਨਿਵਾ-

ਸ਼ੀਆਂ ਨੂੰ ਸਭਨੀ ਤਰੀਂ ਨਿਕੰਮਾਂ ਪਾਉਂਦਾਸੀ ਦੇਸੀ ਭਾਈ ਨਿਜਸ੍ਵਾਰਥੀ ਬਲ ਗਵਾਏ ਹੋਏ ਆਪਸ ਵਿਖੇ ਈਰਖਾ ਦ੍ਵੈਸ਼ ਤੇ ਨੁਕਸਾਂਨ ਵਿੱਚ ਰੁਝੇ ਹੋਏ ਵਿਸ਼ਈ ਪਾਮਰ ਮੈਤ੍ਰਤਾ ਤੇ ਆਪਣਤ ਭਾਵਥੀ ਕੋਹਾਂ ਦੂਰ ਬਲਹੀਨ ਗ਼ੈਰਤ ਤੇ ਲਿਹਾਜ਼ ਥੀਂ ਖ਼ਾਲੀ ਬਹਾਦੁਰੀ ਵਿੱਚ ਆਜਜ਼ ਸੇ ਕੋਈ ਚੀਜ਼ ਅਜੇਹੀ ਨਹੀਂ ਸੀ ਕਿ ਜਿਸਦੇ ਵਸੀਲੇ ਨਾਲ ਓਹੁ ਅਪਣੇ ਦੇਸੀ ਭਾਈਆਂ ਨੂੰ ਇੱਕ ਪਟੜੇ ਪਰ ਲੈਆਉਂਦੇ ਇਕੱਤ੍ਰਤਾ ਦੇ ਕੰਮ ਵਿੱਚ ਮਿਲਾਵੇ ਸਭਨੀ ਪਾਸੀਂ ਘਾਟੇ ਤੇ ਖ਼ਰਾਬੀ ਦੇ ਨਸ਼ਾਨ ਦ੍ਰਿਸ਼ਟੀ ਆ ਰਹੇ ਸੇ ਹਿੰਦੂ ਸਾਰੇ ਹੀ ਸ੍ਵਾਰਥਤਾ ਦੇ ਮੱਦ ਵਿੱਚ ਮਸਤ ਤੇ ਉਨ੍ਹਾਂ ਦੀ ਕੌਣ ਸੁਣਦਾ ਸੀ ਤੇ ਉਨ੍ਹਾਂ ਨਾਲ ਖੜੋਂਦਾ ਕੌਨ ਖਤ੍ਰੀ ਛਤ੍ਰੀ ਨਾਂ ਰਹੇ ਸਨ ਬ੍ਰਾਹਮਨ ਹੋਰਨਾਂ ਨੂੰ ਗਵਾਕੇ ਆਪ ਭੀ ਬੀਤੇ ਚੁਕੇ ਸੇ ਕਿਸੇ ਦੀ ਆਬਰੂ ਨਹੀਂ ਸੀ ਨਾਂਹੀ ਇਜ਼ਤ ਸੀ ਕਿਸੇ ਦੇ ਪਾਸ ਨਾਹੀਂ ਜਾਇਦਾਦ ਆਪਨੀ ਸੀ ਬੇਚੈਨੀ ਹਰ ਸਮੇ ਡਰ ਓਧਰ ਤਾਂ ਇਹੁ ਸਮਾਚਾਰ ਸੀ ਇਧਰ ਗੁਰੂ ਗੋਬਿੰਦ ਸਿੰਘ ਜੀ ਦੇ ਨੌਜੁਵਾਨ ਚਿਤ ਵਿਖੇ ਦੇਸ਼ ਦੇ ਪਿਆਰ ਦਾ ਰੋੜ ਧਰਮ ਦੇ ਜੋਸ਼ ਦਾ ਚੜਾਓ ਦੇਸੀ ਭਰਾਵਾਂ ਦੇ ਬਦਲੇ ਲੈਣ ਲਈ ਗੁੱਸਾ ਕੌਮੀ ਹਮੀਅਤ ਦਾ ਝਗੜਾ ਦੇਸੀ ਧਰਮ ਦੇ ਲੋਕਾਂ ਨੂੰ ਮੁਸੀਬਤਾਂ ਥੀਂ ਛੁਡਾਉਨ ਲਈ ਉਮੰਗਾਂ ਦੇਸ਼ ਨੂੰ ਮਲੇਛਾਂ ਪਾਸੋਂ ਛੁਡਾਉਨ ਲਈ ਚਾਹੁ ਸੀ ਪ੍ਰੰਤੂ ਨਾਲ ਹੀ ਇਸਦੇ ਉਨ੍ਹਾਂ ਦੀ ਛੋਟੀ ਉਮਰਾ ਬੇਸਾਮਾਨੀ ਬੇਆਸੀ ਨਾਂਤਜਰਬਾਕਾਰੀ ਸਭਨਾਂ ਪਾਸਿਆਂ

ਵਲੋਂ ਮਦਦ ਤੇ ਭਰੋਸੇ ਦੀਨਾਂ ਉਮੈਦੀ ਸੀ ਪਾਠਕੋਂ ਜ਼ਰਾ ਸੋਚਨਾਂ ਉਸ ਨੌਜਵਾਂਨ ਦੇ ਚਿਤ ਵਿਖੇ ਕੌਮੀ ਪਿਰਾਰ ਦਾ ਜੋਸ਼ ਉਬਲ ਉਬਲਕੇ ਕਿਸਤ੍ਰਾਂ ਠੰਢਾ ਹੋਜਾਂਦਾ ਹੋਵੇਗਾ ਜਦਕਿ ਉਨ੍ਹਾਂ ਨੂੰ ਕੌਮ ਦੀ ਅਸ਼ਕਤਤਾ ਕਮਰ ਹਿੰਮਤ ਬੰਨਣੋਂ ਰੋਕਦੀ ਹੋਵੇਗੀ ਉਨ੍ਹਾਂ ਦੇ ਚਿੱਤ ਦੀਆਂ ਉਮੰਗਾਂ ਦੀਆਂ ਲੈਹਰਾਂ ਉਠ ਉਠ ਕੇ ਕਿਸਤਰਾਂ ਪਾਣੀ ਦੇ ਬੁਲਬੁਲੇ ਵਾਂਗੂ ਨਾਸ਼ ਹੋ ਜਾਂਦੀਆਂ ਹੋਣਗੀਆਂ ਜਦ ਉਨ੍ਹਾਂ ਨੂੰ ਆਪਣੇ ਦੇਸੀਆਂ ਪਾਸੋਂ ਹੀ ਨਿਰਾਸਤਾ ਦ੍ਰਿਸ਼ਟੀ ਆਉਂਦੀ ਹੋਵੇਗੀ ਪ੍ਰੰਤੂ ਉਨ੍ਹਾਂ ਨੂੰ ਅਜੇਹਾ ਦਿਲ ਨਹੀਂ ਸੀ ਦਿੱਤਾ ਗਿਆ ਜੋ ਬਿਪਤਾ ਥੀਂ ਡਰੇ ਨਿਰਾਸਤਾ ਵਿਚ ਘਬਰਾਵੇ ਤੇ ਔਖਜਾਈ ਨੂੰ ਦੇਖਕੇ ਪਿਛਾਹਾਂ ਹਟੇ ਦੁੱਖਾਂ ਦਾ ਸਾਹਮਣਾਂ ਕਰਨੋਂ ਨਠੇ ਨਿਰਾਸਤਾ ਵਿਖੇ ਮੁਰਝਾ ਜਾਵੇ ਮੁਸੀਬਤਾਂ ਤੇ ਕੰਮਾਂ ਥੀਂ ਜੀ ਚੁਰਾਵੇ ਆਪਣੇ ਨਾਲੋਂ ਬੇਸ਼ ਵਡੇ ਬਲ ਵਾਲੇ ਦਾ ਮੁਕਾਬਲਾ ਕਰਨੋਂ ਡਰੇ ਇਸ ਕਰਕੇ ਉਨ੍ਹਾਂ ਨੇ ਹਿੰਦੂਆਂ ਦੇ ਧਰਮ ਤੇ ਦੇਸ਼ ਦੇ ਹਾਲ ਵਲ ਚੰਗੀ ਤਰਾਂ ਦੇਖ ਕੇ ਵਿਚਾਰਿਆ ਹਰ ਪਾਸੇ ਵਲ (ਗੈਹਰੀ) ਡੂੰਘੀ ਦ੍ਰਿਸ਼ਟੀ ਫੇਰੀ ਤਾਂ ਉਨ੍ਹਾਂ ਨੂੰ ਹਿੰਦੂ ਸਭਨੀ ਪਾਸੀਂ ਘੇਰੇ ਹੋਏ ਦਿਖਾਈ ਦਿੱਤੇ ਸੋ ਹੇਠਲੀਆਂ ਗਲਾ ਅਜੇਹੀਆਂ ਸੇ ਕਿ ਜਿਨ੍ਹਾਂ ਪਰ ਉਨ੍ਹਾਂ ਦਾ ਧਿਆਨ ਆਵਸ਼ਜ ਹੋਣਾ ਚਾਹੀਦਾ ਸੀ ਤੇ ਇਹੁ ਅਜੇਹੇ ਸ੍ਵਾਲ ਸੇ ਕਿ ਉਨ੍ਹਾਂ ਦੇ ਹੱਲ ਕਰਨ ਪਰ ਹੀ ਹਿੰਦੂਆਂ ਦੀਆਂ ਔਖਜਾਈਆਂ ਦੀ ਗੰਢ ਖੁਲ੍ਹ ਸੱਕਦੀ ਸੀ ॥

ਉਹ ਪ੍ਰਸ਼ਨ ਕੇਹੜੇ ਸੇ ਜਿਨ੍ਹਾਂ ਪਰ ਹਿੰਦੂਆਂ ਦੀ ਸਲਾਹਦਾ ਮਦਾਰ ਸੀ

ਓਹੁ ਪ੍ਰਸ਼ਨ ਇਹੁ ਸੇ

(੧) ਇੱਕ ਅਕਾਲ ਪੁਰਖ ਪ੍ਰਮਾਤਮਾਂ ਈਸ਼੍ਵਰ ਦੀ ਭਗਤੀ ਛੱਡਕੇ ਜੇਹੜੇ ਬੇਅੰਤ ਦੇਵਤੇ, ਮੂਰਤਾਂ ਔਤਾਰਾਂ, ਪੁਰਖਾਂ, ਜਾਂਨਵਰਾਂ, ਪੱਥਰਾਂ, ਬ੍ਰਿਛਾਂ ਦੀ ਪੂਜਾ ਕਰਦੇ ਹਨ ਜਿਨ੍ਹਾਂ ਦੇ ਕਾਰਨ, ਕੌਮ ਦੀ ਕੌਮੀਅਤ ਦੀ ਲੜੀ ਟੁੱਟ ਕੇ ਹਿੰਦੂ ਬਿਲਕੁਲਹੀ ਵਿਥਰ ਗਏ ਹਨ ਤੇ ਸਰੀਰਕ, ਅਤੇ ਆਤਮਕ ਦਾਸਤ ਭਾਵ ਵਿਖੇ ਗ੍ਰਸਤ ਹੋਕੇ ਆਪਣੀ ਹਸਤੀ ਦੇ ਮੇਟਨ ਦੇ ਚਿਹਨ ਪ੍ਰਗਟ ਕਰ ਰਹੇ ਹਨ ਉਨਾਂ ਨੂੰ ਕਿਸੇ ਤ੍ਰੀਕੇ ਨਾਲ ਬਿਨਾਂ ਪ੍ਰਮੇਸ਼੍ਵਰ ਹੋਰਨਾਂ ਦੀ ਪੂਜਾ ਤੇ ਭਰੋਸੇ ਵਲੋਂ ਹਟਾਕੇ ਇੱਕ ਈਸ਼੍ਵਰਦੀ ਭਗਤੀ ਪਰ ਲਿਆਂਦਾ ਜਾਵੇ ॥

(੨) ਹਿੰਦੂ ਜੋ ਰੋਜ਼ਰੋਜ਼ ਸ਼ਰੀਰਕ ਆਤਮਕ ਬੁਧ ਇਖ਼ਲਾਕੀ ਵਿਦਜਾ ਆਦਿਕਾਂ ਵਲੋਂ ਘਾਟਾ ਕਰ ਰਹੇ ਹਨ ਉਨ੍ਹਾਂ ਦੀ ਘਾਟੇ ਦੀ ਚਾਲ ਨੂੰ ਰੋਕ ਕੇ ਕਿਸ ਤ੍ਰੀਕੇ ਨਾਲ ਉਨ੍ਹਾਂ ਨੂੰ ਉੱਨਤੀ ਦੇ ਖੇਤ ਵਿਖੇ ਖੜਾ ਕੀਤਾ ਜਾਵੇ ॥

(੩) ਓਹੁ ਕੇਹੜੇ ਕਾਰਨ ਸੇ ਕਿ ਜੇਹੜੇ ਹਿੰਦੂਆਂ ਵਿਖੇ ਵਿਰੋਧ ਦ੍ਵੈਖ ਬਲਹੀਨ ਇੱਕ ਦੂਸਰੇ ਦੀ ਵਿਰੋਧਤਾਈ ਦਾ ਕਾਰਨ ਹਨ ਕਿ ਜਿਨ੍ਹਾਂ ਨੂੰ ਹਟਾਕੇ ਉਨ੍ਹਾਂ ਨੂੰ ਅਜੇਹੇ ਜੋਗ ਬਨਾਯਾ ਜਾਵੇ

ਕਿ ਉਨ੍ਹਾਂ ਵਿੱਚ ਇੱਕ ਭਾਈ ਚਾਰਾ ਬਨਾਕੇ ਇੱਕ ਕੌਮ ਬਨ ਜਾਂਨ ਤੇ ਉਨਾਂ ਵਿਚ ਕੋਈ ਇਕ ਗ਼ਰਜ਼ ਸਾਂਝੀ ਮੁਕਰਰ ਕੀਤੀ ਜਾਵੇ ॥

(੪) ਇਸਲਾਮ ਦੇ ਬਲ ਨੂੰ ਕਿਸਤ੍ਰਾਂ ਨਾਲ ਬਲਹੀਨ ਕੀਤਾ ਜਾਵੇ ਤੇ ਉਨ੍ਹਾਂ ਦੀ ਹਕੂਮਤ ਥੀਂ ਕਿਸਤ੍ਰਾਂ ਨਾਲ ਹਿੰਦੂਆਂ ਨੂੰ ਛੁਡਾਯਾ ਜਾਵੇ ॥

ਅਰਥਾਤ ਹਿੰਦੂਆਂ ਵਿੱਚ ਇਕ ਅਕਾਲ ਤੇ ਬੀਜ ਕੌਮੀ ਅਤੇ ਕੌਮੀਅਤ ਕਿਸਤ੍ਰਾਂ ਉਤਪਤ ਕੀਤੀ ਜਾਵੇ ਤੇ ਇਸਲਾਮ ਦਾ ਜੰਜੀਰ ਦਾਸਤ ਭਾਵ ਵਾਲਾ ਕਿਸਤ੍ਰਾਂ ਹਿੰਦੂਆਂ ਦੇ ਗਲੋਂ ਲਾਹਿਆ ਜਾਵੇ ਇਸ ਵਿਖੇ ਕੋਈ ਸੰਦੇਹ ਨਹੀਂ ਕਿ ਇਨ੍ਹਾਂ ਸ੍ਵਾਲਾਂ ਪਰ ਪੈਹਲੇ ਕੁਛ ਨਾਂ ਕੁਛ ਵਿਚਾਰਿਆ ਗਿਆ ਹੋਵੇ ਪ੍ਰੰਤੂ ਅਜੇਹੇ ਤ੍ਰੀਕੇ ਪਰ ਉਸਥੀਂ ਕੁਛ ਲਾਭ ਨਾ ਹੋਯਾ ॥

ਜੋ ਕੁਛ ਪੈਹਲੇ ਪ੍ਰਸ਼ਨ ਦੇ ਹਲ ਕਰਨੇ ਵਿਖੇ ਕੋਸ਼ਸ਼ ਕੀਤੀ ਗਈ ਸਗੋਂ ਉਸਦੇ ਕਾਰਨ ਵਿਰੋਧਤਾਈ ਦਾ ਘੇਰਾ ਵਧਦਾ ਹੀ ਗਿਆ ਘਟਿਆ ਨਾਂ ਜੇਹੜਾ ਆਯਾ ਉਸਨੇ ਨਵਾਂਹੀ ਤ੍ਰੀਕਾ ਚਲਾਯਾ ਨਵਾਂਹੀ ਰਾਹੁ ਦੱਸਿਆ ਤੇ ਪੈਹਲਿਆਂ ਨਾਲੋਂ ਵਖ ਕਰ ਦਿੱਤਾ ਏਸੇ ਗਲ ਦੇ ਹੋਣ ਕਰਕੇ ਕਈ ਫ਼ਿਰਕੇ ਫ਼ਿਰ-ਕਿਆਂ ਵਿਚੋਂ ਨਿਕਲ ਖਲੋਤੇ ਤੇ ਇਕ ਦੂਸਰੇ ਦਾ ਤਮਾਸ਼ਾ ਦੇਖਣ ਵਿਖੇ ਲਗੇ ਰਹੇ ਇਹੁ ਧਿਆਂਨ ਕਦੇ ਭੀ ਨਾਂ ਆਯਾ ਕਿ ਮਿਲਕੇ ਕੰਮ ਕਰੀਏ ਮਜ਼ਹਬੀ ਦਾਵੇ ਦਾ ਫ਼ਰਕ ਰਖਦੇ ਸੇ

ਅਥਵਾ ਪੁਲੀਟੀਕਲ ਫ਼ਰਕ ਵਿਖੇ ਭੀ ਪਏ ਹੋਏ ਅਜੇਹੇ ਵੈਰੀ ਦਾ ਇਕਤ੍ਰ ਹੋ ਕਰਕੇ ਮੁਕਾਬਲਾ ਕਰੀਏ ਜੋ ਸਭਨਾਂ ਦੇ ਲਹੂ ਨ੍ਹਾਉਨਵਾਲਾ ਹੈ ਬੁਧ ਦੀ ਕਥਾ ਵਿਖੇ ਹਿੰਦੂ ਵੈਦਕ ਧਰਮ ਦੇ ਮਧਜਸਥਾਨ ਥੀਂ ਭੀ ਦੂਰ ਦਲੇ ਗਏ ਤੇ ਕਈਆਂ ਪਾਸਿਆਂ ਨੂੰ ਧਾਏ ਇਸ ਲਈ ਮੁਸਲਮਾਨਾਂ ਨੇ ਇੱਕ ਇੱਕ ਕਰਕੇ ਸਭਨਾਂ ਨੂੰ ਮਾਰਜਾ, ਲਤਾੜਿਆ, ਫ਼ਰਕ ਕੇਵਲ ਐਨਾਂਹੀ ਸੀ ਕਿ ਤਮਾਸ਼ਾ ਵੇਖਨ ਵਾਲਿਆਂ ਨੂੰ ਬਿਪਤਾ ਦੀ ਵਾਰੀ ਜ਼ਰਾਕੁ ਚਿਰਾਕੀ ਆਈ ਕਿਸੇ ਇੱਕ ਗਲ ਪਰ ਭਰੋਸੇ ਵਾਲੇ ਨਹੀ ਸੇ ਸਭ ਆਪੋ ਆਪਣੇ ਧਰਮ ਨੂੰ ਵੇਦਾਂ ਥੀਂ ਹੀ ਕੱਢਿਆ ਜਾਣਦੇ ਸੇ ਪ੍ਰੰਤੂ ਫੇਰ ਭੀ ਇੱਕ ਦੂਸਰੇ ਨਾਲ ਵਿਰੋਧਤਾਈ ਤੇ ਮੈਤ੍ਰਤਾ ਨਾਂ ਕਰਦੇ ਜਿਸ ਕਰਕੇ ਓਹੁ ਗੁਲਾਮੀ ਦਾ ਫਲ ਭੋਗਦੇ ਅੱਗੇ ਵਧਕੇ ਹੋਰ ਔਖਜਾਈ ਪੁਲੀਟੀਕਲ ਗੁਲਾਮੀ ਵਿਖੇ ਬੰਨਵਾਯਾ ਪੁਲੀਟੀਕਲ ਗੁਲਾਮੀ ਦਾ ਹੀ ਫਲ ਹੈਸੀ ਕਿ ਓੜਕ ਨੂੰ ਇਥੋਂ ਤਾਂਈ ਕੌਮ ਦੀ ਹਾਲਤ ਆਨ ਪੌਹਚੀ ਸੀ ਕਿ ਹੁਣ ਹਿੰਦੂ ਧਰਮ ਤੇ ਕੌਮ ਦਾ ਨਾਮ ਨਿਸ਼ਾਨ ਇਸ ਧਰਤੀ ਥੀਂ ਮਿਟਨ ਵਾਲਾ ਹੋਗਿਆਸੀ ਨਾਂ ਧਰਮ ਵਿਖੇ ਬਲ ਰਿਹਾਸੀ ਕਿ ਕਈ ਵਿਥਰੇ ਹੋਏ ਫ਼ਿਰਕਿਆਂ ਨੂੰ ਇਕਤ੍ਰ ਕਰੇ, ਨਾਂ ਬਲ ਸੀ ਕਿ ਮੁਕਾਬਲਾ ਕਰਦੇ, ਨਾਂ ਰੁਪਯਾ ਸੀ, ਨਾਂਹੀ ਆਦਮੀ ਸੇ ਇਸ ਵਾਸਤੇ ਮਿਲਨਸਾਰੀ, ਧਰਮੀ, ਰਸਮਾਂ ਭੀ ਸਲਾਹ ਦੇ ਮੁਹਤਾਜ ਸੇ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਮਣੇ ਚੌਥੇ

ਸੁਆਲ ਹਲ ਕਰਨੇ ਦੇ ਲਈ ਹਿੰਦੂਆਂ ਵਿਖੇ ਮਸਾਲਾਹੀ ਨਹੀਂ ਸੀ ਇਸੇ ਮਸਾਲੇ ਦੇ ਲਾਭ ਲਈ ਓਹ ਹੈਰਾਨ ਸਨ ਕਿ ਕੀਹ ਕੀਤਾ ਜਾਵੇ ਮਜ਼ਹਬ ਦੀ ਵਲ ਉਨ੍ਹਾਂ ਨੇ ਦ੍ਰਿਸਟੀ ਫੇਰੀ ਤਾਂ ਰੋਕਾਂ ਸਾਹਮਣੇ ਤਿਆਰ ਸਨ ਸੋਸ਼ਲ ਇਸਲਾਹ ਪਰ ਦ੍ਰਿਸਟੀ ਕੀਤੀ ਤਾਂ ਡਰ ਨਾਲ ਭਰਪੂਰ, ਪੁਲੀਟੀਕਲ ਖੇਤ ਵਿਖੇ ਪੈਰੋ ਪੈਰ ਠੋਕਰਾਂ ਖਾਂਣ ਦੇ ਸਾਮਾਂਨ ਭਰੇ ਪਏ ਸੇ, ਪ੍ਰੰਤੂ ਫੇਰ ਭੀ ਉਨ੍ਹਾਂ ਨੇ ਆਪਣੇ ਆਪ ਨੂੰ ਉਨ੍ਹਾਂ ਤਕਲੀਫ਼ਾਂ ਦੇ ਸਹਾਰਨੇ ਲਈ ਤਿਆਰ ਕੀਤਾ ਹਿੰਦੂ ਕੌਮ ਦਾ ਜੇਹੜਾ ਖ਼ੂਨ ਗ਼ੈਰਤ ਤੇ ਹਿੰਮਤ ਦਾ ਠੰਢਾ ਹੁੰਦਾ ਜਾਂਦਾ ਸੀ ਉਸ ਵਿੱਚ ਫੇਰ ਗਰਮੀ ਉਤਪਤ ਕਰਨ ਦਾ ਉਦੇਸ਼ ਉਨ੍ਹਾਂ ਨੇ ਤਿਆਰ ਕੀਤਾ ਗੁਰੂ ਗੋਬਿੰਦ ਸਿੰਘ ਜੀ ਸੂਰਮਾ ਖੇਤ ਦਾ ਬਨਕੇ ਅਕੱਲਾਹੀ ਸਭ ਜੀਵ ਕੁਚਲ ਡਾਲਨੇ ਵਾਲੇ ਵਿਰੁਧ ਦੋਖੀਆਂ ਥੀਂ ਬਦਲੇ ਲੈਣ ਲਈ ਸਾਹਮਣੇ ਤਲਵਾਰ ਢਾਲ ਲੈਕੇ ਨਿਕਲ ਖੜੋਤਾ ॥

ਕਿਸ ਚੀਜ਼ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਉਭਾਰਿਆ

ਸਮੇ ਦੇ ਹਾਲ ਪਰ ਦ੍ਰਿਸ਼ਟੀ ਕਰੋ ਇਕ ਮਾਮੂਲੀ ਪੁਰਖ ਯਾ ਇਹ ਆਖੋ ਇਕ ਸਾਧੂ ਤਪਸੀ ਜਿਸਦੇ ਪਾਸ ਨਾਂ ਮਾਯਾ, ਨਾਂ ਬਲ, ਨਾਂ ਆਦਮੀ, ਨਾਂ ਸਾਮਾਂਨ, ਨਾਂ ਇਕ ਵਿੱਘਾ ਭਰ ਧਰਤੀ ਪਰੰਤੂ ਉਸ ਪਾਸ ਇੱਕ ਚੀਜ਼ ਸੀ ਜੇਹੜੀ ਐਸੀ ਬੇਸਮਾਨੀ

ਵਿੱਚ ਭੀ ਉਸਨੂੰ ਸੰਪੂਰਨਤਾ ਵਲ ਸਦਦੀ ਸੀ ਉਨ੍ਹਾਂ ਦੇ ਹੌਸਲੇ ਨੂੰ ਉਭਾਰਦੀ ਸੀ ਉਨ੍ਹਾਂ ਦੀ ਹਿੰਮਤ ਵਿੱਚ ਗਰਮ ਲਹੂ ਪਾਉਂਦੀ ਸੀ, ਓਹ ਕੀਹ ਚੀਜ਼ਸੀ ਦੇਸ਼ ਭਗਤੀ (ਹੁਬਉਲ ਵਤਨੀ) ਦੀਆਂ ਚਿੰਗਾੜੀਆਂ ਤੇ ਖਤ੍ਰੀ ਧਰਮ ਦੀ ਜ਼ਿਮੇਵਾਰੀ,ਰਾਮਚੰਦ੍ਰ ਜੀ ਦੇ ਕਾਰਨਾਮੇਂ ਬੜੀ ਵਡਿਆਈ ਤੇ ਖ਼ੁਸ਼ੀ ਨਾਲ ਅਜ ਤਕ ਯਾਦ ਕੀਤੇ ਜਾਂਦੇ ਹਨ ਪ੍ਰੰਤੂ ਸ੍ਰੀ ਰਾਮ ਚੰਦ੍ਰ ਨੇ ਜੋ ਕੁਛ ਕੀਤਾ ਇੱਕ ਅਜੇਹੇ ਸਮੇ ਵਿਖੇ ਕੀਤਾ ਸੀ ਕਿ ਸਾਰੇ ਹਿੰਦੁਸਤਾਂਨ ਵਿਖੇ ਹਿੰਦੂ ਰਾਜ ਧਾਨੀਆਂ ਸਨ ਧਰਮ ਅਥਵਾ ਦੇਸ਼ ਕਿਸੇ ਡਰ ਵਿਖੇ ਨਹੀਂ ਸੀ ਓਹੁ ਆਪ ਰਾਜਾ ਸੀ ਤੇ ਹਰਭਾਂਤ ਦਾ ਸਾਮਾਂਨ ਰਖਦਾਸੀ ਨੇੜੇ ਤੇੜੇ ਦੇ ਰਾਜੇ ਸਾਰੇ ਹੀ ਇਸ ਦੇ ਨਾਲ ਮਿਲ ਗਏ ਸੇ ਇਨੀਆਂ ਗਲਾਂ ਦੇ ਹੋਣ ਪਰ ਭੀ ਕੋਈ ਨਹੀਂ ਆਖ ਸਕਦਾਸੀ ਕਿ ਉਸਦੀ ਫ਼ੌਜਕਸ਼ੀ ਲੰਕਾ ਪਰ ਦੇਸ਼ ਭਗਤੀ ਦੇ ਕਾਰਨ ਹੋਈ ਸੀ, ਨਾਂਹੀ ਦੇਸ਼ ਭਗਤੀ ਦਾ ਕੋਈ ਲਗਾਉਹੀ ਸੀ ਨਿਰਸੰਦੇਹ ਉਸਨੇ ਸ਼ਸਤ੍ਰੀ ਧਰਮ ਨੂੰ ਪੂਰਾ ਕੀਤਾ ਤੇ ਪਾਪੀ ਰਾਵਨ ਨੂੰ ਜੇਹੜਾ ਉਸਦੀ ਇਸਤ੍ਰੀ ਨੂੰ ਬਦੋ ਬਦੀ ਖੋਹਕੇ ਲੈਗਿਆਸੀ ਉਸਨੂੰ ਕਰਮਾਂ ਦਾ ਫਲ ਜੰਗ ਭੂਮ ਵਿਖੇ ਮਾਰਕੇ ਭੁਗਤਾਯਾ ਇਹੁ ਕੋਈ ਵਡਾ ਕੰਮ ਨਹੀਂ ਸੀ ਪ੍ਰੰਤੂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਕੌਮ, ਦੇਸ਼ ਦੀਆਂ ਲਖਾਂ ਇਸਤ੍ਰੀਆਂ ਦੇ ਖੁਸਜਾਣ ਦੇ ਸੋਗ ਵਿੱਚ ਤੇ ਦੂਸਰੇ ਪੁਰਖਾਂ ਦੀ ਭਲਿਆਈ ਵਾਸਤੇ

ਰਣਭੂਮ ਵਿੱਚ ਝੰਡਾ ਗੱਡਿਆ ॥
ਕ੍ਰਿਸ਼ਨ ਜੀ ਦੇ ਸਭ ਜੰਗ ਜੁਧ ਸ੍ਵਾਰਥ ਦੇ ਬਦਲਿਆਂ ਦੇ ਲੈਣ ਲਈ ਸੇ ਕ੍ਰਿਸ਼ਨ ਦੀ ਬੁੱਧ ਨੂੰ ਅਡਰੀ ਰਖਕੇ ਦੇਸੀ ਕਾਰਨਾ-ਮਿਆਂ ਵਲ ਜੇ ਦ੍ਰਿਸ਼ਟੀ ਕਰੀਏ ਤਾਂ ਓਸਦੇ ਸਾਰੇ ਕੰਮ ਬਦਲੇ ਹੀ ਲੈਣ ਵਾਸਤੇ ਜਾਣੇ ਜਾਂਦੇ ਹਨ ਕੰਸ ਨੂੰ ਇਸ ਵਾਸਤੇ ਮਾਰਿਆ ਜੋ ਸੀ ਓਹੁ ਉਸਦੇ ਬੰਸ ਨੂੰ ਨਾਸ਼ ਕਰਨਾ ਚਾਹੁੰਦਾਸੀ ਤੇ ਕ੍ਰਿਸ਼ਨ ਜੀ ਨੂੰ ਭੀ ਮਾਰਨਾਂ ਚਾਹੁੰਦਾਸੀ ਸੋ ਕ੍ਰਿਸ਼ਨ ਨੇ ਅਪਣੇ ਬਚਾਉ ਦੇ ਵਾਸਤੇ ਤਲਵਾਰ ਫੜੀਸੀ ਤੇ ਚੰਗੀ ਤਲਵਾਰ ਚਲਾਈ, ਰਾਜੇ ਜਰਾਸੰਧ ਨੂੰ ਪਾਂਡਵਾਂ ਦੇ ਨਾਲ ਮਿਲਕੇ ਉਨ੍ਹਾਂ ਦੀ ਸਹਾਇਤਾ ਨਾਲ ਪਛਾੜਿਆ ਕਿਉਂਕਿ ਜਰਾਸੰਧ ਨੇ ਕ੍ਰਿਸ਼ਨ ਦੇ ਖ਼ਾਨਦਾਨ ਯਾਦਵਾਂ ਉਪਰ ਕੰਸਦੇ ਮਾਰਨ ਦੇ ਬਦਲੇ ੧੮ ਵਾਰੀ ਲੜਾਈ ਕਰਨ ਲਈ ਹੱਲਾ ਕੀਤਾ ਸੀ ਤੇ ਕ੍ਰਿਸ਼ਨ ਨੂੰ ਦੇਸ ਨਿਕਾਲੇ ਦੇਣ ਲਈ ਤਿਆਰ ਕਰ ਦਿੱਤਾ ਸੀ ਕਿ ਜਿਸ ਦੇਸ ਨਿਕਾਲੇ ਦਾ ਫਲ ਕ੍ਰਿਸ਼ਨ ਦਾ ਗੁਜਰਾਤ ਦੇਸ਼ ਵਿੱਚ ਦ੍ਵਾਰਕਾ ਦਾ ਆਬਾਦ ਕਰਨਾਂ ਤੇ ਓੜਕ ਨੂੰ ਓਥੇ ਯਾਦਵਾਂ ਦੀ ਖ਼ਾਨਦਾਨ ਦੀ ਰਾਜਧਾਨੀ ਕਾਇਮ ਕਰਨਾਸੀ ਇਹੁ ਸਭ ਵਾਰਤਾ ਸਚਮੁਚ ਖਤ੍ਰੀ ਧਰਮ ਪਾਲਨ ਦਾ ਨਮੂਨਾ ਪੂਰਾ ਹਨ ਪਰਤਾਂ ਭੀ ਓਸਦੇ ਅੰਦਰ ਤਾਂ ਸ੍ਵਾਰਥੀ ਬਦਲੇ ਲੈਣੇ ਭਰਪੂਰ ਸੇ ਮੰਨਿਆਂ ਕਿ ਜਰਾਸੰਧ ਬੜਾ ਜ਼ਾਲਮ ਸੀ ਤੇ ਕੰਸ ਭੀ ਬੜਾ ਦ੍ਰੋਹੀ ਸੀ ਤੇ ਜ਼ਾਲਮਾਂ ਨੂੰ

ਦੰਡ ਦੇਣਾਂ ਖਤ੍ਰੀਆਂ ਦਾ ਸ਼ਸਤ੍ਰ ਬੰਨ ਕੇ ਐਨ ਧਰਮਸੀ ਪ੍ਰੰਤੂ ਉਸ ਵਿੱਚ ਦੇਸ਼ ਭਗਤੀ ਦਾ ਪ੍ਰਸ਼ਨ ਨਹੀਂ ਮਿਲਦਾਸੀ ਭਲਾ ਜੇਕਰ ਇਹੁ ਗਲ ਇਕ ਬਿਸਵੇ ਮੰਨੀ ਭੀ ਜਾਵੇ ਕਿ ਕ੍ਰਿਸ਼ਨ ਜੀਦੇ ਕਰਮ ਕਰਨੇ ਦੇਸ਼ ਭਗਤੀ ਪਰ ਸਨ ਤਾਂ ਭੀ ਉਸਦੇ ਵੇਲੇ ਪਰ ਦ੍ਰਿਸ਼ਟੀ ਕਰੋ ਓਹੁ ਆਪ ਰਾਜਾ ਸੀ ਰਾਜਿਆਂ ਦੀ ਖ਼ਾਨ ਦਾਨ ਵਿੱਚੋਂ ਸੀ ਗੁਜਰਾਤ ਵਿੱਚ ਉਸਦੀ ਪੱਕੀ ਰਾਜਧਾਨੀ ਸੀ ਕਈ ਖਤ੍ਰੀ ਰਾਜੇ ਉਸਦੇ ਸਹਾਇਤੀ ਤੇ ਸੰਨਬੰਧੀ ਸੇ ਪਾਂਡਵਾਂ ਦੀ ਬੜੀ ਭਾਰੀ ਰਾਜਧਾਨੀ ਓਸਦੀ ਸਹਾਇਤਾ ਕਰਨ ਵਾਲੀ ਸੀ ਇਨ੍ਹਾਂ ਗਲਾਂ ਕਰਕੇ ਜੋ ਕੁਛ ਕ੍ਰਿਸ਼ਨ ਨੇ ਕੀਤਾ ਓਹ ਇਕ ਮਾਮੂਲੀ ਰਾਜੇਦੇ ਕਾਰਨਾਮਿਆਂ ਨਾਲੋਂ ਕੁਛ ਵਿਸ਼ੇਸ ਨਹੀਂ ਸੀ ਕਿਉਂਕਿ ਦੇਸ਼ ਆਪਣਾ ਸੀ ਦੇਸ਼ ਖਤ੍ਰੀਆਂ ਦੇ ਹੁਕਮ ਅਨੁਸਾ-ਰਸੀ, ਚੰਗਾ ਸਮਾ ਸੀ, ਨਿਰਸੰਦੇਹ ਉਸਨੇ ਆਪਣੀ ਬੁਧ ਚਾਤ੍ਰਤਾਈ ਨਾਲ ਬੜੀ ਡਰਾਉਣੀ ਅਵਸਥਾ ਤਿਆਗ ਕੇ ਰਾਗ ਦੇ ਰੋਗ ਨੂੰ ਰਸਨਾ ਤੇ ਬੁਧਦੇ ਬਲ ਨਾਲ ਮਿਟਾ ਦਿੱਤਾ ਨਹੀਂ ਤਾਂ ਖਤ੍ਰੀ ਧਰਮ ਚਿਰਾਂ ਦਾ ਨਾਸ ਹੋਗਿਆ ਹੁੰਦਾ ਪ੍ਰੰਤੂ ਗੁਰੂ ਗੋਬਿੰਦ ਸਿੰਘ ਜੀ ਦਾ ਕੰਮ ਉਸ ਨਾਲੋਂ ਬੜਾ ਨਾਜ਼ਕ ਤੇ ਬੜਾਹੀ ਕਠਿਨ ਕਠੋਰ ਸੀ ਦੇਸ਼ ਭਗਤੀ ਦੇ ਪ੍ਰਸ਼ਨ ਨੂੰ ਲੰਘਕੇ ਗੁਰੂ ਗੋਬਿੰਦ ਸਿੰਘ ਜੀ ਕ੍ਰਿਸ਼ਨ ਨੂੰ ਪਿਛੇ ਛੱਡ ਗਏ ਸੇ ਹਾਲ ਸ਼ੰਕਰਾਚਾਰਜ ਦਾ ਹੈ ਉਸਦੇ ਸਹਾਇਤੀ ਭੀ ਖਤ੍ਰੀ ਰਾਜੇ ਸੇ ਖਤ੍ਰੀ ਰਾਜਿਆਂ ਦੇ ਬਲ ਦੇ ਆਸਰੇ ਜੋ ਬੁਧ ਧਰਮ ਦੇ

ਰਾਜਿਆਂ ਨਾਲ ਜੁਧ ਜੰਗ ਕਰਕੇ ਫਿਰ ਸੰਭਲਨ ਲਗੇ ਸੇ ਸ਼ੰਕਰ ਨੇ ਵਿੱਦਯਾ ਬਲ ਨਾਲ ਬੁਧਦੇ ਵਿਦਵਾਨਾਂ ਨੂੰ ਜਿਤਨਾਂ ਆਰੰਭ ਕੀਤਾ ਸੀ ਜੇਕਰ ਰਾਜੇ ਉਸਦੇ ਸਹਾਇਤਾ ਕਰਨਵਾਲੇ ਨਾਂ ਹੁੰਦੇ ਤਾਂ ਅਸ਼ੰਭਵ ਬਾਤ ਸੀ ਕਿ ਸ਼ੰਕਰ ਲੋਗਾਂ ਦੇ ਖ਼ਿਯਾਲ ਨੂੰ ਵਟਾ ਦੇਦਾ ਸ਼ੰਕਰ ਵਿਦਯਾ ਦੇ ਬਲ ਨਾਲ ਲੋਕਾਂ ਨੂੰ ਬੁਧ ਧਰਮ ਥੀਂ ਹਟਾਕੇ ਹਿੰਦੂ ਧਰਮ ਵਲ ਲਗਾਂਉਦਾ ਸੀ ਤੇ ਹਿੰਦੂ ਰਾਜੇ ਉਸਦੀ ਪਿਠ ਪਰ ਸੇ ਪ੍ਰੰਤੂ ਗੁਰੂ ਗੋਬਿੰਦਸਿੰਘ ਜੀ ਬੇਸਾਮਾਂਨੇ ਤੇ ਬੇਮਦਦਗਾਰ ਸੀ ਤੇ ਸਗੋਂ ਹਿੰਦੂ ਹੀ ਉਸਦੇ ਵਿਰੋਧੀ ਸਨ ਅਰਬ ਦੇ ਪੈਗ਼ੰਬਰ ਦੇ ਸਾਹਮਣੇ ਕੌਮ ਕੁਰੇਸ਼ ਦੇ ਕਈ ਇੱਕ ਕਬੀਲੇ ਮਦਦਗਾਰ ਸੇ ਪ੍ਰੰਤੂ ਗੁਰੂ ਗੋਬਿੰਦਸਿੰਘ ਜੀ ਦੀ ਹਾਲਤ ਸਭ ਥੀਂ ਨਿਰਾਲੀ ਤੇ ਸੁਬਕ ਸੀ ਬੜੀ ਭਾਰੀ ਤਾਕਤ ਦੀ ਮੁਹਤਾਜ ਸੀ ਇਕ ਪਾਸੇ ਉਸਦੇ ਹਿੰਦੂ ਭਰਾ ਹੀ ਉਸਦੇ ਵਿਰੁਧ ਸੇ ਦੂਜੇ ਪਾਸੇ ਓਹੁ ਕੇਵਲ ਇੱਕ ਫ਼ਕੀਰ ਤਪਸੀ ਸੀ, ਨਾਂ ਰਾਜਾ, ਨਾਂ ਸਾਈ ਜਾਇਦਾਦ ਸੀ, ਨਾਂ ਵਿਦਯਾ ਵਿੱਚ ਪ੍ਰਬੀਨ ਭਾਵੇਂ ਪਿਤਾ ਦੇ ਕਤਲ ਹੋਜਾਣ ਦੇ ਬਦਲੇ ਦਾ ਸੁਆਲ ਉਸਦੇ ਭੀ ਸਾਹਮਣੇ ਸੀ ਪ੍ਰੰਤੂ ਗੁਰੂ ਤੇਗ਼ਬਹਾਦੁਰ ਥੀਂ ਪੈਹਲੇ ਇਸਲਾਮੀ ਬਾਦਸ਼ਾਹਾਂ ਨੇ ਲਖਾਂ ਤੇ ਕਰੋੜਾਂ ਹੀ ਹਿੰਦੂ ਕਤਲ ਕਰ ਸੁੱਟੇ ਸੇ ਕਿਸੇ ਦੇ ਚਿੱਤ ਵਿੱਚ ਬਦਲਾ ਲੈਣ ਲਈ ਕਿਉਂ ਨਾਂ ਧਿਆਂਨ ਆਯਾ ਤੇ ਸਦੀਆਂ ਤੀਕ ਸੁੱਤੇ ਰਹੇ ਤੇ ਫਿਰ ਗੁਰੂ ਗੋਬਿੰਦ ਸਿੰਘ ਜੀਦੇ ਚਿੱਤ ਵਿੱਚ ਕਿਉਂ ਉਤਪਤ

ਹੋਯਾ ਕਿ ਹਿੰਦੁਸਤਾਂਨ ਵਿੱਚੋਂ ਹਕੂਮਤ ਇਸਲਾਮ ਨੂੰ ਦੂਰ ਕਰਨ ਦੀ ਲੋੜ ਹੈ ਤੇ ਅਦਭੁਤ ਗਲ ਇਹੁ ਸੀ ਕਿ ਜਿਨ੍ਹਾਂ ਹਿੰਦੂਆਂ ਦੀ ਭਲਾਈ ਵਾਸਤੇ ਓਹੁ ਸਾਰੇ ਕਸ਼ਟ ਕਠੋਰ ਸਹਾਰ ਰਹੇ ਸੇ ਓਹੀ ਉਸਦੇ ਪਾਸੋਂ ਨਾਂ ਕੇਵਲ ਸਹਾਇਤਾ ਕਰਨੋ ਹੀ ਹਟਦੇ ਸੇ ਸਗੋਂ ਉਨ੍ਹਾਂ ਨੂੰ ਹੀ ਸਤਾਉਂਦੇ ਸੇ ਕਿਉਂਕਿ ਹਿੰਦੂ ਅਪਸੁਵਾਰਥ ਦੇ ਵਿੱਚ ਅਜੇਹੇ ਬਧੇ ਹੋਏ ਸੇ ਕਿ ਉਸ ਸਮੇ ਕੌਮੀਅਤ ਦੇ ਝੰਡੇ ਹੇਠ ਖੜੇ ਹੋਣਦੀ ਕੁਛ ਭੀ ਆਸ ਨਾਂ ਸੀ ਪ੍ਰੰਤੂ ਉਨ੍ਹਾਂ ਦੇ ਚਿਤ ਵਿੱਚ ਓਹੁ ਚਿੰਗਜਾੜੀ ਦੇਸ਼ ਭਗਤੀ ਦੀ ਸੁਲੰਘ ਦੀਸੀ ਕਿ ਜੇਹੜੀ ਗੁਰੂ ਗੋਬਿੰਦਸਿੰਘ ਜੀ ਥੋਂ ਪੈਹਲੇ ਆਉਨ ਵਾਲਿਆਂ ਹਿੰਦੂਆਂ ਉਪਦੇਸ਼ਕਾਂ ਨੂੰ ਨਹੀਂ ਲੱਭੀਸੀ ਕੀਹ ਕ੍ਰਿਸ਼ਨ ਕੀਹ ਰਾਮਚੰਦ੍ਰ ਕੀਹ ਸ਼ੰਕਰ ਕੀਹ ਰਾਮਾਨੁਜ ਦੇ ਓਹੁ ਚਿੰਗਾੜੀਆਂ ਸੁਲੰਘ ਦੀਆਂ ਸੀ ਪ੍ਰੰਤੂ ਭੜਕਨ ਦਾ ਸਾਰਾਹੀ ਮਸਾਲਾ ਤਿਆਰ ਨਹੀਂ ਸੀ ਗੁਰੂ ਗੋਬਿੰਦਸਿੰਘ ਜੀਦੀ ਉਮਰ ਅਜੇ੧੫ ਵਰਹੇ ਦੀ ਸੀ ਤੇ ਐਡਾ ਵਡਾ ਭਾਰਾ ਕੰਮ ਉਸਦੇ ਸਾਹਮਣੇ ਸੀ ਜੇਹੜਾ ਕਿਸੇ ਡਰ ਦੇ ਰੋੜ, ਕਿਸੇ ਬੇਹਿੰਮਤੀ ਤੇ ਕਾਇਰਤਾ ਦੇ ਕਰਕੇ ਕਿਸੇ ਸ੍ਵਾਰਥੀ ਕੰਮ ਲਈ, ਕਾਹਲੀ ਦੇ ਝੋਕਿਆਂ ਨਾਲ ਕਿਸੇ ਬੇਪਰਵਾਹੀ ਬੇਇਹਤਿਆਤੀ ਦੇ ਪਾਉਨ ਕਰਕੇ ਭੀ ਉਹ ਚਿੰਗਜਾੜੀ ਨਾ ਬੁਝਾ ਸੱਕਿਆ ਤੇ ਨਾਂਹੀ ਓਹੁ ਆਪ ਬੁਝ ਸੱਕਦੀ ਸੀ ਪਰ ਫੇਰ ਭੀ ਐਡੇ ਵਡੇ ਕੰਮ ਲਈ ਸਮੇਂ ਦੀ ਨਾੜੀ ਦੀ ਪ੍ਰੀਖਯਾ ਆਵਸਯ ਹੋਣੀ ਚਾਹੀਦੀ

ਸੀ ਤੇ ਸਮੇ ਦੀ ਉਡੀਕ ਹੀ ਬੁਧਤਾਈ ਹੈ ਇਸ ਲਈ ਗੁਰੂ ਗੋਬਿੰਦ ਸਿੰਘ ਦੇਸ਼ ਭਗਤੀ ਦੀ ਚਿੰਗਜਾੜੀ ਨੂੰ ਅੱਗ ਬਨਾਉਨ ਲਈ ਤੇ ਬਾਲਨ ਲਈ ਇੱਕ ਪਹਾੜੀ ਵਲ ਜਾਰਿਹਾ ਸੀ ਤੇ ਹਰ ਸਮੇ ਨੂੰ ਸੋਚਨ ਵਿਚਾਰਨ ਲੱਗਾ ਇਸ ਕਿਨਾਰੇਕਸ਼ੀ ਦਾ ਇਹੀ ਕਾਰਨ ਸੀ ਇਕ ਹੋਰ ਕਾਰਨ ਇਹੁ ਭੀ ਸੀ ਕਿ ਉਨ੍ਹਾਂ ਦਾ ਸਾਕ ਰਾਮ ਰਾਇ ਗੱਦੀਨਸ਼ੀਨੀ ਲਈ ਉਨ੍ਹਾਂ ਦਾ ਵਿਰੋਧੀ ਬਣ ਰਿਹਾਸੀ ਤੇ ਗੁਰਜਾਈ ਦੀ ਗੱਦੀ ਦਾ ਦਾਵੇਦਾਰ ਬਨਕੇ ਗੁਰੂ ਗੋਬਿੰਦ ਸਿੰਘ ਜੀ ਦਾ ਬੜਾ ਭਾਰਾ ਵੈਰੀ ਸੀ ਇਸ ਵਾਸਤੇ ਗੁਰੂ ਗੋਬਿੰਦ ਸਿੰਘ ਜੀ ਦੀ ਮਰਜੀ ਗੋਸ਼ਾ ਨਸ਼ੀਨੀ ਕਰਨਲਈ ਰਾਮਰਾਇਦੇ ਵਿਰੋਧ ਦੀ ਅਗਨੀ ਨੂੰ ਠੰਢੀ ਕਰਨ ਲਈ ਭੀ ਗੁਰੂ ਜੀ ਨੂੰ ਉਪਾਉ ਕਰਨਾ ਯੋਗ ਸੀ ਆਖ ਦੇ ਹਨ ਕਿ ਲੱਗ ਭੱਗ ੨੦ ਵਰਹੇ ਦੇ ਗੁਰੂ ਗੋਬਿੰਦ ਸਿੰਘ ਜੀ ਪਹਾੜੀ ਇਲਾਕੇ ਵਿਖੇ ਬੈਠੇ ਰਹੇ ਭਾਵੇਂ ਪਹਾੜੀ ਰਾਜਿਆਂ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਬੌਹਤ ਦਖਭੀ ਦਿੱਤੇ ਜਿਨ੍ਹਾਂ ਦਾ ਵਰਨੰਨ ਅਗਲੇ ਧਜਾਵਾਂ ਵਿੱਚ ਬਿਸਥਾਰ ਪੂਰਬਕ ਵਰਨੰਨ ਕਰਾਂਗੇ ॥

ਇਨ੍ਹਾਂ ਗੋਸ਼ਾਨਸ਼ੀਨੀ ਦੇ ਦਿਨਾਂ ਵਿੱਚ ਪੈਹਲੇ ਗੁਰੂ ਗੋਬਿੰਦ ਸਿੰਘ ਨੇ ਆਪਣੇ ਮਾਲੂਮਾਤ ਵਧਾਉਨ ਦੀ ਕੋਸ਼ਸ਼ ਕੀਤੀ ਇਸੇ ਸਮੇ ਵਿਚ ਉਸਨੇ ਫ਼ਾਰਸੀ ਬੋਲੀ ਵਿੱਚ ਯਥਾਯੋਗ ਬਲ ਪ੍ਰਾਪਤ ਕਰ ਲੀਤਾ ਤੇ ਅਰਬੀ ਵਿਚ ਭੀ ਥੋੜੀ ਤਾਕਤ ਹਾਸਲ

ਕੀਤੀ ਕੁਛਕ ਸੰਸਕ੍ਰਿਤ ਵਿਦਜਾ ਭੀ ਸਿਖ ਲਈ ਆਪਣੇ ਦੇਸ਼ ਦੀ ਭਲਿਆਈ ਵਾਲੇ ਰਾਜੇ ਤੇ ਬਹਾਦਰਾਂ ਦੀ ਬਹਾਦਰੀ ਦੇ ਇਤਹਾਸ ਸੁਣੇ ਤੇ ਪੜ੍ਹੇ ਤੇ ਬੌਹਤ ਸਾਰੇ ਮਹਾਤਮਾਂ ਉਪਦੇਸ਼ਕਾਂ ਦੇ ਜੀਵਨ ਚਰਿਤ੍ਰ ਥੀਂ ਵਾਕਫ਼ੀ ਪਾਈ ਆਪਣੇ ਦੇਸ਼ਦੀ ਉਨਤੀ ਤੇ ਘਾਟੇ ਨੂੰ ਵਿਚਾਰਿਆ ਇਸ ਸਮੇ ਵਿਚ ਹੀ ਆਪਣੇ ਦੇਸ਼ ਦੇ ਸੂਰਮਿਆਂ ਬੀਰਾਂ ਦੀ ਦਰਦ ਅੰਗੇਜ਼ ਦਿਲ ਉਭਾਰਨ ਵਾਲੀਆਂ ਕਵਿਤਾ ਭੱਟਾਂ ਪਾਸੋਂ ਸੁਣੀਆਂ ਤੇ ਜੇਹੜੇ ਸਿਖ ਆਉਂਦੇ ਉਨ੍ਹਾਂ ਨੂੰ ਸੁਣਾਈਆਂ ਤੇ ਉਨ੍ਹਾਂ ਪਾਸੋਂ ਅਗੇ ਸੁਨਵਾਈਆਂ ਇਹੁ ਸਮਾ ਪਹਾੜ ਦੇ ਰੈਹਨ ਵਾਲਾ ਬੌਹਤ ਸਾਰਾ ਰਿੱਛਾਂ ਸੂਰਾਂ ਸ਼ੇਰਾਂ ਚਿਤਿਆਂ ਦੇ ਸ਼ਿਕਾਰ ਵਿਚ ਬਿਤਾਯਾ ਤੇ ਨਾਲਹੀ ਅਗਲੇ ਕੰਮ ਲਈ ਤਜਵੀਜ਼ ਸੋਚਦੇ ਤੇ ਪੱਕੀਆਂ ਕਰਦੇ ਰਹੇ ਇਤਨੇ ਚਿਰ ਨੂੰ ਰਾਮਰਾਇ ਦੀ ਸਲਾਹ ਗੱਦੀ ਬਾਬਤ ਝੂਠੀ ਹੋਕੇ ਜਾਂਦੀ ਰਹੀ, ਥੋੜੇ ਥੋੜੇ ਧੀਰੇ ਧੀਰੇ ਸਿੱਖ ਗੁਰੂ ਜੀਦੇ ਪਾਸ ਅਕੱਤ੍ਰ ਹੁੰਦੇ ਗਏ ਦਿਨ ਨਿਕਲੇ ਓਹੁ ਔਰੰਗਜ਼ੇਬ ਦੇ ਜ਼ੁਲਮ ਤੇ ਬਤਰਸੀਆਂ ਦੀਆਂ ਵਾਰਤਾ ਸੁਣਜਾ ਕਰਦੇ ਇਸ ਵਾਸਤੇ ਦੇਸ਼ ਭਗਤੀ ਹੋਣ ਕਰਕੇ ਉਸਦੇ ਚਿੱਤ ਵਿੱਚ ਸਦੀਵ ਹੀ ਜੋਸ਼ ਉਤਪਤ ਹੋਯਾ ਕਰਦਾ ਸੀ ਮੁਸਲਮਾਨਾਂ ਦੀ ਜ਼ਬਰਦਸਤ ਤਾਕਤ ਗੁੱਝੀ ਛਪੀ ਨਹੀਂ ਸੀ ਤੇ ਹਿੰਦੂਆਂ ਦੀ ਗ਼ਰੀਬੀ ਤੇ ਬਲ ਹੀਨੀ ਪ੍ਰਗਟ ਲੋਕ ਜਾਣਦੇ ਸੇ ਇਸ ਵਾਸਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਫਿਰ ਹਿੰਦੂਆਂ

ਵਿੱਚ ਜੋਸ਼ ਹਸਤੀ ਦਾ ਰੂਹ ਫੂਕਨ ਦੇ ਲਈ ਸਭਨਾ ਪਾਸਿਆਂ ਵਲੋਂ ਸੋਚਨਾਂ ਪਿਆ ਉਸਨੇ ਬੜੀਹੀ ਸੋਚ ਵਿਚਾਰ ਦੇ ਮਗਰੋਂ ਇਹ ਰਾਇ ਪੱਕ ਠੈਹਰਾਈ ਕਿ ਪੈਹਲੇ ਤਾਂ ਉਨ੍ਹਾਂ ਕਾਰਨਾਂ ਨੂੰ ਦੂਰ ਕੀਤਾ ਜਾਵੇ ਜੇਹੜੇ ਹਿੰਦੂਆਂ ਵਿੱਚ ਵਿਰੋਧਤਾਈ ਦਾ ਕਾਰਨ ਹਨ ਤੇ ਉਨ੍ਹਾਂ ਦੀ ਬਲਹੀਨਤਾ ਦਾ ਕਾਰਨ ਹੈਨ, ਤੇ ਉਨ੍ਹਾਂ ਦੇ ਪੈਰ ਪਿਛਾਹਾਂ ਹਟਾਉਨ ਵਾਲੇ ਹੈਨ ਉਨ੍ਹਾਂ ਦੀ ਕਾਇਰਤਾ ਦਾ ਕਾਰਨ ਹੈ, ਉਸਦਾ ਪੈਹਲਾ ਖ਼ਿਆਲ ਏਹੁ ਸੀ ਕਿ ਹਿੰਦੂਆਂ ਦੀ ਲਈ ਧਰਮ ਉਪਦੇਸ਼ ਸਭ ਥੀਂ ਪੈਹਲੇ ਹੈ ਉਸਦੇ ਮਗਰੋਂ ਰਾਜਨੀਤੀ ਉਪਦੇਸ਼ ਤੇ ਜ਼ਾਤ ਪਾਤ ਤੇ ਵਰਨਾ ਦੇ ਭਰਮ ਨੂੰ ਉਠਾਦੇਣਾ, ਤੇ ਸੂਦਰਾਂ ਨੂੰ ਭੀ ਉਚੀ ਜ਼ਾਤ ਹੋਣਦਾ ਉਪਦੇਸ਼ ਦੇਕੇ ਹੌਸਲਾ ਵਧਾਉਨਾ ਹੈ ਓੜਕ ਨੂੰ ਹਿਕਮਤ ਅਮਲੀ ਕਣਨੀ ਤੇ ਉਪਦੇਸ਼ ਦੇਣਾਂ ਪ੍ਰੰਤੂ ਸਭਨੀ ਪਾਸੀਂ ਕਠਨਤਾਈ ਦਾ ਸਾਹਮਨਾਸੀ ਜਿਸਦਾ ਮੈਂ ਥੋੜੇ ਜੇਹੇ ਵਿਸਥਾਰ ਪੂਰਬਕ ਵਰਨੰਨ ਕਰਨਾ ਬੜੀ ਅਵਸਕਤਾ ਸਮਝਦਾ ਹਾਂ ਸਭ ਥੀਂ ਪੈਹਲੇ ਉਸਨੇ ਧਰਮੀ ਉਪਦੇਸ਼ ਨੂੰ ਹੀ ਹੱਥ ਪਾਯਾ॥

ਕਿਸ ਢੱਬ ਨਾਲ ਹਿੰਦੂ ਧਰਮ ਨੂੰ ਉਪਦੇਸ਼ ਕੀਤਾ

ਉਸਦਾ ਹਾਲ ਇੰਉਂ ਹੈ ਕਿ ਹਿੰਦੂਆਂ ਵਿੱਚ ਧਰਮ ਇੱਕ

ਬੜਾਹੀ ਜ਼ਰੂਰੀ ਤੇ ਸਭ ਥੀਂ ਪੈਹਲੇ ਤੇ ਪਵਿੱਤ੍ਰ ਤੇ ਫਰਜ਼ ਹਰ ਚੀਜ਼ ਥੀਂ ਵਧਕੇ ਪਿਆਰਾ ਗਿਣਿਆਂ ਜਾਂਦਾ ਹੈ ਹਿੰਦੂਆਂ ਦੀ ਜ਼ਿੰਦਗੀ ਦਾ ਕੋਈ ਸਮਾ ਅਜੇਹਾ ਨਹੀਂ ਬਿਤੀਤ ਹੋਯਾ ਜਿਸ ਵਿੱਚ ਧਰਮ ਤੇ ਉਸਦਾ ਪਿਆਰ ਉਨ੍ਹਾਂ ਦੀ ਦ੍ਰਿਸ਼ਟੀ ਥੀਂ ਕਦੇ ਭੀ ਦੂਰ ਹੋਯਾ ਹੋਵੇ ਬੁਧ ਧਰਮ ਦੀਆਂ ਕਠਨ-ਤਾਈਆਂ ਤੇ ਸੱਤਾਂ ਸਦੀਆਂ ਦੀਆਂ ਮੁਸਲਮਾਨਾਂ ਦੀਆਂ ਬੇਦਰਦੀਆਂ ਵਿੱਚ ਭੀ ਓਹੁ ਅਪਣੇ ਧਰਮ ਨੂੰ ਜੀਉਂਦਾ ਰਖਸਕਦੇ ਸੇ ਉਨ੍ਹਾਂ ਦੇ ਦੇਸ਼ ਤੇ ਜਾਇਦਾਤਾਂ ਧੰਨ ਤੇ ਦੌਲਤ ਜਾਇਦਾਤ ਤੇ ਸਾਰਬੰਸ ਸਭ ਕੁਛ ਉਨ੍ਹਾਂ ਦੇ ਦੇਖਦੇ ਦੇਖਦੇ ਲੁਟਿਆ ਕੁਟਿਆ ਗਿਆ ਉਨ੍ਹਾਂ ਦੀਆਂ ਧਰਮ ਪੁਸਤਕਾਂ ਤੇ ਪੁਸਤਕਾਲਯ ਸਾੜੇ ਗਏ ਉਨ੍ਹਾਂ ਦੀਆਂ ਜਿੰਦਗੀਆਂ ਬਲੀਦਾਂਨ ਹੋਈਆਂ ਸਭ ਕੁਛ ਫ਼ਨਾਹ ਹੁੰਦਾ ਡਿੱਠਾ ਪ੍ਰੰਤੂ ਧਰਮ ਨੂੰ ਓੜਕ ਤਕ ਨਿਭਾਯਾ ਤੇ ਧਰਮ ਨੂੰ ਅਜੇਹੇ ਦਿਲ ਜਿਗਰ ਵਿਖੇ ਛਪਾਯਾ ਕਿ ਜਿੱਥੇ ਜ਼ਾਲਮ ਦੇ ਜ਼ੁਲਮ ਦਾ ਹੱਥ ਨਹੀਂ ਸੀ ਪੌਹਚ ਸਕਦਾ ਭਾਤਾਂ ਭਾਤਾਂ ਦੇ ਦੁਖ ਕਲੇਸ਼ ਸਹਾਰੇ ਤਰਾਂ ਤਰਾਂ ਦੀਆਂ ਕਠੋਰਤਾ ਸਹੀਆਂ ਸਭ ਤਰਾਂ ਦੇ ਕਸ਼ਟ ਸਹਾਰੇ ਪ੍ਰੰਤੂ ਧਰਮ ਨੂੰ ਕੁਛ ਨਾਂ ਕੁਛ ਜੀਉਂਦੇਹੀ ਰਖਿਆ ਕਿਉਂ? ਇਸ ਵਾਸਤੇ ਕਿ ਉਨ੍ਹਾਂ ਨੂੰ ਧਰਮ ਸਭਨਾਂ ਚੀਜ਼ਾਂ ਥੀਂ ਪਯਾਰਾਸੀ ਜਾਂਨ ਨਾਲੋਂ ਪਿਆਰਾ ਦੇਸ਼ ਧਨ ਨਾਲੋਂ ਚੰਗਾ, ਦੀਨ ਦੁਨੀਆਂ ਨਾਲੋਂ ਸੋਹਨਾ ਸੀ ਇਸ ਕਰਕੇ ਉਸਦਾ।

ਬਚਾਉ ਆਪਣੀਆਂ ਲਹੂਦੀਆਂ ਨਦੀਆਂ ਵਹਾ ਕੇ ਤੇ ਲੋਥਾਂ ਦੇ ਢੇਰ ਲਗਵਾਕੇ ਭੀ ਕਰਦੇ ਰਹੇ ਦੇਖੋ! ਈਰਾਨ ਨੇ ਦੋ ਚਾਰ ਹਮਲੇ ਹੋਣ ਕਰਕੇ ਇਸਲਾਮ ਦੇ ਅਗੇ ਸਿਰ ਨਿਵਾਯਾ ਤੇ ਥੋੜੇ ਜੇਹੇ ਵਰਹਿਆਂ ਵਿੱਚ ਸਾਰਾ ਦੇਸਹੀ ਮੁਸਲਮਾਨ ਹੋਗਿਆ ਏਹੋ ਹਾਲ ਤੁਰਕਸਤਾਨ ਖ਼ੁਰਾਸਾਨ ਅਫ਼ਗਾਨਸਤਾਨ ਬਲੋਚਸਤਾਨ ਰੂਮ ਏਸ਼ੀਆ ਕੋਚਕ, ਦਾਸੀ ਬੜੀ ਕਠਿਨਤਾਈ ਨਾਲ ਵਰਹਿਆਂ ਬੱਧੀ ਆਪਣੇ ਧਰਮ ਨੂੰ ਬਚਾਸਕੇ ਸੇ ਤੇ ਫੇਰ ਅਜੇਹੇ ਕਾਇਰ ਬਨੇ ਕਿ ਅਰਬ ਦੇ ਬਨਾਂ ਥੀਂ ਨਿਕਲੇ ਹੋਏ ਮਜ਼ਬ ਦੇ ਸਾਹਮਣੇ ਨਾਂ ਕੇਵਲ ਸਿਰਹੀ ਨਿਵਾਯਾ ਸਗੋਂ ਸਾਰੇ ਦੇ ਸਾਰੇ ਉਸ ਵਿੱਚ ਅਜੇਹੇ ਮਿਲ ਗਏ ਕਿ ਆਪਣੇ ਪਿਉ ਦਾਦੇਦੇ ਧਰਮਾਂ ਦਾ ਕੋਈ ਨਾਮ ਨਿਸ਼ਾਨ ਭੀ ਬਾਕੀ ਨਾਂ ਛੱਡਿਆ ਪ੍ਰੰਤੂ ਹਿੰਦੂ ਓੜਕ ਨੂੰ ਸੂਰਮੇਂ ਨਿਕਲੇ ਤੇ ਸੱਤ ਸੌ ਵਰ੍ਹੇ ਮਾਰ ਖਾ ਖਾ ਕੇ ਭੀ ਉਸਨੂੰ ਅਜੇਹਾ ਜੀਉਂਦਾ ਰਖਿਆ ਜਿਵੇਂ ਕਿ ਜੀਉਂਦੇ ਰਖਨਾਂ ਚਾਹੀਦਾ ਸੀ ਭਾਵੇਂ ਆਪਸ ਵਿੱਚ ਫ਼ਰਕ ਪੈਗਏ ਸਨ ਤੇ ਇੱਕ ਦੂਸਰੇ ਦੇ ਧਰਮ ਦੇ ਵਿਰੁਧ ਹੋਗਏ ਸੇ ਤੇ ਇਸ ਧਰਮੀ ਫ਼ਰਕ ਦੇ ਕਾਰਨ ਓਹੁ ਆਪਸ ਵਿੱਚ ਛੋਟੇ ਛੋਟੇ ਫ਼ਿਰਕਿਆਂ ਵਿੱਚ ਟਾਹਣੀਆਂ ਟਾਹਣੀਆਂ ਹੋਕੇ ਵੰਡੇ ਗਏ ਸੇ ਤੇ ਉਨ੍ਹਾਂ ਦਾ ਧਰਮੀ ਬਲ ਸਭ ਜਾਂਦਾ ਰਿਹਾਸੀ ਤੇ ਮਿਲਾਵਟ ਦਾ ਸਿਲਸਿਲਾ ਟੁੱਟ ਕੇ ਵਿਥਰ ਗਏ ਸੇ ਤੇ ਉਨ੍ਹਾਂ ਦੀ ਜ਼ਿੰਦਗੀ ਟਿਮ ਟਿਮ ਕਰਨ ਵਾਲੇ

ਦੀਵੇ ਦੀ ਲਾਟ ਵਰਗੀ ਬਲ ਰਹੀਸੀ ਪ੍ਰੰਤੂ ਔਰੰਗਜ਼ੇਬ ਦੀਆਂ ਬੇਦਰਦੀਆਂ ਤੇ ਡਾਢੀ ਤਲਵਾਰ ਦੇ ਰੋੜ ਦੇ ਕਾਰਨ ਨੇੜੇ ਹੀ ਸੀ ਕਿ ਓਹੁ ਦੀਵਾ ਸਦਾ ਦੇ ਲਈ ਬੁਝਾਯਾ ਜਾਂਦਾ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾਂ ਹੱਥ ਉਸ ਉਤੇ ਰਖਿਆ ਤੇ ਬੁਝਨੋਂ ਬਚਾਲੀਤਾ ਉਸਵੇਲੇ ਹਿੰਦੂਆਂ ਦਾ ਇਹੁ ਸਮਾਚਾਰ ਸੀ ਕਿ ਇਕ ਖ਼ਾਨਦਾਂਨ (ਟਬਰ) ਵਿਖੇ ੧੨ ਬਾਰਾਂ ਮਜ਼ਹਬਾਂ ਵਾਲੇ ਪੁਰਖ ਸੇ ਇੱਕ ਗਨੇਸ਼ ਦਾ ਪੁਜਾਰੀ, ਦੂਸਰਾ ਸੂਰਜ ਦਾ, ਤੀਸਰਾ ਸ਼ਿਵਜੀ, ਦਾ, ਚੌਥਾ ਵਿਸ਼ਨੂੰ ਦਾ, ਪੰਜਵਾਂ ਰਾਮ ਬੰਸੀ ਸੀ, ਤਾਂ ਛੇਵਾਂ ਭੈਰੋਂ ਦਾ ਸਿਖ, ਸੱਤਵਾਂ ਹਨੂੰਮਾਨ ਦਾ ਪੂਜਾਰੀ ਸੀ, ਅੱਠਵਾਂ ਕ੍ਰਿਸ਼ਨ ਦੀ ਜੁਵਾਨੀ ਪਰ ਮਸਤ, ਤੇ ਨੌਵਾਂ ਕ੍ਰਿਸ਼ਨ ਦੀ ਬਾਲ ਲੀਲਾ ਪਰ ਕੁਰਬਾਨ ਦਸਵਾਂ ਰਾਮਚੰਦ੍ਰ ਦਾ ਪੂਜਾਰੀ, ਯਾਰਵਾਂ ਲਛਮੱਨ ਦਾ ਸੇਵਕ, ਬਾਹਰਵਾਂ ਵੇਦਾਂਤੀ, ਤੇ ਤੇਰੁਵਾਂ ਕਰਮਕਾਂਡੀ, ਆਦਿਕ ਸੀ ਫੇਰ ਇਸ ਪਰਭੀ ਆਪਸ ਵਿਚ ਵਿਰੁਧਤਾਈ ਤੇ ਵੈਰ ਈਰਖਾ ਰਖਦੇ ਇਨ੍ਹਾਂ ਹੀ ਗੱਲਾਂ ਕਰਕੇ ਦੇਸ਼ ਦੀ ਬੋਲੀ ਭੀ ਇਕ ਨਹੀਂ ਸੀ ਧਰਮ ਪੁਸਤਕ ਭੀ ਇੱਕ ਨਹੀਂ ਸੀ ਕੋਈ ਬੋਲੀ ਨਹੀਂ ਸੀ ਜੇਹੜੀ ਸਾਰੇ ਹਿੰਦੂ ਜਾਣਦੇ ਹੋਣ ਕੋਈ ਧਰਮ ਦੀ ਅਜੇਹੀ ਬਾਣੀ ਨਹੀਂ ਸੀ ਜਿਸ ਪਰ ਸਾਰੇ ਹਿੰਦੂ ਇਕੱਤ੍ਰ ਹੋਸਕਦੇ ਕੋਈ ਕੰਮ ਅਜੇਹਾ ਨਹੀਂ ਸੀ ਜਿਸ ਕਰਕੇ ਸਭਨਾਂ ਦੀ ਮੈਤ੍ਰੀ ਦਾ ਵਿਸ਼ੇਸ਼ ਭਾਵ ਹੋਵੇ ਕੋਈ ਚਿਤ

ਯਾ ਵਸਤੂ ਨਹੀਂ ਸੀ ਜਿਸ ਵਿੱਚ ਸਭ ਹਿੰਦੂ ਸਾਂਝੇ ਹੋਣ ਫੇਰ ਮੈਤ੍ਰਤਾ ਏਕਤਾ ਧਰਮ ਦੀ ਹਮਦਰਦੀ ਦੇਸ਼ ਭਗਤੀ ਦਾ ਨਾਮ ਕਿੱਥੇ ਹੋਣਾਸੀ ਇਸ ਵਾਸਤੇ ਹਿੰਦੂਆਂ ਦਾ ਸੋਸ਼ਲ ਰਿਸ਼ਤਾ ਤਾਂ ਜਾਂਦਾ ਰਿਹਾ ਸੀ ਸਗੋਂ ਇਕ ਦੂਸਰੇ ਦੇ ਵਿਰੋਧੀ ਤੇ ਈਰਖਾਂ ਕਰਨ ਵਾਲੇ ਸੇ ਤੇ ਮੈਤ੍ਰਤਾ ਦੀ ਲੜੀ ਟੁੱਟੀ ਹੋਈ ਸੀ ਧਰਮ ਦਾ ਜੋੜ ਢਿੱਲਾ, ਉਤ੍ਰੀ ਲੋਕਾਂ ਨੂੰ ਦਖਨੀ ਨਾਲ ਕੋਈ ਪਿਆਰ ਨਹੀਂ ਸੀ ਦਖਨੀਆਂ ਨੂੰ ਉਤ੍ਰੀਆਂ ਨਾਲ ਵਾਸਤਾ ਨਹੀਂ ਸੀ ਪੱਛਮੀ ਹਿੰਦੂ ਪੂਰਬੀਆਂ ਨਾਲੋਂ ਵਖਰੇ ਹੀ ਹੋਗਏ ਸਭਨਾਂ ਦਾ ਸਭ ਪਾਸਿਆਂ ਵਲੋਂ ਫ਼ਰਕ ਤੇ ਵਿਰੋਧ ਸੀ ਕਿਸੇ ਦਾ ਇਕ ਦੂਸਰੇ ਪਰ ਭਰੋਸਾ ਨਹੀਂ ਸੀ ਕੋਈ ਇੱਕ ਦੂਸਰੇ ਨਾਲ ਵਰਤਨਾ ਨਹੀਂ ਚਾਹੁੰਦਾ ਸੀ ਦੇਸ ਦਗ਼ੇਬਾਜ਼ ਤੇ ਲੂਣ ਹਰਾਮੀਆਂ ਨਾਲ ਭਰਪੂਰਸੀ ਜਿਨ੍ਹਾਂ ਲੋਕਾਂ ਦਾ ਧਰਮ ਇਕ ਨਾ ਹੋਵੇ ਨੀਤੀ ਇੱਕ ਨਾ ਹੋਵੇ ਬੋਲੀ ਇਕ ਨਾ ਹੋਵੇ ਵਰਤਾਰਾ ਇਕ ਨਾ ਹੋਵੇ ਪ੍ਰਯੋਜਨ ਇਕ ਨਾ ਹੋਵੇ ਨਾ ਆਦਿਤੇ ਨਾਂਹੀ ਅੰਤ ਇਕ ਹੋਵੇ ਨਾ ਦੁਨੀਆਂ ਇਕ ਹੋਵੇ ਨਾ ਓੜਕ ਇਕ ਹੋਵੇ ਨਾ ਗੁਜ਼ਾਰਾ ਇਕ ਭਾਂਤ ਹੋਵੇ ਨਾ ਭੋਜਨ ਇਕ ਹੋਵੇ ਨਾ ਧਰਮ ਮੰਦਰ ਹੀ ਇਕ ਹੋਵੇ ਨਾ ਤਪਸਯਾ ਕਰਨ ਦੀ ਥਾਂ ਇੱਕ ਹੋਵੇ ਨਾ ਉਮਰ ਬਿਤੀਤ ਦੇ ਤ੍ਰੀਕੇ ਇਕ ਹੋਣ ਨਾ ਬੰਦਗੀ ਦੇ ਕਰਨਦਾ ਤਰੀਕਾ ਇੱਕ ਹੋਵੇ ਨਾ ਪੈਹਰਾਵਾ ਇਕ ਹੋਵੇ ਨਾ ਖ਼ੁਸ਼ੀ ਇਕ ਹੋਵੇ ਨਾ

ਕ਼ਮੀ ਇੱਕ ਹੋਵੇ ਨਾ ਉਮੈਦ ਆਸ ਇੱਕ ਹੋਵੇ ਨਾ ਨਿਰਾਸਤਾ ਇਕ ਹੋਵੇ ਨਾ ਰੋਟੀ ਇੱਕ ਹੋਵੇ ਨਾ ਖਾਣਦੀਆਂ ਰਸਮਾਂ ਇਕ ਹੋਣ ਨਾ ਪ੍ਰਯੋਜਨ ਇੱਕ ਹੋਵੇ ਨਾ ਸੁਭਾਉ ਇਕ ਹੋਵੇ ਨਾ ਆਦਤ ਇਕ ਹੋਵੇ ਨਾ ਸ੍ਵਰਗ ਇਕ ਨਾ ਨਰਕ ਇਕ ਨਾ ਰਸਮ ਇੱਕ ਨਾ ਦੇਵਤਾ ਇਕ ਨਾ ਕੰਮ ਇਕ ਨਾ ਖ਼ਿਆਲ ਇਕ ਨਾ ਰੰਜ ਵਿੱਚ ਅਕੱਠੇ ਹੋਣਾ ਨਾ ਖ਼ੁਸ਼ੀ ਵਿਚ ਇਕੱਠ ਨਾ ਕੋਸ਼ਸ਼ ਵਿੱਚ ਇਕੱਠੇ ਨਾ ਹਿੰਮਤ ਵਿੱਚ ਇਕੱਠੇ ਨਹੀਂ ਸਗੋਂ ਉਨ੍ਹਾਂਦੀ ਮੁਕਤੀ ਭੀ ਵੱਖ ਵਖਰੀ ਸੀ ਉਨ੍ਹਾਂ ਦੀਆਂ ਗ਼ਰਜ਼ਾਂ ਵਖਰੀਆਂ ਸਨ ਉਨ੍ਹਾਂਦੇ ਕੰਮ ਜ਼ਿੰਦਗੀ ਦੇ ਵਿਚ ਫ਼ਰਕ ਉਨ੍ਹਾਂਦੇ ਸ੍ਵਰਗ ਨਰਕ ਵਖਰੇ ਉਨ੍ਹਾਂਦੇ ਭਰੋਸੇ ਨਿਸ਼ਚੇ ਵੱਖ ਵਖਰੇ ਕੇਵਲ ਇਹੋ ਨਹੀਂ ਸੀ ਕਿ ਸਬ ਕੁਛ ਵਖੋ ਵਖਰਾ ਸੀ ਸਗੋਂ ਬੌਹਤ ਸਾਰੀਆਂ ਹਾਲਤਾਂ ਵਿਖੇ ਭੀ ਫ਼ਰਕ ਸੀ ਨਿਰਾ ਫ਼ਰਕ ਹੀ ਨਹੀਂ ਸੀ ਸਗੋਂ ਇਕ ਦੂਸਰੇ ਨਾਲ ਈਰਖਾ ਸੀ ਇਸ ਵਾਸਤੇ ਉਨ੍ਹਾਂਦੀ ਆਪਸ ਵਿੱਚ ਮੈਤ੍ਰਤਾ ਤੇ ਪਿਆਰ ਅੰਸ ਮਾਤ੍ਰ ਭੀ ਨਹੀਂ ਸੀ ਮੈਤ੍ਰੀ ਇਕਤ੍ਰਤਾ ਤੇ ਇੱਕ ਦੂਸਰੇ ਦੀ ਸਹਾਇਤਾ ਦਾ ਕਿਸੇ ਨੂੰ ਧਿਆਨ ਤਕ ਭੀ ਨਹੀਂ ਸੀ ਰਾਜੇ ਸਨ ਸੋ ਭੀ ਇੱਕ ਦੂਸਰੇ ਦੇ ਦੋਖੀ ਪਰਜਾ ਸੀ ਸੋਭੀ ਇਕ ਦੂਸਰੇ ਨੂੰ ਘਾਟਾ ਪੁਚਾਯਾ ਚਾਹੁੰਦੀ ਸੀ ਧਰਮੀ ਫ਼ਰਕ ਕਰਕੇ ਭੀ ਉਨ੍ਹਾਂ ਵਿੱਚ ਰਾਗ ਦ੍ਵੈਖ ਭਰੇ ਹੋਏ ਸੇ ਫਿਰ ਉਨ੍ਹਾਂਦੀ ਉੱਨਤੀ ਕਿਵੇਂ ਕਰਕੇ ਹੁੰਦੀ ਉਨ੍ਹਾਂਦਾ ਘਾਟਾ

ਤੇ ਨੁਕਸਾਨੀ ਕਿਉਂ ਨਾ ਹੁੰਦੀ ਉਨ੍ਹਾਂਦੀ ਖ਼ਰਾਬੀ ਤੇ ਖੁਆਰੀ ਕਿਉਂ ਨਾ ਹੁੰਦੀ ਉਨ੍ਹਾਂ ਦੀ ਪਾਂਨ ਪਤ ਕਿਉਂ ਨਾਂ ਜਾਂਦੀ ਰਹੇ ਓਹ ਕੌਮ ਸੁਖ ਭੋਗਾਂ ਥੀਂ ਕਿਉਂ ਨਾ ਜਾਂਦੀ ਰਹੇ ਓਹ ਕੌਮ ਵੈਹਸ਼ੀ ਨੀਮ ਵੈਹਸ਼ੀ ਕਾਇਰ ਤੇ ਭੈੜੇ ਨਾਮਾਂ ਨਾਲ ਕਿਉਂ ਨਾ ਬੁਲਾਈ ਜਾਵੇ ਧਾਰਮਕ ਭੇਦਾਂ ਦੀ ਹਾਲਤ ਇਥੋਂ ਤਕ ਪੌਹਚ ਗਈ ਸੀ ਕਿ ਉਨ੍ਹਾਂ ਦੀ ਗਿਣਤੀ ਹਜ਼ਾਰਾਂ ਤਕ ਪੌਹਚੀ ਹੋਈ ਸੀ ਇਨ੍ਹਾਂ ਦੀ ਬਾਣੀ ਨਿਰੀ ਰੋਗ ਹੀ ਨਹੀ ਸੀ ਪ੍ਰੰਤੂ ਇਸਥੀ ਇੱਤ੍ਰ ਉਸਦੇ ਭਗਤਾਂਤੇ ਮੁਖ ਮੁਖਤਿਲਿਫ ਭਾਤਾਂ ਦੇ ਫਕੀਰਾਂ ਦੇ ਐਨੇ ਫਿਰਕੇ ਵੱਧ ਗਏ ਸੇ ਕਿ ਹਰ ਗਾਂਉਂ ਖੇੜੇ ਦੀਆਂ ਵਖੋ ਵਖਰੀਆਂ ਰਸਮਾਂ ਤੇ ਵਖਰੋ ਵਖਰੇ ਦੇਵਤੇ ਤੇ ਅਡੋ ਅਡਰੇ ਪੰਥ ਹੋਗਏ ਸੇ ਹਿੰਦੂਆਂ ਨੂੰ ਛੱਡਕੇ ਉਨ੍ਹਾਂ ਇਸਲਾਮੀ ਫ਼ਕੀਰਾਂ ਨੂੰ ਤੇ ਪੀਰਾਂ ਨੂੰ ਆਪਣੇ ਗੁਰੂ ਮੰਨ ਲੀਤਾ ਸੀ ਜੇਹੜੇ ਕਿ ਇਨ੍ਹਾਂ ਨੂੰ ਕਾਫ਼ਰ ਆਖਦੇ ਤੇ ਖ਼ੂਨ ਕਰਨੋਂ ਸਦੀਵ ਨਹੀਂ ਟਲਦੇ ਹੁੰਦੇ ਸੇ ਕਿਧਰੇ ਸਾਰੇ ਹੀ ਖ਼ੁਦਾ ਬਣ ਬੈਠੇ ਸੇ ਕਿਧਰੇ ਸਭ ਕੁਛ ਪ੍ਰਮੇਸ਼੍ਰ ਥੀਂ ਉਤਪਤ ਹੋਯਾ ਮੰਨਦੇ ਸੇ ਕਿਧਰੇ ਮਾਯਾ ਦਾ ਜਾਲ ਵਿਛਾਯਾ ਹੋਯਾਸੀ ਕਿਧਰੇ ਵੈਰਾਗ ਤੇ ਸਭ ਕੁਛ ਮਿਥਿਆ ਦੀ ਆਵਾਜ਼ ਉੱਠ ਰਹੀ ਸੀ ਅਰਬਾਤ ਮਜ਼੍ਹਬ ਦੀਆਂ ਹੱਟੀਆਂ ਲਗੀਆਂ ਹੋਈਆਂ ਸਨ ਸਭ ਕੋਈ ਆਪੋ ਆਪਣੇ ਸੌਦੇ ਨੂੰ ਚੰਗਾ ਚੰਗਾ ਆਖਕੇ ਵੇਚਨ ਲੱਗਾ ਹੋਇਆਸੀ ਮੁਕਤੀ ਸਸਤੇ ਮੁਲਥੀਂ ਵਿਕਾਉਂਦੀ ਸੀ ਤੇ ਟੱਕੇ ਸੇਰ

ਧਰਮਾਸੀ ਕੇਵਲ ਇਕ ਦਿਨਦੇ ਵਰਤ ਯਾ ਇਕ ਅਕਾਦਸ਼ੀ ਦੇ ਬਰਤ ਅਥਵਾ ਇਕ ਵੇਰੀ ਦੇ ਇਸ਼ਨਾਨ ਅਤੇ ਕੁਛ ਪੈਸੇ ਦਾਨ ਕਰਨ ਕਰਕੇ ਦੋ ਚਾਰ ਅਖਰਾਂ ਦਾ ਜਾਪ ਤੇ ਕਈ ਭ੍ਰਾਤਾਂ ਦੇ ਨਾਉਂ ਬਾਰ ਬਾਰ ਉਚਾਰਨ ਕਰਕੇ ਅਥਵਾ ਕਈ ਤਰਾਂ ਦੇ ਚਿਹਨ ਚੱਕਰ ਬਨਾਉਨ ਕਰਕੇ ਨਾਂ ਕੇਵਲ ਇਸ ਜਨਮ ਦੇ ਹੀ ਪਾਪ ਸਗੋਂ ਹਜ਼ਾਰਾਂ ਜਨਮਾਂ ਦੇ ਪ੍ਰਾਸ਼ਚਤ ਨਾਂ ਕੇਵਲ ਆਪਣੇ ਹੀ ਪਾਪ ਸਗੋਂ ਪਿਤਾ ਪਿਤਾਮਾ ਦੇ ਪਾਪ ਨਸ਼ਟ ਹੋ ਜਾਂਦੇ ਸਨ ਨਾ ਕੇਵਲ ਇਨਾਂ ਹੀ ਸਗੋਂ ਮੁਕਤੀ ਦਾ ਸਾਂਈ ਭੀ ਨਾਲ ਹੀ ਬਨਾ ਦੇਂਦੇ ਸਨ ਤੇ ਸੁਰਗ ਵਿਖੇ ਪਹੁੰਚਾ ਦੇਂਦੇ ਸਨ ਇਸ ਵਿੱਚ ਭੀ ਭੇਦਾਂ ਦੇ ਐਥੋਂ ਤਕ ਖਿਆਲ ਸਨ ਕਿ ਸਭਨਾਂ ਦਾ ਤਿਲਕ ਵਖੋ ਵਖਰੀ ਭਾਂਤਦਾ ਹੁੰਦਾ ਤਿਲਕ ਦੀ ਸੂਰਤ ਵਖਰੀ ਤੇ ਰੰਗ ਵਖੋ ਵਖੀ ਢੰਗ ਵਖਰੇ ਸਨ ਜੋ ਮਰਨ ਦੇ ਮਗਰੋਂ ਭੀ ਦੇਵਤੇ ਦੀ ਪੁਲਸ ਨੂੰ ਆਪਣੇ ਪੁਜਾਰੀ ਦੀ ਪਛਾਂਣ ਵਿੱਚ ਧੋਖਾ ਨਾ ਹੋਵੇ ਮਾਲਾ ਤੇ ਮਨਕੇ ਵਖੋ ਵਖਰੇ ਢੰਗ ਦੇ ਕਿਸੇ ਦੀ ਲਕੜੀ ਦੀ ਮਾਲਾ ਕਿਸੇ ਦੀ ਰੁਦ੍ਰਾਛ ਦੀ ਕਿਸੇ ਦੀ ਮੋਤੀਆਂ ਦੀ ਕਿਸੇ ਦੀ ਮੰਦਲ ਦੀ ਕਿਸੇ ਦੀ ਤੁਲਸੀ ਦੀ ਕਿਸੇ ਦੀ ਪਥੱਰਦੀ ਕਿਸੇ ਦੀ ਬਲੌਰਦੀ ਫੇਰ ਕਿਸੇਦੀ ਲਾਲ ਕਿਸੇਦੀ ਸੁਨੈਹਰੀ ਕਿਸੇਦੀ ਸਬਜ਼ ਕਿਸੇ ਦੀ ਚਿੱਟੀ ਤੇ ਕਿਸੇ ਦੀ ਕਾਲੀ ਗਲ ਕਾਹਦੀ ਕੇਹੜੀ ਕੇਹੜੀ ਚੀਜ ਦਾ ਵਰਨੰਨ ਕਰੀਏ ਸਭ ਕੁਛ ਤ੍ਰੀਕਾ ਵਖੋ

ਵਖੀ ਸੀ ਫਿਰ ਸਭਨਾਂ ਦੇ ਕਰਮ ਨੇਮ ਰਸਮਾਂ ਧਰਮ ਜੁਦਾ ਜੁਦਾ ਅੱਡੋ ਅੱਡ ਸੇ ਤੇ ਮਜ਼ਬੀ ਦੁਨੀਆਂ ਵਿਖੇ ਸੌਦਾਗਰੀ ਦਾ ਬਾਜ਼ਾਰ ਗਰਮ ਬਦਲਾਦੇਣ ਦਾ ਕਾਨੂੰਨ ਜਾਰੀ ਖ਼ੀਦ ਫ਼ਰੋਖ਼ਤ ਹਿਬਾ, ਰੈਹਨ ਦਾ ਕਾਇਦਾ ਜਾਰੀ ਭਜਨ ਤੇ ਦਾਨ ਇੱਕ ਪੁਰਖ ਕਰੇ ਉਸਦਾ ਫਲ ਦੂਸਰਾ ਪੁਰਖ ਕੁਛ ਤਿਸਦੇ ਬਦਲੇ ਵਿਖੇ ਦੇ ਕਰਕੇ ਲੈ ਸਕਦਾ ਹੈ ਇੱਕ ਆਦਮੀ ਨੂੰ ਕੁਛ ਪੈਸੇ ਦੇਦੇਵੇ ਤੇ ਉਸਦੀ ਪੂਜਾ ਪਾਠ ਜਪ ਤਪ ਦਾ ਫਲ ਲੈ ਲਵੋ ਪਾਪ ਉਪੱਦ੍ਰਵ ਤੁਸੀ ਕਰੋ ਕਿਸੇ ਕਰਮ ਧਾਰੀ ਨੂੰ ਦੋ ਤਿਨ ਆਨੇ ਦੇ ਕਰਕੇ ਕੋਈ ਪੁਸਤਕ ਪੜ੍ਹਵਾ ਲਵੇ ਦੋ ਚਾਰ ਮੰਤ੍ਰਾਂ ਦੀ ਬਾਰੰਬਾਰ ਮਾਲਾ ਫਿਰਵਾ ਲਵੇ ਪਾਪ ਦਾ ਬਦਲਾ ਹਾਸਲ ਜੋ ਪਾਪ ਕਰ ਲਵੇ ਜਦ ਇਹ ਹਾਲਸੀ ਤਾਂ ਕਿਸੇ ਨੂੰ ਕੀਹ ਲੋੜ ਸੀ ਕਿ ਮੈਤ੍ਰਤਾ ਪ੍ਰਾਪਤ ਕਰੇ ਕੀਰਤਨ ਭਜਨ ਦੀ ਕਸ਼ਟ ਉਠਾਵੇ ਤਪ ਜਪ ਕਰਕੇ ਸਰੀਰਕ ਤੇ ਆਤਮਕ ਉਨੱਤੀ ਕਰੇ ਸਾਮਾਜਕ ਬਬੂਦੀ ਦਾ ਧਿਆਨ ਕਰੇ ਅਥਵਾ ਮੈਤ੍ਰਤਾ ਕਰਕੇ ਉਨੱਤੀ ਕਰੇ ਈਸ੍ਵਰ ਦੀ ਵਲ ਕਿਸੇ ਨੂੰ ਧਿਆਨ ਕਰਨ ਦੀ ਕੀਹ ਲੋੜ ਸੀ ਅਤੇ ਇਸ ਮਜ਼ਬੀ ਸੌਦਾਗਰੀ ਦੇ ਸਮੇ ਵਿਖੇ ਈਸ਼੍ਵਰ ਭਗਤੀ ਤੇ ਪ੍ਰੇਮ ਭਜਨਾਂ ਦੀ ਕੀਹ ਲੋੜ ਸੀ ਦੋਹਾਂ ਲੋਕਾਂ ਦਾ ਸੁਖ ਕੇਵਲ ਕੁਛਕ ਟਕਿਆਂ ਵਿੱਚ ਮਿਲ ਸਕਦਾ ਸੀ ਅਥਵਾ ਕਿਸੀ ਖ਼ਾਸ ਰਸਮ ਦੇ ਕਰਨ ਲਈ ਭਲੇ ਕਰਮ ਕਰਨੇਦੀ

ਕਿਸੇ ਨੂੰ ਕੀਹ ਲੋੜ ਸੀ ਭਲੇ ਕਰਮਾਂ ਦੀ ਕੀਹ ਲੋੜ ਸੀ ਏਥੋਂ ਤਕ ਕਿ ਨਾਂ ਕੇਵਲ ਇਸ ਲੋਕ ਵਿਖੇ ਹੀ ਸਭਨਾਂ ਦੇ ਰਾਹੁ ਰਸਮ ਵਖਰੇ ਧਰਮ ਭਰੋਸਾ ਵਖਰੇ ਸਨ ਸਗੋਂ ਦੂਸਰੇ ਲੋਕ ਵਿਖੇ ਭੀ ਇਕਾਇਤਾ ਰੈਹਨੀ ਕਠਿਨ ਸੀ ਹਰਇਕ ਦੇਵਤੇ ਦਾ ਨਰਕ ਸੁਰਗ ਆਪੋ ਆਪਣਾਂ ਨਿਯਤ ਕੀਤਾ ਹੋਯਾ ਸੀ ਜਦ ਦੇਵਤਿਆਂ ਵਿਚ ਹੀ ਜੰਗ ਹੁੰਦਾ ਸੀ ਤਾਂ ਉਨ੍ਹਾਂ ਦੇ ਮਗਰ ਲਗਨ ਵਾਲਿਆਂ ਵਿਖੇ ਇਕਤੂੱਤਾ ਕਿਉਂ ਕਰ ਰੈਹ ਸਕਦੀ ਸੀ ਸਗੋਂ ਈਸ਼੍ਵਰ ਦੀ ਅਜੇਹੀ ਦੁਰਗਤੀ ਕੀਤੀ ਕਿ ਉਸਨੂੰ ਪੈਹਲੇ ਵਿਸ਼ਨੂੰ ਆਦਿਕ ਦੇਵਤਿਆਂ ਵਿਖੇ ਵੰਡਿਆ ਫੇਰ ਉਸਨੂੰ ਨਾ ਕੇਵਲ ਆਦਮੀ ਜੂਨ ਵਿੱਚ ਹੀ ਔਤਾਰ ਬਖ਼ਸ਼ਿਆ ਸਗੋਂ ਪਸ਼ੂਆਂ ਮੱਛਾਂ ਕੱਛਾਂ ਸੂਰਾਂ ਜੂਨੀਆਂ ਵਿੱਚ ਫਿਰਾਯਾ ਤੇ ਆਦਮੀ ਤੇ ਜਾਨਵਰਾਂ ਨਾਲੋਂ ਭੈੜਾ ਹਾਲ ਅਰਥਾਤ ਨਰਸਿੰਘ ਕਰ ਦਿਖਾਯਾ ਮੂਰਤੀ ਪੂਜਾ ਨੂੰ ਰਵਾਜ ਦੇ ਕਹਕੇ ਔਤਾਰ ਆਦਿਕਾਂ ਦੀਆਂ ਮੂਰਤੀਆਂ ਬਨਾ ਸਿੱਟੀਆਂ ਮੂਰਤੀਆਂ ਵਿਚ ਭੀ ਭੇਦ ਕਿਸੇ ਦਾ ਸਿਰ ਹੀ ਨਹੀਂ ਕਿਸੇ ਦਾ ਪੈਰ ਨਹੀਂ ਕੋਈ ਲਕੜੀ ਦੀ ਕੋਈ ਪੱਥਰ ਦੀ ਮੂਰਤੀ ਫੇਰ ਪੱਥਰ ਭੀ ਇੱਕ ਭਾਂਤ ਦੇ ਨਹੀਂ ਕੋਈ ਗੋਲ ਕੋਈ ਘਾੜਤ ਇੱਕ ਇੱਕ ਭਾਂਤ ਭਾਂਤ ਦੇ ਪੱਥਰ ਵਖੋ ਵਖਰੇ ਸੇ ਕੰਨਯਾਂ ਦੀ ਮੂਰਤੀ? ਤੇ ਕਾਮ ਦੀਆਂ ਮੂਰਤੀਆਂ ਦੀ ਪੂਜਾ ਹੁੰਦੀ ਸੀ ਪਰ ਅਸਚਰਜ ਤਾਂ ਇਹ ਹੁੰਦਾ ਹੈ ਕਿ ਉਸਦੀ ਸੂਰ ਤੇ ਕੱਛ ਤੇ

ਮੱਛ ਦੀ ਮੂਰਤੀ ਕਿਉਂ ਮੂਰਤੀ ਪੂਜਾ ਨਹੀਂ ਕੀਤੀ ਜਾਂਦੀ ਧਰਮ ਦੇ ਨਾਉਂ ਪਰ ਭਾਂਤ ਭਾਂਤ ਦੇ ਸ਼ਾਰੀਰਕ ਦੁਖ ਤੇ ਤਰਾਂ ਤਰਾਂ ਦੀਆਂ ਤਕਲੀਫ਼ਾਂ ਸ਼ਰੀਰ ਨੂੰ ਹੁੰਦੀਆਂ ਸਨ ਤੇ ਸਹਾਰਦੇ ਸਨ ਕੋਈ ਕਾਸ਼ੀ ਦੀ ਕਲਵੱਤ੍ਰ ਵਿਖੇ ਆਰੇ ਪਰ ਚੜ੍ਹ ਕੇ ਮਰਨਾ ਹੀ ਬੜਾ ਉਤਮ ਕਾਰਜ ਧਯਾਨ ਕਰਦੇ ਸੇ ਕੋਈ ਜਗਨ ਨਾਥ ਦੇ ਰਥ ਦੇ ਹੇਠ ਆਕੇ ਹੀ ਮਰਨਾ ਪਵਿੱਤ੍ਰ ਸਮਝਦਾ ਸੀ ਕੋਈ ਭੁਖੇ ਹੀ ਮਰਦੇ ਸੇ ਕੋਈ ਤੱਤੇ ਲੋਹੇ ਦਾ ਦਾਗ਼ ਹੀ ਦੇਣਾ ਧਰਮ ਜਾਨ ਬੈਠੇ ਸੇ ਕੋਈ ਦੇਵੀ ਦੀ ਭੇਟਾ ਜੀਭ ਕਰਦਾ ਸੀ ਪ੍ਰੰਤੂ ਸ਼ੋਗ ਹੈ ਕਿ ਕੰਨ ਤੇ ਨੱਕ ਦੇ ਵਢਾਉਨ ਦੀ ਰਸਮ ਅਜੇ ਤਕ ਜਾਰੀ ਨਹੀਂ ਸੀ ਹੋਈ ਭਾਵੇਂ ਉਨ੍ਹਾਂ ਵਿੱਚ ਛੇਕ ਕਰਨਾ ਸ਼ੁਭ ਗਿਣਿਆ ਜਾਂਦਾ ਸੀ ਕੋਈ ਬਾਂਹ ਸੁਕਾਉਂਦਾ ਸੀ ਕੋਈ ਇਕ ਟੰਗ ਪਰ ਖੜਾ ਹੋਕੇ ਪੱਕੇ ਧਰਮ ਦੀ ਪ੍ਰੀਖਿਆ ਦੇਂਦਾ ਸੀ ਕੋਈ ਖੜਾ ਹੋਨ ਲਈ ਮਸ਼ਕ ਵਿੱਚ ਹੀ ਜਾਨਵਰ ਬਨ ਜਾਂਦਾ ਸੀ ਕੋਈ ਪੁੱਠਾ ਲਟਕਦਾ ਸੀ ਧਰਮੀ ਪੁਸ਼ਾਕੇ ਵਖੋ ਵਖਰੀ ਕਤਾ ਵੱਜਾਦੇ ਸੇ ਦਾੜ੍ਹੀ ਮੁੱਛ ਤੇ ਸਿਰਦੇ ਵਾਲਾਂ ਦਾ ਅੰਦਾਜ਼ ਤੇ ਤਰਜ਼ ਵਖਰਾ ਸੀ ਇਸ ਬੇਤਮੀਜ਼ੀ ਦੀ ਪ੍ਰਲੈਦੇ ਨੂੰ ਦੇਖਕੇ ਬੁੱਧ ਧਰਮ ਨੇ ਜਨਮ ਧਾਰਿਆ ਸੀ ਜੋ ਤਲਵਾਰ ਦੇ ਬਲ ਨਾਲ ਪਸਰਿਆ ਅਤੇ ਤਲਵਾਰ ਦੇ ਹਥੋਂ ਹੀ ਹਿੰਦੁਸਤਾਂਨ ਥੀਂ ਨਾਸ਼ ਹੋਯਾ ਪਰ ਜੇਹੜੀ ਗਲ ਚੰਗੀ ਸੀ ਸੋ ਨਾਲ ਲੈਂਦੇ ਗਏ

ਤੇ ਬੁਰਾ ਪਾਸਾ ਹਿੰਦੂਆਂ ਵਲ ਕਰਦੇ ਗਏ ਦੇਵੀ ਦੇਵਤਿਆਂ ਪਰ ਨਾ ਕੇਵਲ ਪਸ਼ੂਆਂ ਦੀ ਹੀ ਬਲੀ ਉਤਮ ਜਾਨਦੇ ਸੀ ਸਗੋਂ ਆਦਮੀ ਦੀ ਬਲੀ ਵਧੀਕ ਉਤਮ ਗਿਣੀ ਜਾਂਦੀ ਸੀ ਬੰਦਰਬਾਸ਼ੀ ਦੇ ਮੰਦਰ ਦੇ ਪੂਜਾਰੀ ਬੜੇ ਫ਼ਖ਼ਰ ਨਾਲ ਦਾਵਾ ਕਰਦੇ ਸੇ ਕਿ ਦੇਵੀ ਪਰ ਇਤਨੇ ਪਸ਼ੂ ਚੜ੍ਹਾਏ ਜਾਂਦੇ ਹਨ ਕਿ ਕਦੇ ਭੀ ਲਹੂ ਨਹੀਂ ਸੁਕਨਾ ਪੌਂਦਾ ਗੰਦਾ ਖਾਨ ਵਾਲਿਆਂ ਨੂੰ ਭੀ ਇਕ ਉਤਮ ਫ਼ਿਰਕਾ ਜਾਣਿਆਂ ਜਾਂਦਾ ਸੀ ਭੈਰੋਂ ਦੀ ਸੇਵਾ ਵਿਖੇ ਸ਼ਰਾਬ ਸ਼ਿਵਜੀ ਦੀ ਭੇਟਾ ਵਿਖੇ ਭੰਗ ਚਰਸ ਅਫ਼ੀਮ ਦੇਵੀ ਦੀ ਸਤਕਾਰ ਵਿੱਚ ਕਬਾਬ ਖਾਨੇ ਪੀਨੇ ਚੰਗੇ ਜਾਣਦੇ ਸੇ ਕਈ ਅਜੇਹੇ ਸੇ ਕਿ ਕੁੱਤੇ ਦੇ ਨਾਲ ਮਿਲਕੇ ਹੀ ਖਾਣਾਂ ਉਤਮ ਜਾਣਦੇ ਸੇ ਕਾਮਦੇਉ ਦੇਵਤੇ.ਪਰ ਫੁਲ ਚੜ੍ਹਾਉਂਦੇ ਸੇ ਗੁਰੂ ਜੀ ਦੇ ਦਰਸ਼ਨ ਭੇਟਾ ਤੇ ਸਾਧ ਸੰਤਾਂ ਦੀ ਕੇਵਲ ਸੇਵਾ ਕਰਨ ਕਰਕੇ ਹੀ ਮੁਕਤੀ ਮੰਨੀ ਜਾਂਦੀ ਸੀ ॥

ਇਨ੍ਹਾਂ ਸਭਨਾਂ ਖ਼ਰਾਬੀਆਂ ਦਾ ਕਾਰਨ ਬ੍ਰਾਹਮਨ ਸੇ ਕਿਉਂਕਿ ਉਨ੍ਹਾਂ ਨੇ ਵੇਦ ਸ਼ਾਸਤ੍ਰ ਦੀ ਬਾਣੀ ਦੇ ਪੜ੍ਹਨ ਦੀ ਆਗਿਆ ਬ੍ਰਾਹਮਣਾਂ ਬੀਂ ਬਿਨ੍ਹਾਂ ਸਭ ਵਾਸਤੇ ਮਨਾ ਕਰ ਦਿੱਤੀ ਸੀ ਤੇ ਵਿੱਦਯਾ ਉਨ੍ਹਾਂ ਵਿੱਚ ਧੀਰੇ ਧੀਰੇ ਪ੍ਰਚਲਤ ਹੋਗਈ ਸੀ ਹੋਰ ਕਿਸੇ ਨੂੰ ਇਹੁ ਪੜ੍ਹਾਉਂਦੇ ਹੀ ਨਹੀਂ ਸੇ ਅਤੇ ਦਾਵਾ ਕਰਦੇ ਸੇ ਕਿ ਸੰਸਕ੍ਰਿਤ ਦੇਵ ਬਾਣੀ ਹੈ ਇਸਦੇ ਪੜ੍ਹਨੇ ਦਾ

ਅਧਿਕਾਰ ਬਿਨਾਂ ਬ੍ਰਾਹਮਣਾਂ ਦੀ ਜ਼ਾਤ ਦੇ ਹੋਰ ਕਿਸੇ ਨੂੰ ਭੀ ਪ੍ਰਿਥਵੀ ਪਰ ਨਹੀਂ ਹੈ ਇਹੋ ਸਭ ਸ਼ਾਸਤ੍ਰਾਂ ਦੇ ਵਕਤਾ ਸੇ ਇਹੀ ਪੁਰਾਨਾਂ ਦੇ ਕਰਤਾ ਸੇ ਅਤੇ ਇਨ੍ਹਾਂ ਸਭਨਾਂ ਧਰਮਾਂ ਦੇ ਉਤਪਤ ਕਰਨ ਵਾਲੇ ਭੀ ਬ੍ਰਾਹਮਣ ਸੇ ਇਸ ਕਰਕੇ ਮਾਰ ਖਾਈ ਜਾਂਦੇ ਸੇ ਤੇ ਪਿਟੇ ਜਾਂਦੇ ਸੇ ਖ਼੍ਰਾਬ ਪਰੇਸ਼ਾਨ ਹੁੰਦੇ ਜਾਂਦੇ ਸੇ ਪਰ ਆਪਣਾਂ ਬਲ ਪ੍ਰਸਿਧ ਕੀਤਾ ਹੋਯਾ ਨਹੀਂ ਛਡਦੇ ਸੇ ਜਿਸ ਚੀਜ਼ ਨੂੰ ਆਪਣਾਂ ਅਸਲੀ ਹੱਕ ਸਮਝ ਬੈਠੇ ਸੇ ਉਸਨੂੰ ਭੁੱਲਕੇ ਭੀ ਨਹੀਂ ਤਿਆਗ ਕਰਦੇ ਸੇ ਇਸ ਵਾਸਤੇ ਬ੍ਰਾਹਮਣਾਂ ਦੇ ਕਿਸੇ ਪ੍ਰਕਾਰ ਦੇ ਹਕ ਯਾ ਬਰਨਾਂ ਵਿਖੇ ਦਸਤ ਅੰਦਾਜ਼ੀ ਬੜੀ ਕਠੋਰ ਸੀ ਥੋੜੀ ਜੇਹੀ ਬਾਤ ਪਰ ਬ੍ਰਾਹਮਣ ਆਪਣੇ ਆਪ ਥੀਂ ਬਾਹਰ ਹੋ ਜਾਂਦੇ ਤੇ ਜੇਕਰ ਕੋਈ ਘਰ ਦੇ ਸਿਲਸਿਲੇ ਵਿਖੇ ਮਦਾਖ਼ਲਤ ਹੋਜਾਵੇ ਤਾਂ ਇਸਨੂੰ ਮੁਸਲ-ਮਾਨਾਂ ਦੇ ਜ਼ੁਲਮਾਂ ਨਾਲੋਂ ਵਧੇਕ ਨੁਕਸਾਨ ਵਾਲੀ ਬ੍ਰਾਹਮਣ ਜਾਣਦੇ ਸੇ ਇਸ ਗਲ ਦਾ ਨਿਰਣਾਂ ਉਨ੍ਹਾਂ ਗਲਾਂ ਥੀਂ ਪ੍ਰਤਖ ਪ੍ਰਤੀਤ ਹੋ ਜਾਵੇਗਾ ਜਿਹੜੀਆਂ ਉਨ੍ਹਾਂਨੇ ਆਪਣੇ ਬਲ ਦੇ ਸਮੇ ਧਰਮ ਸ਼ਾਸਤ੍ਰਾਂ ਵਿਖੇ ਲਿਖੀਆਂ ਹੋਈਆਂ ਹਨ ਇਉਂ ਤਾਂ ਓਹ ਗਿਣੇ ਨਹੀਂ ਜਾ ਸਕਦੇ ਪ੍ਰੰਤੂ ਮੈਂ ਨਮੂਨੇ ਦੇ ਤੌਰ ਪਰ ਮਨੂ ਧਰਮ ਸ਼ਾਸਤ੍ਰ ਵਿਚੋਂ ਕੁਛ ਬਾਤਾਂ ਲਿਖਕੇ ਦਸਦਾ ਹਾਂ ਸਭ ਦੁਨੀਆਂ ਤੇ ਜੋ ਕੁਛ ਮਿਸਾਹਰਕ ਆਯਾ ਹੈ ਸਭ ਉਸਦਾ ਮਾਲ ਹੈ ਤੇ ਉਸਦੇ ਲਈ ਸਾਰੀ ਸ੍ਰਿਸ਼ਟੀ ਰਚੀ ਗਈ ਹੈ ਮਨੂ ੧ / ੯੯-੧੦੦-੧੦੧

ਬ੍ਰਾਹਮਣ ਆਪਣੇ ਮੰਤ੍ਰਾਂ ਦੇ ਬਲ ਨਾਲ ਰਾਜੇ ਨੂੰ ਉਸਦੇ ਦਲ ਸਮੇਤ ਹਾਥੀ ਘੋੜੇ ਆਦਿਕ ਦਾ ਨਾਸ਼ ਕਰ ਸਕਦਾ ਹੈ ੯/੩੧੩ ਮਨੂੰ

ਬ੍ਰਾਹਮਣ ਸੰਸਾਰਕ ਮਾਯਾ, ਤੇ ਰਾਜੇ, ਤੇ ਨਵੀਨ ਦੇਵਤੇ ਤੇ ਨਵੀਨ ਪੁਰਖ ਜੋ ਨਿਸ਼ਟ ਹੋ ਜਾਣ ਵਾਲੀਆਂ ਚੀਜ਼ਾਂ ਹਨ ਉਤਪਤ ਕਰ ਸਕਦਾ ਹੈ ਮਨੂੰ ੯/੩੧੫

ਕਵੀ-ਇਸ ਵਿਚ ਕੁਛਕ ਸਚਾਈ ਭੀ ਹੈ ਕਿਉਂ ਜੋ ਆਪਣੇ ਬਲ ਨਾਲ ਆਪਸ ਵਿੱਚ ਰਾਜਪੂਤਾਂ ਭਰਾਵਾਂ ਨੂੰ ਲੜਾਕੇ ਕਈ ਛੋਟੀਆਂ ਛੋਟੀਆਂ ਰਾਜਧਾਨੀਆਂ ਉਤਪਤ ਕੀਤੀਆਂ ਅਤੇ ਨਵੀਨ ਦੇਵਤੇ ਤਾਂ ਬੇਅੰਤ ਹੀ ਉਤਪਤ ਕਰ ਦਿੱਤੇ ॥

ਰਾਜੇ ਨਾਲੋਂ ਬ੍ਰਾਹਮਣਾਂ ਦੀ ਪਤ ਪ੍ਰਤੀਤ ਬੋਹਤ ਸਾਰੀ ਹੋਨੀ ਚਾਹੀਏ ਮਨੂੰ ੨/੧੩੯

ਬ੍ਰਾਹਮਣ ਅਪਾਣੇ ਸਰੀਰ, ਤੇ ਜਾਂਨ ਦੇ ਬਚਾਉ ਕਰਨ ਵਾਸਤੇ ਬੜੇ ਕਠੋਰ ਪਾਪ ਭੀ ਭਾਵੇਂ ਕਰੇ ਪਰ ਕਠੋਰ ਸਜ਼ਾ ਬ੍ਰਾਹਮਣ ਨੂੰ ਨਹੀਂ ਮਿਲਨੀ ਚਾਹੀਏ ੯/੨੦੫-੨੦੮-੨੩੨, ੪/੧੬੯-੧੬੫ ੮/੨੯੧,੨੯੩

ਜੇਕਰ ਕੋਈ ਕਸੂਰ ਬ੍ਰਾਹਮਣ ਦੀ ਜ਼ਾਤ ਤੇ ਜਾਇਦਾਦ ਦੇ ਵਿਰੁਧ ਕੀਤਾ ਜਾਵੇ ਤਾਂ ਓਹੁ ਪੁਰਖ ਦਸ ਗੁਣੇ ਪ੍ਰਾਸ਼ਚਤ ਦਾ ਅਧਿਕਾਰੀ ਹੈ ੮/੨੭੬. ੮/੩੧੯-੩੨੮ ਮਨੂੰ

ਰਾਜੇ ਨੂੰ ਉਚਤ ਹੈ ਕਿ ਆਪਣਾਂ ਇਤਬਾਰੀ ਤੇ ਸਾਥੀ ਮੰਤ੍ਰੀ ਬ੍ਰਾਹਮਣ ਨੂੰ ਬਨਾਵੇ ੭/੮੫ ਮਨੂੰ

ਕਚੈਹਰੀਦਾਕੁਲ ਕੰਮ ਬ੍ਰਾਹਮਣਾਂ ਦੇ ਆਧੀਨ ਹੋਵੇ ੮/੯-੧ ੮/੧੧-੨੦ ਮਨੂੰ

ਬ੍ਰਾਹਮਣਾਂ ਨੂੰ ਯਗ ਵਿਖੇ ਭੋਜਨ ਦਿੱਤਾ ਜਾਵੇ ਤੇ ਬੌਹਤ ਸਾਰੀ ਦਛਣਾਂ ਦੇਨੀ ਚਾਹੀਏ ਜੇਕਰ ਘੱਟ ਦਿੱਤੀ ਜਾਵੇਗੀ ਤਾਂ ਸਾਰੀਆਂ ਸਰੀਰ ਤੇ ਜਾਨ ਅਤੇ ਸੰਤਾਨ, ਮਾਲ ਢਾਂਡੇ ਅਤੇ ਨੇਕਨਾਮੀ ਤੇ ਪ੍ਰਲੋਕ ਦੀਆਂ ਖ਼ਸ਼ੀਆਂ ਨਸ਼ਟ ਹੋ ਜਾਣਗੀਆਂ ੩/੧੪੬-੧੩੩ ੧੧/੪੦-੩੯ ਮਨੂੰ

ਭਜਨ, ਤੀਰਥ, ਜਾਤ੍ਰਾ ਦਾ ਫਲ ਬ੍ਰਾਹਮਣਾਂ ਨੂੰ ਬੌਹਤ ਰੁਪਯਾ ਦੇਨੇ ਦੇ ਕਾਰਨ ਹੋ ਸਕਦਾ ਹੈ ਮਨੂੰ ੧੧/੧੨੯-੧੧੭

ਬ੍ਰਾਹਮਣਾਂ ਪਾਸੋਂ ਕਿਸੇ ਭਾਂਤ ਦਾ ਮਸੂਲ ਜੇਜੀਆ ਨਾਂ ਲੀਤਾ ਜਾਵੇ ੭/੧੩੪-੧੩੩

ਜੇਕਰ ਕੋਈ ਕਿਸੇ ਬ੍ਰਾਹਮਣ ਦਾ ਕੋਈ ਡੰਗਰ ਚੁਰਾਵੇ ਤਾਂ ਗਿੱਟੇ ਤੱਕ ਪੈਰ ਵਢ ਦੇਣੇ ਜੋਗ ਹਨ ੮/੩੨੫

ਸੂਦਰ ਕੇਵਲ ਬ੍ਰਾਹਮਣਾਂ ਦੀ ਨੌਕਰੀ ਕਰਨ ਜੇਕਰ ਓਹੁ ਨਾਂ ਮਿਲੇ ਤਾਂ ਖਤ੍ਰੀ ਦੀ ਨੌਕਰੀ ਕਰ ਲਵੇ ੯/੩੩੪ ਮਨੂੰ ਜੀ

ਇਨ੍ਹਾਂ ਗੱਲਾਂ ਦੇ ਵਧ ਲਿਖਨਦੀ ਅਵਸ਼ਕਤਾ ਭੀ ਨਹੀਂ ਬ੍ਰਾਹਮਣਾਂ ਦੀ ਹਕੂਮਤ ਦੇ ਅਧਿਕਾਰ ਉਪਰਲੇ ਲੇਖ ਥੀਂ ਚੰਗੀ

ਤ੍ਰਾਂਪ੍ਰਤੀਤ ਹੋ ਸਕਦੇ ਹਨ ਹਰ ਇਕ ਚੀਜ਼ ਉਨ੍ਹਾਂਦੇ ਤਾਬੇ ਸੀਤੇ
ਉਨ੍ਹਾਂਨੂੰ ਦੇਵਤੇ ਬਨਾਉਨ ਦੀਪਦਵੀ ਮੰਨੀ ਗਈ ਸੀ ਆਪਣ
ਪ੍ਰਯੋਜਨ ਸਿਧ ਦੇ ਲਈ ਜਿਸ ਜਿਸਤ੍ਰਾਂ ਦਾ ਝਗੜਾ ਹੋਯਾ
ਉਸੇਤ੍ਰਾਂ ਹੀ ਧਰਮ ਸ਼ਾਸਤ੍ਰ ਦੇ ਚਰਿਤ੍ਰਾਂ ਵਿਖੇ ਅਰਥ ਪਰਸਿਧ
ਕਰ ਦਿੱਤੇ ਤੇ ਜੇਹੜੀ ਰੀਤ ਆਪਣੀ ਭਲਿਆਈ ਦੀ ਲੋੜ
ਵਾਲੀ ਡਿੱਠੀ ਸੋਈ ਧਰਮ ਸ਼ਾਸਤ੍ਰਾਂ ਵਿੱਚ ਜੜ ਦਿੱਤੀ ਹਿੰਦੂਆਂ
ਨੂੰ ਸੰਸਕ੍ਰਿਤ ਵਿਦਯਾ ਥੀਂ ਤਾਂ ਖ਼ਾਲੀ ਰਖਿਆ ਹੀ ਸੀ ਅਰਬੀ
ਫ਼ਾਰਸੀ ਦੀ ਵਿਦਯਾ ਵਲੋਂ ਭੀ ਹਿੰਦੂਆਂ ਨੂ ਮਨਾਂ ਕਰ
ਦਿੱਤਾ ਅਤੇ ਕਿਹਾ ਕਿ ਮਲੇਛ ਭਾਖਾ ਦਾ ਪੜਨਾ ਧਰਮ ਸ਼ਾਸਤ੍ਰ
ਦੇ ਵਿਰੁਧ ਹੈ ਸਗੋਂ ਜੇ ਕੋਈ ਸਿਖ ਭੀ ਲੈਂਦਾ ਉਸਨੂੰ ਸੂਦਰ
ਠੈਹਰਾ ਕੇ ਜ਼ਾਤ ਥੀਂ ਵਖਰਾ ਕਰਦੇਂਦੇ ਜਿਵੇਂ ਕਾਇਸਥ
ਹੁਣ ਤਕ ਇੱਕ ਭਾਗ ਹਿੰਦੁਸਤਾਂਨ ਦਾ ਸੂਦਰ ਕਹੇ ਜਾਂਦੇ
ਹਨ ਜਿਨ੍ਹਾਂ ਨੇ ਫ਼ਾਰਸੀ ਬੋਲੀ ਪੈਹਲੇ ਹੀ ਸਿਖੀ ਸੀ
ਇਸ ਅੰਨ੍ਹੇਰਦਾ ਹੀ ਫਲ ਸੀ ਕਿ ਹਿੰਦੂ ਰਿਆਸਤ
ਵਾਂਗੂ ਬ੍ਰਹਮਣਾਂ ਦੀ ਦਮਾਗ਼ੀ ਗੁਲਾਮੀ ਵਿੱਚ ਫਸੇ ਹੋਏ ਸੇ
ਸ਼ਰੀਰਕ ਸ਼ਿਵਕਾਈ ਨਾਲੋਂ ਆਤਮਕ ਸ਼ਿਵਕਾਈ ਬੜੀ
ਹੀ ਨੁਕਸਾਂਨ ਪੁਚਾਉਨ ਵਾਲੀ ਹੈ ਹਿੰਦੂ ਇਕ ਪਾਸੇ ਤਾਂ
ਬ੍ਰਾਹਮਣਾਂ ਦੀ ਦਿਮਾਗ਼ੀ ਗੁਲਾਮੀ ਵਿਚ ਫਸੇ ਸੇ ਦੂਸਰੇ ਪਾਸੇ
ਮੁਸਲਮਾਨਾਂ ਦੀ ਸ਼ਰੀਰ ਸਿਵਕਾਈ ਵਿੱਚ ਸੇ ਦੋਹਾਂ ਸਿਵਕਾ-
ਈਆਂ ਥੀਂ ਛੁਟਕਾਰਾ ਦੇਣ ਦਾ ਉਦੇਸ਼ ਗੁਰੂ ਗੋਬਿੰਦ ਸਿੰਘ

ਜੀ ਨੇ ਆਪਣੇ ਸਨਮੁਖ ਰਖਿਆ ਹਿੰਦੂਆਂ ਨੂੰ ਆਤਮਕ ਸ਼ਿਵਕਾਈ ਥੀਂ ਕਢਨ ਵਿਖੇ ਬ੍ਰਾਹਮਣਾਂ ਦੇ ਵਿਰੁਧ ਦੀ ਤਾਂ ਆਸ ਹੀ ਸੀ ਪਰ ਸਗੋਂ ਹਿੰਦੂ ਭੀ ਕਈ ਤਰਾਂ ਨਾਲ ਉਨ੍ਹਾਂਦੇ ਵਿਰੋਧੀ ਹੋਗਏ ਪ੍ਰੰਤੂ ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਠਾਠਾਂ ਬੇਤਮੀਜ਼ੀ ਦੀਆਂ ਵਿਚ ਤੇ ਵਿਰੁਧ ਦੇ ਰੋੜ ਵਿੱਚ ਹਿੰਦੂਆਂ ਦੀ ਆਤਮਕ ਸਿਵਕਾਈ ਨੂੰ ਛੁਡਾਉਨ ਲਈ ਨਕਾਰਾ ਬਜਾਯਾ ਤੇ ਇਕ ਈਸ੍ਰੁਰ ਅਕਾਲਪੁਰਖ ਦੀ ਵਲ ਸਭ ਨੂੰ ਸੱਦਿਆ ਸੋ ਸਭ ਥੀਂ ਪੈਹਲੇ ਉਨ੍ਹਾਂਨੇ ਹਿੰਦੂਆਂ ਨੂੰ ਧਰਮ ਉਪਦੇਸ਼ ਦੇਕੇ ਧਰਮ ਵਲ ਲਾਯਾ ਅਤੇ ਆਤਮਕ ਗੁਰੂ ਦੀ ਹੈਸੀਅਤ ਵਿਖੇ ਈਸ਼੍ਰੁਰ ਭਗਤੀ ਦਾ ਉਪਦੇਸ਼ ਤੇ ਆਦਮੀ ਦੇ ਧਰਮਾਂ ਥੀਂ ਭੇਡਾਂ ਚਾਲ ਥੀਂ ਵਰਜਿਆ ਦ੍ਵੈਖ ਭਾਵ ਨੂੰ ਤਿਆਗਨਾਂ ਸਿਖਾਯਾ ਦ੍ਵੈਤ ਨੂੰ ਤਿਆਗਨ ਲਈ ਬੌਹਤ ਉਪਦੇਸ਼ ਦਿੱਤਾ ਗੁਰੂ ਨਾਨਕ ਦੇਵ ਜੀ ਦੀ ਸਿਖਯਾ ਦੀ ਬੁਨੀਆਦ ਪਰ ਉਨ੍ਹਾਂਨੇ ਬੜੇ ਜ਼ੋਰ ਸ਼ੋਰ ਨਾਲ ਮੂਰਤੀ ਪੂਜਨੋਂ ਲੋਕਾਂ ਨੂੰ ਮਨਾ ਕੀਤਾ ਸ਼ਰਾਧਾਂ ਦੀ ਰਸਮ ਨੂੰ ਭੀ ਝੂਠ ਕਿਹਾ ਦੇਵਤਿਆਂ ਦੀ ਪੂਜਾ ਭੀ ਧੋਖਾ ਭਰਮ ਕਰ ਦਿਖਾਈ ਔਤਾਰ ਭੀ ਕੁਦਰਤ ਦੇ ਵਿਰੁਧ ਦੱਸੇ ਤੀਰਥ ਇਸਨਾਨ ਆਦਿਕ ਫ਼ਰੇਬ ਦਿਖਾਏ ਫ਼ਕੀਰੀ ਪੈਹਰਾਵੇ ਨੂੰ ਮਕਰ ਤੇ ਧੋਖੇ ਦੀ ਟੱਟੀ ਵਰਨੰਨ ਕੀਤਾ ਪੁਰਖ ਪੂਜਾ ਪਸ਼ੂ ਪੂਜਾ ਬ੍ਰਿਛ ਆਦਿਕਾਂ ਥੀਂ ਪੂਜਾ ਥੀਂ ਲੋਕਾਂ ਨੂੰ ਵਰਜਿਆ ਭ੍ਰਰਮ ਵੈਹਮਾਂ ਥੀਂ ਬਾਹਰ ਕਢਿਆ ਧਰਮ ਥੀਂ ਵਿਰੁਧ ਕੰਮਾਂ

ਦੇ ਉਪਰ ਜੁਧ ਕਰਨ ਲਈ ਪ੍ਰੇਰਿਆ ਤੇ ਇੱਕ ਪ੍ਰਮੇਸ੍ਵਰ ਅਕਾਲਪੁਰਖ ਨਿਰਾਕਾਰ ਪ੍ਰਮਾਤਮਾ ਸਚਦਾਨੰਦ ਦੀ ਭਗਤੀ ਵਿਖੇ ਲੋਕਾਂ ਦੇ ਚਿਤ ਨੂੰ ਲਾਯਾ ਸਚਾਈ ਦੀ ਮਹਿਮਾਂ ਸਭ ਥੀਂ ਵਧੀਕ ਬਰਨੰਨ ਕੀਤੀ ਗਲ ਕਾਹਦੀ ਸੀ ਕਿ ਗੰਦੇ, ਸੜੇ ਭੈੜੀ ਬੋ ਵਾਲੇ ਮੈਲੇ ਕੁਚੈਲੇ ਛੋਟੇ ਛੋਟੇ ਛੱਪੜਾਂ ਥੀਂ ਵਰਜਕੇ ਇਕ ਈਸ਼੍ਵਰ ਦੀ ਪ੍ਰੇਮਾ ਭਗਤੀ ਦੇ ਸਾਗਰ ਅਥਾਹ ਪਰ ਜਾ ਖੜੇ ਕੀਤਾ ਅਸੀ ਇਥੇ ਬੇਗਿਣਤ ਤੇ ਅਥਾਹ ਬਾਣੀ ਵਿੱਚੋਂ ਕੇਵਲ ਕੁਛ ਕਬਿੱਤ ਗੁਰੂ ਗੋਬਿੰਦ ਸਿੰਘ ਜੀ ਦੇ ਉਨ੍ਹਾਂਦੇ ਮਤ ਅਨੁਸਾਰ ਜੋ ਬੜੇ ਉਚੰਭਾਵ ਵਾਲੇ ਹਨ ਉਸਦੇ ਉਦੇਸ਼ ਦੀ ਖੂਬੀ ਉਸਦੀ ਪਵਿੱਤ੍ਰ ਨਿਰੋਲ ਨੀਅਤ ਤੇ ਉਨ੍ਹਾਂ ਦੀ ਈਸ਼੍ਵਰ ਦੀ ਭਗਤੀ ਦੇ ਗੁਣ ਵਰਨੰਨ ਕਰਨ ਲਈ ਪਾਠਕਾਂ ਦੇ ਸ੍ਵਾਦ ਵਾਸਤੇ ਇਸਥਾਂ ਪਰ ਕੁਛਕ ਲਿਖਦੇ ਹਾਂ ॥

ਤ੍ਵਪ੍ਰਸਾਦਿ ਕਬਿੱਤ

ਖੂਕ ਮਲਹਾਰੀ ਗਜ ਗਦਹਾ ਬਿਭੂਤ ਧਾਰੀ ਗਿਦੂਆ ਮਸਾਨ ਬਾਸ ਕਰੀਓਈ ਕਰਤ ਹੈ ॥

ਅਰਥ—ਮੈਲਾ ਖਾਣ ਕਰਕੇ ਪ੍ਰਮੇਸ਼੍ਵਰ ਨਹੀਂ ਪ੍ਰਾਪਤ ਹੁੰਦਾ ਦੇਖੋ ਸੂਰ ਸਦਾ ਹੀ ਮੈਲਾ ਖਾਂਦਾ ਹੈ ਜੇਕਰ ਪ੍ਰਮੇਸ਼੍ਵਰ ਸਰੀਰ ਪਰ ਮਿਟੀ ਮਲਨੇ ਕਰਕੇ ਪ੍ਰਾਪਤ ਹੁੰਦਾ ਤਾਂ ਹਾਥੀ, ਤੇ ਗੱਧਾ ਸਦੀਵ ਹੀ ਸ੍ਵਾਹ ਉਡਾਵਦੇ ਹਨ ਅਤੇ ਮਸਾਨਾਂ ਵਿੱਚ ਜੇਕਰ ਬੈਠਨੇ ਕਰਕੇ ਮਿਲੇ ਤਾਂ ਗਿਰਜ ਸਦੀਵ ਮਸਾਨਾਂ ਵਿਖੇਹੀ ਰੈਹਦੀ ਹੈ ॥

ਘੁਘੂ ਮਟਬਾਸੀ ਲਗੇ ਡੋਲਤ ਉਦਾਸੀ ਮ੍ਰਿਗ ਤਰਵਰ ਸਦੀਵ ਮੋਨ ਸਾਧੇ ਹੀ ਮਰਤ ਹੈ ॥

ਮਠ ਵਿੱਚ ਰੈਹਨੇ ਕਰਕੇ ਭੀ ਮੁਕਤੀ ਨਹੀਂ ਮਿਲਦੀ ਘੁਘੂ ਸਦੀਵ ਮਠਦੇ ਵਿੱਚ ਹੀ ਰੈਹਦਾ ਹੈ ਉਦਾਸ ਹਰਨ ਨੂੰ ਭੀ ਮੁਕਤੀ ਨਹੀਂ ਮਿਲਦੀ ਜਿਵੇਂ ਹਿਰਨ ਨੂੰ ਚੁਪ ਰਹਨ ਬੀ ਭੀ ਮੁਕਤੀ ਨਹੀਂ ਮਿਲਦੀ ਬ੍ਰਿਛ ਸਦੀਵ ਹੀ ਚੁਪ ਰੈਹਦੇ ਹਨ ॥

ਬਿੰਦ ਕੇ ਸਿਧਯਾ ਤਾਹਿ ਹੀਜ਼ ਕੀ ਬਡਯਾ ਦੇਤ ਬਾਂਦਰਾ ਸਦੀਵ ਪਾਂਉ ਨਾਂਗੇ ਹੀ ਫਿਰਤ ਹੈ ॥

ਬਿੰਦ ਸਾਧਨੇ ਕਰਕੇ ਹਿੰਜੜਾ ਮੁਕਤੀ ਨਹੀਂ ਪਾ ਸਕਦਾ ਬਾਂਦਰ ਸਦੀਵ ਨੰਗੇ ਹੀ ਪੈਰੀ ਫਿਰਦਾ ਰੈਹਦਾ ਹੈ ॥

ਅੰਗ ਨਾ ਅਧੀਨ ਕਾਮ ਕ੍ਰੋਧ ਮੇਂ ਪ੍ਰਬੀਨ ਏਕ ਗਿਆਨ ਕੇ ਬਿਹੀਨ ਛੀਨ ਕੈਸੈ ਕੈ ਤਰਤ ਹੈ ॥ ੧ ॥

ਇੰਦ੍ਰੀਆਂ ਦੇ ਅਧੀਨ ਹੋਏ ਹੋਏ ਕਾਮ ਕ੍ਰੋਧ ਵਿਖੇ ਪ੍ਰਵਿਰਤ ਹੋਣੇ ਕਰਕੇ ਤੇ ਇਕ ਗਿਆਂਨ ਦੇ ਨਾ ਹੋਣ ਕਰਕੇ ਮੁਕਤੀ ਕਿਸਤ੍ਰਾਂ ਨਾਲ ਮਿਲ ਸਕਦੀ ਹੈ ਅਰਥਾਤ ਨਹੀਂ ਮਿਲ ਸਕਦੀ

ਭੂਤ ਬਨਚਾਰੀ ਛਿਤ ਛੌਨਾ ਸਭੈ ਦੂਧਾਧਾਰੀ ਪਵਣ ਆਹਾਰੀ ਸੋ ਭੁਯੰਗ ਜਾਨੀਅਤ ਹੈ ॥

ਬਨਾਂ ਵਿੱਚ ਭੂਤ ਰੈਹਦੇ ਹਨ ਪ੍ਰਥਵੀ ਪਰ ਲੋਕ ਪਸ਼ੂ ਪੰਖੀ ਦੂਧਾਧਾਰੀ ਹੈਨ ਪੌਣ ਅਹਾਰੀ ਸਰਪ ਹੈਨ ॥

ਤ੍ਰਿਨ ਕੇ ਭਛੱਯਾ ਧਨ ਲੋਭ ਕੇ ਤਜਯਾ ਤੇ ਤੋ ਗਊਅਨ ਕੇ ਭਯਾ ਬ੍ਰਿਖ ਭਯਾ ਮਾਨੀਅਤ ਹੈ ॥

ਘਾਹ ਖਾਨ ਵਾਲੇ ਧਨ ਦਾ ਲੋਭ ਨਾਂ ਕਰਨ ਵਾਲੇ ਗਾਈਆਂ ਦੇ ਜਾਏ ਬੈਲਾਂ ਨੂੰ ਮੰਨਿਆ ਜਾਂਦਾ ਹੈ ॥

ਨਭ ਕੇ ਉਡੱਯਾ ਤਾਂਹਿ ਪੰਛੀ ਕੀ ਵਡਯਾ ਦੇਤ ਬਗਲਾ ਬਿੜਾਲ ਬਕ ਧਿਆਨੀ ਠਾਨੀਅਤ ਹੈ ॥

ਆਕਾਸ਼ ਵਿਖੇ ਉਡਨ ਵਾਲਿਆਂ ਨੂੰ ਪੰਖੀ ਦੀ ਵਡਾਈ ਹੋਂਦੀ ਹੈ ਬਗਲੇ ਬਿਲੇ ਸਦਾ ਹੀ ਧਿਆਂਨ ਲਾਈ ਬੈਠਦੇ ਹਨ ॥

ਜੇਤੇ ਬਡੇ ਗਿਆਨੀ ਤਿਨੋਂ ਜਾਨੀ ਪੈ ਬਖਾਨੀ ਨਾਹਿ ਐਸੋ ਨਾ ਪ੍ਰਪੰਚ ਮਨ ਭੂਲ ਆਨੀਅਤ ਹੈ ॥ ੨ ॥

ਜੇਹੜੇ ਬੜੇ ਗਿਆਨੀ ਹੈਨ ਤਿਨਾਂ ਨੇ ਜਾਣੀਤਾ ਹੈ ਪਰ ਕੈਹ ਨਹੀਂ ਸੱਕੇ ਹੇ ਮਨ ਅਜੇਹੇ ਪ੍ਰਪੰਚਾਂ ਵਿੱਚ ਜੋ ਉਪਰ ਲਿਖੇ ਹਨ ਭੁਲ ਕਰਕੇ ਭੀ ਨਾ ਆਵੀਂ ॥

ਭੂਮ ਕੇ ਬੱਸਜ ਤਾਹਿ ਭੂਚਰੀ ਕੇ ਜਜਾ ਕਹੇ ਆਦਿਸੀ ਫਿਰਜਾ ਤੇ ਤੋ ਭੂਤ ਕੈ ਪਛਾਨੀਐ ॥

ਪ੍ਰਿਥਵੀ ਪਰ ਮੌਣ ਕਰਕੇ ਅਥਵਾ ਆਕਾਸ਼ ਵਿਖੇ ਆਦ੍ਰਿਸ਼ਟ ਫਿਰਨ ਕਰਕੇ ਮੁਕਤੀ ਨਹੀ ਪ੍ਰਾਪਤ ਹੋ ਸਕਦੀ ਨਹੀਂ ਤਾਂ ਚੂਹੇ ਅਰ ਚਿੜੀਆਂ ਨੂੰ ਮੁਕਤੀ ਮਿਲ ਜਾਂਦੀ ॥

ਫਲ ਕੇ ਭਛੱਯਾ ਤਾਹਿ ਬਾਂਦਰੀ ਕੇ ਜਯਾ ਕਹੇ ਆਦ੍ਰਿਸੀ ਫਿਰਯਾ ਤੇ ਤੋ ਭੂਤ ਕੈ ਪਛਾਨੀਐ ॥

ਫਲ ਖਾਣੇ ਵਾਲੇ ਨੂੰ ਮੁਕਤੀ ਨਹੀਂ ਮਿਲਦੀ ਜੇ ਮਿਲਦੀ ਤਾਂ ਬਾਂਦਰ ਸਦੀਵ ਫਲ ਹੀ ਖਾਂਦੇ ਹਨ ਅਲੋਪ ਰੈਹਣੇ ਕਰਕੇ ਭੂਤ ਮੁਕਤ ਨਹੀਂ ਹੋਏ ਨਹੀਂ ਤਾਂ ਭੂਤ ਮੁਕਤੀ ਪਾ ਜਾਂਵਦੇ ਜੋ ਨਜ਼ਰ ਨਹੀਂ ਆਂਵਦੇ ॥

ਜਲ ਕੇ ਤਰੱਯਾ ਕੋ ਗੰਗੇਰੀ ਸੀ ਕੈਹਤ ਜਗ ਆਗ ਕੇ ਭਛੱਯਾ ਸੋ ਚਕੋਰ ਸਮ ਮਾਨੀਐ ॥

ਪਾਨੀ ਵਿਖੇ ਗੰਗੇਰੀ ਸਦੀਵ ਰੈਹਦੀ ਹੈ ਅੱਗ ਦੇ ਖਾਂਨ ਵਿੱਚ ਚਕੌਰ ਪ੍ਰਧਾਨ ਹੈ ॥

ਸੂਰਜ ਸਿਵੱਯਾ ਤਾਹਿ ਕੌਲ ਕੀ ਬਡਾਈ ਦੇਤ ਚੰਦ੍ਰਮਾ ਸਿਵੱਯਾ ਕੋ ਕਵੀ ਕੈ ਪਹਿਚਾਨੀਐਂ ॥ ੩ ॥

ਸੂਰਜ ਨੂੰ ਕੌਲ ਸਦੀਵ ਪੂਜਦਾ ਹੈ ਕਵੀ ਚੰਦ੍ਰਮਾਂ ਨੂੰ ਪੂਜਦੇ ਹਨ ਸੋ ਕਵੀਆਂ ਦੀ ਨਿਆਈ ਮੁਕਤੀ ਨਹੀਂ ਪਾ ਸਕਦੇ ॥

ਨਾਰਾਇ ਕੱਛ ਮੱਛ ਤੰਦੂਆਂ ਕਹਤ ਸਭ ਕੌਲ ਨਾਭ ਕੌਲ ਜੈਸੇ ਤਾਲ ਮੇਂ ਰਹਿਤ ਹੈਂ ॥

ਇਸਤ੍ਰਾਂ ਤਾਂ ਨਾਰਾਇਨ ਨਾਉਂ ਕੱਛੂ ਮੱਛੂ ਤੰਦੂਆਂ ਦਾ ਭੀ ਹੋ ਸਕਦਾ ਹੈ ਕੌਲ ਆਦਿਕ ਸਭ ਪਾਨੀ ਵਿਖੇ ਹੀ ਰੈਹਦੇ ਹਨ ਮੁਕਤੀ ਨਹੀਂ ਪਾ ਸਕਦੇ ॥

ਗੋਪੀਨਾਥ ਗੋਜਰ ਗੋਪਾਲ ਸਭ ਧੈਨਾਚਾਰੀ ਰਿਖੀ ਕੇਸ਼ ਨਾਮ
ਕੇ ਮਹੰਤ ਕਹੀਅਤ ਹੈਂ ॥

ਗੋਪੀ ਨਾਥ ਤਾਂ ਗੁਜਰਾਂ ਦਾ ਨਾਉਂ ਹੈ ਧੈਨਾਚਾਰੀ ਗਊਚਰਾਨ ਵਾਲੇ ਦਾ ਹੈ ਰਿਖੀ ਕੇਸਦੇ ਨਾਉਂਦੇ ਮਹੰਤ ਬਹੁਤ ਹੀ ਹੈਨ ॥

ਮਾਧਵਾ ਭੰਵਰ ਐਅਟੇਰੂ ਕੋ ਕਨਜਾ ਨਾਮ ਕੰਸ ਕੋ ਬਧਜ਼ਾ
ਜਮਦੂਤ ਕਹੀਅਤ ਹੈਂ ॥

ਮਾਧੋ ਭੌਰ ਨੂੰ ਭੀ ਆਖਦੇ ਹਨ ਕੱਨਜਾ ਅਬਾਬੀਲ ਦਾ ਨਾਉਂ ਹੈ ਤੇ ਕੰਸ ਦੇ ਮਾਰਨ ਵਾਲੇ ਜਮਦੂਤ ਹੈਨ ॥

ਮੂੜ ਰੂੜ ਪੀਟਤ ਨਾ ਗੂੜਤਾ ਕੋ ਭੇਦ ਪਾਵੈਂ ਪੂਜਤ ਨਾ ਤਾਹਿ
ਜਾਂਕੇ ਰਾਖੇ ਰਹੀਅਤ ਹੈਂ ॥ ੪ ॥

ਵਿਸੇਸ਼ ਕਰਕੇ ਮੂਰਖ ਪਏ ਪਿਟਦੇ ਹਨ ਪ੍ਰੰਤੂ ਉਸ ਈਸ਼ੁਰ ਦੇ ਭੇਦ ਨੂੰ ਨਹੀਂ ਪਾਉਂਦੇ ਤੇ ਉਸਦੀ ਪੂਜਾ ਨਹੀਂ ਕਰਦੇ ਜਿਸਨੇ ਸਾਡੀ ਰਖਿਆ ਕਰਨੀ ਹੈ ॥

ਬਿਸ੍ਵਪਾਲ ਜਗਤ ਕਾਲ ਦੀਨ ਦਯਾਲ ਬੈਰੀ ਸਾਲ ਸਦਾ
ਪ੍ਰਤਿਪਾਲ ਜਮ ਜਾਲ ਤੇ ਰਹਿਤ ਹੈ ॥

ਸ੍ਰਿਸਟੀ ਪਾਲਕ, ਜਗਤ ਨਾਸ਼ਕ, ਦੀਨ ਦਯਾਲੂ, ਵੈਰੀ ਹਾਨਕ, ਸਦੀਵ ਪ੍ਰਤਿਪਾਲਣਾ, ਕਰਨ ਵਾਲਾ ਮੌਤ ਦੇ ਜਾਲ ਥੀਂ ਬਾਹਰਾ ਹੈ ॥

ਜੋਗੀ ਜਟਾ ਧਾਰੀ ਸਤੀ ਸਾਚੇ ਬੜੇ ਬ੍ਰਹਮਚਾਰੀ ਧਿਆਨ
ਕਾਜ ਭੁਖ ਪਿਆਸ ਦੇਹ ਪੈਸਹਤ ਹੈਂ ॥

ਜੋਗੀ ਜਟਾਧਾਰਦੇ ਹਨ ਸਤੀ ਸਚਬੋਲਦੇ ਹਨ ਬ੍ਰਹਮਚਾਰੀ ਧਿਆਨ ਕਰਕੇ ਭੁੱਖ ਪਿਆਸ ਨੂੰ ਸਰੀਰ ਪਰ ਸਹਾਰਦੇ ਹਨ ॥

ਨੇਵਲੀ ਕਰਮ ਜਲ ਪਾਵਕ ਪਵਨ ਹੋਮ ਅਧੋਮੁਖ ਏਕਪਾਉਂ
ਠਾਢੇ ਨਿਭਹੱਤ ਹੈਂ ॥

ਅੰਤ੍ਰੀਆਂ ਨੂੰ ਧੋਂਦੇ ਹਨ ਜਲ ਹੋਮ ਕਰਦੇ ਹਨ ਅਗਨੀ ਪਵਨ ਹੋਮ ਕਰਦੇ ਸਿਰ ਹੇਠਾਂ ਕਰਕੇ ਤਪਸਯਾ ਕਰਦੇ ਹਨ ਅਤੇ ਇਕੋ ਪੈਰ ਪਰ ਸਦੀਵ ਖੜੇ ਹੋਂਦੇ ਹਨ ॥

ਮਾਨਵ ਫਿਨਿੰਦ ਦੇਵ ਦਾਨਵ ਨਾਂ ਪਾਵੈਂ ਭੇਦ ਬੇਦ ਔ ਕਤੇਬ ਨੇਤ ਨੇਤਕੈ ਕਹਤ ਹੈ ॥ ੪ ॥

ਮਨੁਖ, ਸਰਪ, ਦਾਨੋਂ, ਦੇਵ ਭੇਤ ਨੂੰ ਨਹੀਂ ਪਾ ਸਕਦੇ ਬੇਦ ਤੇ ਕਤੇਬਾਂ ਭੀ ਬਾਰੰਬਾਰ ਉਚਾਰਦੇ ਹਨ ॥

ਨਾਚਤ ਫਿਰਤ ਮੋਰ ਬਾਂਦਰ ਕਰਤ ਘੋਰ ਦਾਮਨੀ ਅਨੇਕ ਭਾਉ ਕਰਿਓਈ ਕਰਤ ਹੈ ॥

ਮੋਰ ਨੱਚਦੇ ਰੈਹਦੇ ਹਨ ਬੱਦਲ ਗਜਦੇ ਹੈਨ ਬਿਜਲੀ ਕਈਤ੍ਰਾਂ ਨਾਲ ਹਾਵ ਭਾਵ ਕਰਦੀ ਹੀ ਰੈਹਦੀ ਹੈ ॥

ਚੰਦ੍ਰਮਾਂ ਤੇ ਸੀਤਲ ਨਾਂ ਸੂਰਜ ਤੇ ਤਪਤ ਤੇਜ਼ ਇੰਦ੍ਰ ਸੋ ਨਾਂ ਰਾਜਾ ਭਵ ਭੂਮ ਕੋ ਭਰਤ ਹੈ ॥

ਚੰਦ੍ਰਮਾ ਨਾਲੋਂ ਸੀਤਲ ਸੁਭਾਉ ਸੂਰਜ ਨਾਲੋਂ ਤੇਜਵਾਲਾ, ਇੰਦ੍ਰ ਵਰਗਾ ਰਾਜਾ ਭੀ ਕੋਈ ਨਹੀਂ ॥

ਸ਼ਿਵ ਤੇ ਤਪਸੀ ਔਰ ਬ੍ਰਹਮਾਂ ਸੇਨਾਂ ਬੇਦਚਾਰੀ ਸਨਤ ਕੁਮਾਰ ਸੇ ਤਪਸਯਾ ਨਾਂ ਅਨੰਤ ਹੈ ॥

ਸ਼ਿਵਾਂ ਵਰਗਾ ਤਪ ਕਰਨ ਵਾਲਾ, ਬ੍ਰਹਮਾਂ ਵਰਗਾ ਕੋਈ ਬੇਦ ਜਾਨਣ ਵਾਲਾ ਸਨਤ ਕੁਮਾਰ ਵਰਗਾ ਕੋਈ ਤਪਸਯਾ ਕਰਨ ਵਾਲਾ ਨਹੀਂ ਹੈ ॥

ਗਯਾਨ ਕੇ ਬਿਹੀਨ ਕਾਲ ਫਾਂਸ ਕੇ ਅਧੀਨ ਸਦਾ ਜੁਗਨ ਕੀ ਚੌਕੜੀ ਫਿਰਾਏਹੀ ਫਿਰਤ ਹੈ ॥ ੬ ॥

ਉਪਰਲੇ ਕਰਮ ਸਾਰੇ ਭੀ ਕਿਉਂਨਾਂ ਹੋਣ ਪ੍ਰੰਤੂ ਗਿਆਨ ਬਾਝੋਂ ਹੋਨ ਕਾਲ ਦੀ ਫਾਸੀ ਦੇ ਅਧੀਨ ਹੋਕੇ ਸਦੀਵ ਜਿਵੇਂ ਜੁਗਾਂ ਦੀ ਚੌਕੜੀ ਫਿਰਾਈ ਫਿਰਦੀ ਹੈ ਪ੍ਰਾਨੀ ਜਨਮਾ ਜਨਮਾਤ੍ਰਾਂ ਵਿਖੇ ਭਰਮਦਾ ਫਿਰਦਾ ਹੈ ॥

ਏਕ ਸ਼ਿਵ ਭਏ ਏਕ ਗਏ ਫੇਰ ਭਏ ਰਾਮ ਚੰਦ੍ਰ ਕ੍ਰਿਸ਼ਨ ਕੇ ਔਤਾਰ ਭੀ ਅਨੇਕ ਹੈਂ ॥

ਇੱਕ ਸ਼ਿਵ ਜਨਮੇ ਇੱਕ ਮਰੇ ਫਿਰ ਇਕ ਜਨਮੇ ਏਸੇ ਤਰਾਂ ਹੀ ਰਾਮਚੰਦ੍ਰ ਅਤੇ ਕ੍ਰਿਸ਼ਨ ਦੇ ਔਤਾਰ ਭੀ ਅਨੇਕਾਂ ਹੀ ਹੈਨ ॥

ਬ੍ਰਹਮਾਂ ਅਰ ਬਿਸ਼ਨ ਕੇਤੇ ਬੇਦ ਔ ਪੁਰਾਂਨ ਕੇਤੇ ਸਿਮ੍ਰਿਤਿ ਸਮੂਹਨ ਕੈ ਹੋਇ ਹੋਇ ਬਿਤਏ ਹੈਂ ॥

ਬ੍ਰਹਮਾਂ ਤੇ ਬਿਸ਼ਨ ਕਿਤਨੇ ਹੋਏ ਬੇਦ ਤੇ ਪੁਰਾਨ ਭੀ ਕਈ ਵੇਰੀ ਹੋਏ ਕਈ ਸਿਮ੍ਰਿਤੀਆਂ ਭੀ ਹੋਈਆਂ ਪਰ ਸਭ ਨਿਸ਼ਟ ਹੋਂਦੀਆਂ ਰਹੀਆਂ ॥

ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ ॥

ਕਿਤਨੇ ਮੋਨ ਦੀ ਮਦਾਰ ਤੇ ਅਸੁਨੀ ਕੁਮਾਰ ਕਿਤਨੇ ਹੀ ਅੰਸਾ ਅਵਤਾਰ ਹੋ ਹੋਕੇ ਓੜਕ ਨੂੰ ਕਾਲ ਦੇ ਵਸ ਹੋ ਗਏ ॥

ਪੀਰ ਔ ਪੈਗੰਬਰ ਕੇਤੇ ਗਨੇ ਨਾ ਪਰਤ ਏਤੇ ਭੂਮ ਹੀ ਤੇ ਹੋਇ ਕੈ ਫਿਰ ਭੂਮ ਹੀ ਮਿਲਏ ਹੈਂ ॥ ੭ ॥

ਪੀਰ ਪੈਗੰਬਰ ਕਿਤਨੇ ਹੀ ਹੋਏ ਜੋ ਗਿਣੇ ਹੀ ਨਹੀਂ ਜਾਂਦੇ ਸਭ ਧਰਤੀ ਪਰ ਉਪਜ ਕੇ ਧਰਤੀ ਵਿੱਚ ਹੀ ਮਿਲ ਗਏ ॥

ਜੋਗੀ ਜਤੀ ਬ੍ਰਹਮਚਾਰੀ ਬੜੇ ਬੜੇ ਛੱਤ੍ਰ ਧਾਰੀ ਛੱਤ੍ਰ ਹੀ ਕੀ ਛਾਯਾ ਕਈ ਕੋਸ ਲੌ ਚਲਤ ਹੈ ॥

ਬੜੇ ਬੜੇ ਜੋਗੀ ਜਤੀ ਬ੍ਰਹਮਚਾਰੀ ਜਤੀ ਤੇ ਰਾਜੇ ਹੋਏ ਜਿਨ੍ਹਾਂ ਦੇ ਛੱਤ੍ਰ ਦੀ ਛਾਯਾ ਕਈਆਂ ਕੋਹਾਂ ਤੀਕ ਜਾਂਦੀ ਸੀ ॥

ਬਡੇ ਬਡੇ ਰਾਜਨ ਕੇ ਦਾਬਤ ਫਿਰਤ ਦੇਸ ਵਡੇ ਬਡੇ ਰਾਜਨ ਕੇ ਦਰਬ ਕੋ ਦਲਤ ਹੈ ॥

ਵਡੇ ਵਡੇ ਰਾਜੇ ਦੇਸ ਨੂੰ ਦੂਸਰੇ ਪਾਸੋਂ ਖੋਹਦੇ ਰੈਂਹਦੇ ਸੇ ਤੇ ਵਡੇ ਵਡੇ ਰਾਜੇ ਰਣ ਨੂੰ ਜਿਤਦੇ ਰਹਿੰਦੇ ਸੇ ॥

ਮਾਨਸੇ ਮਹੀਪ ਔ ਦਿਲੀਪ ਕੈਸੇ ਛਤ੍ਰਧਾਰੀ ਬਡੋ ਅਭਿਮਾਂਨ ਭੁਜ ਦੰਡ ਕੋ ਕਰਤ ਹੈ ॥

ਮਾਨ ਵਰਗੇ ਵਡੇ ਰਾਜੇ ਦਲੀਪ ਵਰਗੇ ਛੱਤ੍ਰ ਧਾਰੀ ਵਡੇ ਅਭਿਮਾਂਨ ਨਾਲ ਬਲ ਦਿਖਾਉਂਦੇ ਰਹੇ ਹੈਨ ॥

ਦਾਰਾ ਸੇ ਦਲੀਸ੍ਰੂਰ ਦੁਰਜੋਧਨ ਸੇ ਮਾਨ ਧਾਰੀ ਭੋਗ ਭੋਗ ਭੂਮ ਅੰਤ ਭੂਮ ਮੈਂ ਮਿਲਤ ਹੈ ॥ ੮ ॥

ਦਾਰਾ ਵਰਗੇ ਦਿਲੀ ਦੇ ਬਾਦਸ਼ਾਹੁ ਦੁਰਯੋਧਨ ਵਰਗੇ ਮਾਨ ਧਾਰੀ ਭੋਗ ਭੋਗ ਕੇ ਪ੍ਰਿਥਵੀ ਨੂੰ ਅੰਤ ਪ੍ਰਿਥਵੀ ਵਿਖੇ ਹੀ ਮਿਲ ਗਏ ਹੈਨ ॥

ਸਿਜਦਾ ਕਰੇ ਅਨੇਕ ਤੋਪਚੀ ਕਪਟ ਭੇਸ਼ ਪੋਸਤੀ ਅਨੇਕ ਦਾ ਨਿਵਾਵਤ ਹੈ ਸੀਸ ਕੋ ॥

ਸਿਜਦੇ ਕਰਨੇ ਕਰਕੇ ਗਤੀ ਨਹੀਂ ਹੋ ਸਕਦੀ ਤੋਪਚੀ ਕਪਟ ਨਾਲ ਤੇ ਪੋਸਤੀ ਅਨੇਕ ਭਾਤਾਂ ਕਰਕੇ ਸਿਰ ਨਿਵਾਉਂਦੇ ਹੈਂ ॥

ਕਹਾ ਭਯੋ ਮਲ ਜੋ ਪੈ ਕਾਢਤ ਅਨੇਕ ਡੰਡ ਸੋ ਤੋ ਨਾ ਡੰਡੌਤ ਅਸ਼ਟਾਂਗ ਅਸਤੀਸ ਕੋ ॥

ਅਗਰ ਉਠਨ ਬੈਠਨ ਤੇ ਫਿਰ ਦੇ ਬਲ ਨਾਲ ਚਲਨ ਕਰਕੇ ਬੜੇ ਕਹਾਂਵਦੇ ਹਨ ਤਾਂ ਪੈਹਲਵਾਨ ਕਿਸਤ੍ਰਾਂ ਡੰਡ ਕਢਦੇ ਹਨ ॥

ਕਹਾਂ ਭਯੋ ਰੋਗੀ ਜੋ ਪੈਡਾਰਿਓ ਰਹਿਓ ਉਰਧ ਮੁਖ ਮਨ ਤੇ ਨ ਮੂਢ ਨਿਹਾਰਿਓ ਆਦੀਸ ਕੋ ॥

ਮੂੰਹ ਉਪਰ ਕਰਨੇ ਕਰਕੇ ਵਡਾਈ ਨਹੀਂ ਹੋ ਰੋਗੀ ਸਦਾ ਹੀ ਮੁਖ ਉਪਰ ਨੂੰ ਕਰਕੇ ਪਿਆ ਰੋਹਦਾ ਹੈ ਹੇ ਮਨ ਮੂਰਖ ਮਨ ਨਾਲ ਕਦੇ ਈਸ੍ਵਰ ਨੂੰ ਨਹੀਂ ਆਰਾਧਦਾ ਹੈ ॥

ਕਾਮਨਾਂ ਅਧੀਨ ਸਦਾ ਦਾਮਨਾ ਪ੍ਰਬੀਨ ਏਕ ਭਾਵਨਾਂ ਬਿਹੀਨ ਕੈਸੇ ਪਾਵੈ ਜਗਦੀਸ ਕੋ ॥ ੯ ॥

ਕਾਮਨਾ ਵਿੱਚ ਫਸ ਕੇ ਸਦਾ ਲਾਲਚ ਵਿੱਚ ਪ੍ਰਬੀਨ ਪੁਰਖ ਨਿਸਚੇ ਥੀਂ ਬਿਨਾਂ ਜਗਦੀਸ ਨੂੰ ਕਿਸੇਤ੍ਰਾਂ ਨਹੀ ਪਾ ਸਕਦਾ ਹੈ ॥

ਸੀਸ ਪਟਕਤ ਜਾਕੇ ਕਾਂਨ ਮੈਂ ਖਜੂਰਾ ਧਸੇ ਮੂੰਡ ਛਟਕਤ ਮਿਤ੍ਰ ਪੁਤ੍ਰ ਹੂੰਕੇ ਸ਼ੋਕ ਸੋ ॥

ਜਿਸ ਦੇ ਕੰਨ ਵਿਚ ਕੰਨਖਜੂਰਾ ਧਸੇ ਸੋ ਸਿਰ ਨੂੰ ਪਟਕਦਾ ਹੈ ਅਤੇ ਮਿੱਤ੍ਰਪੁਤ੍ਰ ਦੇ ਸ਼ੋਕ ਕਰਕੇ ਸਿਰ ਮਾਰੀਦਾ ਹੈ ॥

ਆਕ ਕੋ ਚਰਯਾ ਫਲ ਫੂਲ ਕੋ ਭਛਯਾ ਸਦਾ ਬਨਕੋ ਭ੍ਰਮਾਯਾ ਔਰ ਦੂਸਰਾ ਨਾ ਬੋਕ ਸੋ ॥

ਅੱਕ ਨੂੰ ਖਾਨ ਵਾਲਾ ਫਲ ਫੁਲ ਪਰ ਨਿਰਬਾਹ ਕਰਨੇ ਵਾਲੇ ਬਨ ਵਿਖੇ ਫਿਰਨ ਵਾਲਾ ਬਕਰੀ ਵਰਗਾ ਕੋਈ ਨਹੀਂ ॥

ਕਹਾਂ ਭਯੋ ਭੇਡ ਜਿਉਂ ਘ੍ਰਿਸਤ ਸੀਸ ਬ੍ਰਿਛਨ ਸੋ ਮਾਟੀ ਕੋ ਭੱਛਯਾ ਬੋਲ ਪੂਛ ਲੀਜੇ ਜੋਕ ਸੋ ॥

ਭੇਡਾਂ ਵਾਂਗੂ ਬ੍ਰਿਛਾਂ ਨਾਲ ਮੱਥਾ ਰਗੜਨਾਂ ਫਲ ਦਾਇਕ ਨਹੀਂ ਜੇ ਮਿਟੀ ਖਾਕੇ ਮੁਕਤੀ ਹੋਵੇ ਤਾਂ ਜੋਕ ਨਾਲੋਂ ਵਧ ਕੋਈ ਨਹੀਂ ॥

ਕਾਮਨਾਂ ਅਧੀਨ ਕਾਮ ਕ੍ਰੋਧ ਮੇਂ ਪ੍ਰਬੀਨ ਏਕ ਭਾਵਨਾਂ ਬਿਹੀਨ ਕੈਸੇ ਭੇਟੇ ਪ੍ਰਲੋਕ ਸੋ ॥ ੧੦ ॥

ਕਾਮਨਾਂ ਦੇ ਅਧੀਨ ਕਾਮ ਕ੍ਰੋਧ ਵਿਚ ਪਰਵਿਰਤ ਪ੍ਰੇਮ ਬੀਂ ਬਿਨਾਂ ਪੁਰਖ ਕਿਸੇ ਪ੍ਰਕਾਰ ਕਰਕੇ ਮੁਕਤੀ ਨਹੀਂ ਪਾ ਸਕਦਾ ॥

ਨਾਚਯੋਈ ਕਰਤ ਮੋਰ ਦਾਦਰ ਕਰਤ ਸ਼ੋਰ ਸਦਾ ਘਨਘੋਰ ਘਨ ਕਰਯੋਈ ਕਰਤ ਹੈਂ ॥

ਮੋਰ ਨਚਦੇ ਫਿਰਦੇ ਤੇ ਡੱਡੂ ਗਾਉਂਦੇ ਰੇਂਹਦੇ ਹਨ ਬਦਲ ਸਦਾ ਹੀ ਘਨ ਘੋਰ ਕਰਦਾ ਰੈਹਦਾ ਹੈ ॥

ਏਕ ਪਾਇ ਠਾਂਢੇ ਸਦਾ ਬਨ ਮੇਂ ਰਹਤ ਬ੍ਰਿਛ ਫੂਕ ਫੂਕ ਪਾਵ ਭੂਮ ਸ੍ਰਾਵਗ ਧਰਤ ਹੈਂ ॥

ਇਕ ਪੈਰ ਪਰ ਸਦਾ ਬ੍ਰਿਛ ਬਨ ਵਿਖੇ ਖੜੇ ਰੈਹਦੇ ਹਨ ਤੇ ਸ੍ਰਾਵਗੀ ਪੈਰਾਂ ਨੂੰ ਫੂਕ ਫੂਕ ਕੇ ਅੱਗੇ ਧਰਦੇ ਹਨ ॥

ਪਾਹਨ ਅਨੇਕ ਜੁਗ ਏਕ ਠੌਰ ਬਾਸ ਕਰੈ ਕਾਗ ਔਰ ਚੀਲ ਦੇਸ ਦੇਸ ਬਿਚਰਤ ਹੈਂ ॥

ਪਥਰ ਅਨੇਕਾਂ ਜੁਗਾਂ ਤੀਕ ਇਕ ਥਾਂ ਹੀ ਪਿਆ ਰੈਹਦਾ ਹੈ ਕਾਂ ਤੇ ਚੀਲਾਂ ਦੇਸਾਂ ਦੇਸਾਂ ਵਿੱਚ ਫਿਰਦੇ ਹੈਨ ॥

ਗਿਆਨ ਕੇ ਬਿਹੀਨ ਮਹਾਂ ਦਾਨ ਮੇਂ ਨਾਂ ਹੂਜੇ ਲੀਨ ਭਾਵਨਾਂ ਬਿਹੀਨ ਦੀਨ ਕੈਸੇ ਕੈ ਤਰਤ ਹੈ ॥ ੧੧ ॥

ਗਿਆਨ ਥੀਂ ਬਿਨਾਂ ਮਹਾਦਾਨ ਥੀਂ ਲੀਨ ਹੋਣ ਬਾਝੋਂ ਤੇ ਭਾਵਨਾਂ ਥੀਂ ਬਿਨਾਂ ਦੀਨ ਕਿਸਤ੍ਰਾਂ ਨਾਲ ਤਰ ਸਕਦਾ ਹੈ ॥

ਜੈਸੇ ਏਕ ਸ੍ਵਾਂਗੀ ਕਹੂੰ ਜੋਗੀ ਬੈਰਾਗੀ ਬਨੇ ਕਬਹੂੰ ਸੰਨਿਆਸ ਭੇਸ ਬਨ ਕੈ ਦਿਖਾਵਈ ॥

ਬਹੁ ਰੂਪੀਏ ਵਾਂਗੂ ਕਿਤੇ ਜੋਗੀ ਕਿਤੇ ਬੈਰਾਗੀ ਬਨ ਬੈਠਦਾ ਹੈ ਕਦੇ ਸੰਨਿਆਸੀ ਦਾ ਭੇਸ ਬਨਕੇ ਦਿਖਾਵਦਾ ਹੈ ॥

ਕਹੂੰ ਪੌਨ ਧਾਰੀ ਕਹੂੰ ਲਾਇ ਬੈਠੇ ਤਾਰੀ ਕਹੂੰ ਲੋਭ ਕੀ ਖ਼ੁਮਾਰੀ ਸੋ ਅਨੇਕ ਗੁਨ ਗਾਵਈ ॥

ਕਿਧਰੇ ਪੌਨ ਧਾਰੀ ਕਿਧਰੇ ਤਾੜੀ ਲਾਈ ਬੈਠਦਾ ਹੈ ਕਿਧਰੇ ਲੋਭ ਦੀ ਖ਼ੁਮਾਰੀ ਨਾਲ ਅਨੇਕਾਂ ਹੀ ਗੁਨ ਗਾਂਵਦਾ ਹੈ ॥

ਕਹੂੰ ਬ੍ਰਹਮਚਾਰੀ ਕਹੂੰ ਹਾਥ ਪੈ ਲਗਾਵੈ ਬਾਰੀ ਕਹੂੰ ਡੰਡ ਧਾਰੀ ਹੋਇਕੈ ਲੋਗਨ ਭਰਮਾਵਈ ॥

ਕਿਧਰੇ ਬ੍ਰਹਮਚਾਰੀ ਕਿਧਰੇ ਹਥ ਪਰ ਖੰਨ੍ਹੀ ਜਮਾਉਂਦਾ ਹੈ ਕਿਧਰੇ ਡੰਡ ਧਾਰੀ ਹੋਇ ਕਰਕੇ ਲੋਕਾਂ ਨੂੰ ਭਰਮਾਂਵਦਾ ਹੈ ॥

ਕਾਮਨਾਂ ਅਧੀਨ ਪਰਯੋ ਨਾਚਤ ਹੈ ਨਾਚਨ ਸੋ ਗਿਆਨ ਕੇ ਬਿਹੀਨ ਕੈਸੇ ਬ੍ਰਹਮ ਲੋਗ ਪਾਵਈ ॥ ੧੨ ॥

ਕਾਮਨਾਂ ਦੇ ਅਧੀਨ ਹੋ ਕਰਕੇ ਨਾਚ ਨਚਾਈ ਵਿਚ ਨੱਚਦਾ ਫਿਰਦਾ ਹੈ ਗਿਆਨ ਥੀਂ ਬਿਨਾਂ ਕਿਸੇ ਪ੍ਰਕਾਰ ਕਰਕੇ ਬ੍ਰਹਮ ਲੋਕ ਨਹੀ ਪਾ ਸਕਦਾ ਹੈ ॥

ਪੰਚ ਬਾਰ ਗੀਦਰ ਪੁਕਾਰੇ ਪਰੇ ਸੀਤ ਕਾਲ ਕੁੰਚਰ ਔ ਗਧਵਾ ਅਨੇਕ ਦਾ ਪੁਕਾਰਈ ॥

ਪਾਲੇ ਵਿਖੇ ਗਿਦੜ ਪੰਜ ਵੇਰੀ ਪੁਕਾਰਦੇ ਹੈਨ ਕੁੰਚਰ ਤੇ ਗਧੇ ਭੀ ਕਈ ਕਈ ਵਾਰੀ ਬਾਂਗਾਂ ਦੇਂਦੇ ਹੈਨ ॥

ਕਹਾਂ ਭਯੋ ਜੌ ਪੈ ਕਲਵਤ੍ਰ ਲੀਓ ਕਾਂਸ਼ੀ ਬੀਚ ਚੀਰ ਚੀਰ ਚੋਰਟਾ ਕੁਠਾਰਨ ਸੋ ਮਾਰਈ ॥

ਕੀਹ ਹੋਯਾ ਜੇਕਰ ਕਾਸ਼ੀ ਵਿਖੇ ਜਾਕੇ ਕਲਵਤ੍ਰ ਲੀਤਾ ਚੋਰ ਚੀਰ ਚੀਰ ਕੇ ਕੁਹਾੜਿਆ ਨਾਲ ਮਰੇ ਹੀ ਜਾਂਦੇ ਹਨ ।'

ਕਹਾਂ ਭਯੋ ਫਾਂਸੀ ਡਾਰਯੋ ਡੂਬਯੋ ਗੰਗ ਧਾਰ ਡਾਰ ਡਾਰ ਡਾਰ ਫਾਸ ਗਰ ਬਾਰ ਬਾਰ ਡਾਰਹੀ ॥

ਕੀਹ ਹੋਯਾ ਫਾਂਸੀ ਗਲ ਵਿਖੇ ਪਾਕੇ ਗੰਗਾ ਦੀ ਧਾਰ ਵਿਖੇ ਡੁੱਬ ਮਰਿਆ ਚੋਰ ਸਦਾ ਫਾਂਸੀ ਹੀ ਦਿੱਤੇ ਜਾਂਦੇ ਹਨ ॥

ਡੂਬੇ ਨਰਕ ਧਾਰ ਮੂੜ ਗਿਆਂਨਕੇ ਬਿਨਾਂ ਬਿਚਾਰ ਭਾਵਨਾਂ ਬਿਹੀਨ ਕੈਸੇ ਗਿਆਨ ਕੋ ਬਿਚਾਰ ਹੀ ॥ ੧੩ ॥

ਓਹੁ ਮੂਰਖ ਨਰਕਾਂ ਵਿਚ ਡੁੱਬਦੇ ਹਨ ਜੇਹੜੇ ਬਿਨਾਂ ਵਿਚਾਰ ਹੁੰਦੇ ਹਨ ਪ੍ਰੇਮ ਥੀਂ ਬਿਨਾਂ ਗਿਆਨ ਨਹੀਂ ਵਿਚਾਰਯਾ ਜਾਂਦਾ ॥

ਤਾਪ ਕੇ ਸਹੇਤੇ ਜੌਪੈ ਪਾਈਐ ਅਤਾਪ ਨਾਥ ਤਾਪਨਾ ਅਨੇਕ ਤਨ ਘਾਇਲ ਸਹਤ ਹੈਂ ॥

ਦੁਖ ਸਹਾਰਨੇ ਕਰਕੇ ਪ੍ਰਭੂ ਨਹੀਂ ਪ੍ਰਾਪਤ ਹੋ ਸਕਦਾ ਦੇਖੋ ਘਾਇਲ ਅਨੇਕ ਪ੍ਰਕਾਰ ਕਰਕੇ ਦੁਖ ਨੂੰ ਸਹਾਰਦਾ ਹੈ ॥

ਜਾਪਕੇ ਕੀਏ ਤੇ ਜੌਪੈ ਪਾਈਐ ਅਜਾਪ ਦੇਉ ਪੂਦਨਾ ਸਦੀਵ ਤੂੰਹੀ ਤੂੰਹੀ ਉਚਰਤ ਹੈਂ ॥

ਜਾਪ ਦੇ ਕਰਨੇ ਕਰਕੇ ਜੇ ਈਸ਼ਵਰ ਪ੍ਰਾਪਤ ਹੋਸਕੇ ਤਾਂ ਪੂਦਨਾ ਸਦਾ ਤੂੰਹੀ ਤੂੰਹੀ ਉਚਾਰਦਾ ਰੈਹਦਾ ਹੈ ॥

ਨਭਕੇ ਉਡੇਤੇ ਜੌ ਪੈ ਨਾਰਾਇਨ ਪਾਈਅਤ ਅਨਲ ਆਕਾਸ਼ ਪੰਛੀ ਡੋਲਯੋਈ ਕਰਤ ਹੈ ॥

ਆਕਾਸ਼ ਵਿਖੇ ਜਾਣ ਕਰਕੇ ਪ੍ਰਭੂ ਮਿਲ ਸਕੇ ਤਾਂ ਬੇਅੰਤ ਜਾਨਵਰ ਪੰਛੀ ਉਡਦੇ ਫਿਰਦੇ ਹਨ ॥

ਆਗ ਮੇਂ ਜਰੇ ਤੇ ਗਤ ਰਾਂਡ ਕੀ ਪਰਤ ਕਤ ਪਾਤਾਲ ਕੇ ਬਾਸੀ ਕਿਉਂ ਭੁਜੰਗ ਨਾ ਤਰਤ ਹੈ ॥ ੧੪ ॥

ਅੱਗ ਵਿੱਚ ਸੜਿਆਂ ਜੇ ਗਤ ਹੁੰਦੀ ਹੋਵੇ ਤਾਂ ਰੰਡੀਆਂ ਸਭ ਤਰਿ ਜਾਣ ਪਾਤਾਲ ਦੇ ਨਿਵਾਸੀ ਸਰਪ ਸਾਰੇ ਹੀ ਮੁਕਤ ਹੋ ਜਾਣੇ ਲੋੜੀਏ ॥

ਕੋਊ ਭਯੋ ਮੁੰਡੀਆਂ ਸੰਨਯਾਸੀ ਕੋਊ ਜੋਗੀ ਭਯੋ ਬ੍ਰਹਮਚਾਰੀ ਕੋਊ ਕੋਊ ਜੱਤੀ ਅਨ ਮਾਨਬੋ ॥

ਕੋਈ ਸਿਰ ਮੁੰਨਵਾਕੇ ਸੰਨਯਾਸੀ ਬਣਿਆ ਕੋਈ ਜੋਗੀ ਕੋਈ ਬ੍ਰਹਮਚਾਰੀ ਕੋਈ ਜਤੀ ਹੀ ਬਨ ਬੈਠਾ ॥

ਹਿੰਦੂ ਤੁਰਕ ਕੋਊ ਰਾਫ਼ਜ਼ੀ ਅਮਾਮ ਸ਼ਾਫ਼ੀ ਮਾਨਸ ਕੀ ਜਾਤ ਸਭੈ ਏਕੈ ਪੈਚਾਨਬੋ ॥

ਕੋਈ ਹਿੰਦੂ ਕੋਈ ਤੁਰਕ ਕੋਈ ਰਾਫ਼ਜ਼ੀ ਕੋਈ ਅਮਾਮ ਸ਼ਾਫ਼ੀ ਬਨ ਬੈਠਾ ਪ੍ਰੰਤੂ ਸਭ ਨੂੰ ਮਨੁਖ ਜਾਤ ਜਾਨਨਾ ਲੋੜੀਏ ॥

ਕਰਤਾ ਕਰੀਮ ਸੋਈ ਰਾਜ਼ਕ ਰਹੀਮ ਓਹੀ ਦੂਸਰੋ ਨਾ ਭੇਦ ਕੋਈ ਭੂਲ ਭਰਮ ਮਾਨਬੋ ॥

ਕਰਤਾ ਕਰੀਮ ਓਹੀ ਹੈ ਰਿਜ਼ਕ ਦੇਨ ਵਾਲਾ ਕ੍ਰਿਪਾਲੂ ਓਹੀ ਹੈ ਦੂਸਰਾ ਭੇਦ ਭਰਮ ਕੋਈ ਭੀ ਨਹੀਂ ਮੰਨਣਾ ਚਾਹੀਏ ॥

ਏਕਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ ਏਕ ਹੀ ਸਰੂਪ ਸਭੈ ਏਕ ਜੋਤ ਜਾਨਬੋ ॥ ੧੫ ॥

ਇਕਹੀ ਦੀ ਸੇਵਾ ਕਰਨੀ ਹੈ ਇਕੋ ਹੀ ਗੁਰਦੇਵ ਹੈ ਇਕ ਹੀ ਸਰੂਪ ਸਾਰੇ ਇਕ ਜੋਤ ਥੀਂ ਉਤਪਤ ਮੰਨਨੇ ਚਾਹੀਏ ॥

ਦੇਹੁਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ ਮਾਨਸ ਸਭੈ ਏਕ ਪੈ ਅਨੇਕ ਕੋ ਭਰਮਾਵ ਹੈਂ ॥

ਓਹੀ ਦੇਹੁਰਾ ਓਹੀ ਮਸੀਤ ਓਹੀ ਪੂਜਾ ਸੋਈ ਨਿਮਾਜ਼ ਹੈ ਪ੍ਰੰਤੂ ਪੁਰਖ ਭੁੱਲੇ ਹੋਏ ਪਏ ਭਟਕਦੇ ਹੈਨ ॥

ਦੇਵਤਾ ਔ ਦੇਵ ਜੱਛ ਗੰਧਰਬ ਤੁਰਕ ਹਿੰਦੂ ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪਰਭਾਵ ਹੈਂ ॥

ਦੇਵਤੇ, ਰਾਖਸ਼ ਮੱਛ ਗੰਧਰਬ ਤੁਰਕ ਹਿੰਦੂ ਇਹੁ ਸਭ ਦੇਸਾਂ ਦੇਸਾਂ ਦੇ ਪ੍ਰਭਾਵ ਹੈਨ ਵਾਸਤਵ ਵਿਖੇ ਮਨੁਖ ਜਾਤੀ ਇਕੋ ਹੀ॥

ਅੱਲਾ ਅਭੇਦ ਸੋਈ ਪੁਰਾਨ ਔ ਕੁਰਾਨ ਓਈ ਏਕਹੀ ਸ੍ਰਰੂਪ ਸਭੈ ਏਕਹੀ ਬਨਾਵ ਹੈਂ ॥

ਪ੍ਰਮੇਸ਼੍ਰਰ ਅਕਾਲ ਪੁਰਖ ਇਕ ਹੈ ਪੁਰਾਨ ਕੁਰਾਨ ਓਹੀ ਹੇ ਸਭ ਇਕਹੀ ਥੀਂ ਉਤਪਤ ਹੈ ਇਕਹੀ ਬਨਾਉਨ ਵਾਲਾ ਹੈ ॥

ਏਕੈ ਨੈਨ ਏਕੈ ਕਾਂਨ ਏਕੈ ਦੇਹ ਏਕੈ ਬਾਂਨ ਖਾਕ ਬਾਦ ਆਤਸ਼ ਔ ਆਬ ਕੋ ਰਲਾਉ ਹੈ ॥ ੧੬ ॥

ਇਕੋ ਜੇਹੇ ਨੈਨ ਇਕੋ ਜੇਹੇ ਕੰਨ ਇਕੋ ਵਰਗੀ ਦੇਹ ਇਕੋ ਵਰਗੀ ਰਸਨਾਂ ਮਿਟੀ, ਪੌਣ, ਅਗਨੀ ਤੇ ਪਾਣੀ ਦਾ ਰਲਾਉ ਹੈ ॥

ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉੱਠੇ ਨਿਆਰੇ ਨਿਆਰੇ ਹੋਇਕੈ ਫੇਰ ਆਗ ਮੇਂ ਮਿਲਾਇਗੇ ॥

ਜਿਸਤ੍ਰਾਂ ਨਾਲ ਇਕ ਅੱਗ ਥੀਂ ਕਰੋੜਾਂਹੀ ਚਿੰਗਿਆੜੇ ਉਠਦੇ ਹਨ ਪ੍ਰੰਤੂ ਫੇਰ ਵਖੋ ਵਖਰੇ ਹੋਕੇ ਅੱਗ ਵਿਖੇ ਹੀ ਆ ਸਮਾਉਂਦੇ ਹੈਨ ॥

ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈ ਧੂਰ ਕੇ ਕਨੂਕਾ ਫਿਰ ਧੂਰ ਮੇਂ ਸਮਾਇਗੇ ॥

ਇਕ ਧੂਰ ਤੇ ਜਿਸਤ੍ਰਾਂ ਅਨੇਕਾਂ ਹੀ ਧੂੜਾਂ ਹੋ ਜਾਂਦੀਆਂ ਹਨ ਪ੍ਰੰਤੂ ਫੇਰ ਉਡ ਉਡਕੇ ਧੂੜ ਵਿਖੇ ਹੀ ਸਮਾਉਂਦੀਆਂ ਹੈਨ ॥

ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈਂ ਪਾਨ ਕੇ ਤਰੰਗ ਸਭੈ ਪਾਨਹੀਂ ਕਹਾਇਗੇ ॥

ਜਿਸਤ੍ਰਾਂ ਨਦੀ ਥੀਂ ਕਈ ਪ੍ਰਕਾਰ ਦੀਆਂ ਲਹਿਰਾਂ ਉਠਦੀਆਂ ਹਨ ਵਾਸਤਵ ਵਿਚ ਸਾਰੇ ਪਾਨੀ ਹੀ ਕਹਾਉਂਦੇ ਹੈਨ ॥

ਐਸੇ ਬਿਸ੍ਵਰੂਪ ਤੇ ਅਭੂਤ ਭੂਤ ਪ੍ਰਗਟ ਹ੍ਵੈ ਤਾਹਿਤੇ ਉਪਜ ਸਭ ਤਾਂਹੀ ਮੇਂ ਸਮਾਇਗੇ ॥ ੧੭ ॥

ਏਸੇ ਤਰਾਂ ਹੀ ਸਭ ਕੁਛ ਪ੍ਰਮਾਤਮਾ ਅਕਾਲ ਪੁਰਖ ਥੀਂ ਉਤਪਤ ਹੋਨੇ ਜਿਸ ਵਿਖੇ ਹੀ ਲੀਨ ਹੋ ਜਾਂਦਾ ਹੈ ॥

ਕੇਤੇ ਕੱਛ ਮੱਛ ਕੇਤੇ ਉਨਕੋ ਕਰਤ ਭੱਛ ਕੇਤੇ ਅਛ ਵਛ ਹੁਇ ਸਪੱਛ ਉਡ ਜਾਹਿਗੇ ॥

ਕਿਤਨੇ ਹੀ ਕਛ ਤੇ ਮਛ ਹੈਨ ਕਈ ਉਨ੍ਹਾਂ ਨੂੰ ਭੀ ਖਾਂਦੇ ਹਨ ਕਈ ਕੁ ਜੀਵ ਪੰਖ ਲਗਾ ਕੇ ਅਕਾਸ਼ ਨੂੰ ਉਡ ਜਾਨਗੇ ॥

ਕੇਤੇ ਨਭ ਬੀਚ ਅਛ ਵਛ ਕਉ ਕਰੇਂਗੇ ਭਛ ਕੇਤਕ ਪ੍ਰਤਛ ਹੋਇ ਪਚਾਇ ਖਾਇ ਜਾਹਿਗੇ ॥

ਕਈਕੁ ਜੇਹੜੇ ਜੀਵ ਜੰਤੂ ਅਕਾਸ਼ ਵਿਖੇ ਵਿਚਰਦੇ ਹਨ ਉਨ੍ਹਾਂਨੂੰ ਖਾ ਜਾਂਦੇ ਹਨ ਕਈਕੁ ਪ੍ਰਗਟ ਹੋ ਕਰਕੇ ਖਾ ਕੇ ਡਕਾਰ ਤਕ ਭੀ ਨਹੀਂ ਲੈਂਦੇ ਹਨ ॥

ਜਲ ਕਹਾਂ ਥਲ ਕਹਾਂ ਗਗਨ ਕੇ ਗੌਨ ਕਹਾਂ ਕਾਲ ਕੇ ਬਨਾਇ ਸਭੈ ਕਾਲ ਹੀ ਚਬਾਇੰਗੇ ॥

ਸਮੁੰਦ੍ਰ, ਥਲ, ਅਕਾਸ਼ ਆਦਿਕ ਜਿਤਨੇ ਜੀਵ ਜੰਤ ਅਕਾਲ ਨੇ ਬਨਾਏ ਹਨ ਸਭ ਕਾਲ ਹੀ ਚਬ ਜਾਵੇਗਾ ॥

ਤੇਜ ਜਿਉਂ ਅਤੇਜ ਮੇਂ ਅਤੇਜ ਜਿਉਂ ਹ੍ਵੈ ਤੇਜ ਲੀਨ ਤਾਹੀਂ ਤੇ ਉਪਜ ਸਭੈ ਤਾਹਿ ਮੇਂ ਸਮਾਇਗੇ ॥ ੧੮ ॥

ਚਾਨਣਾਂ ਜਿਵੇਂ ਅੰਧੇਰੇ ਵਿਖੇ ਤੇ ਅੰਧੇਰਾ ਜਿਵੇਂ ਚਾਨਣ ਵਿਖੇ ਹੈ ਏਸੇ ਤਰਾਂ ਹੀ ਜੀਵ ਉਤਪਤ ਹੋਕੇ ਸਭ ਤਿਸਹੀ ਵਿਚ ਸਮਾ ਜਾਣਗੇ ॥

ਕੂਕਤ ਫਿਰਤ ਕੇਤੇ ਰੋਵਤ ਮਰਤ ਕੇਤੇ ਜਲਮੇਂ ਡੁਬਤ ਕੇਤੇ ਆਗ ਮੈਂ ਜਰਤ ਹੈ ॥

ਕਈ ਸ਼ੋਰ ਮਚਾਉਂਦੇ ਹਨ ਕਈ ਰੋਂਦੇ ਹਨ ਕਈ ਜਲ ਵਿਖੇ ਡੁਬਕੇ ਮਰਦੇ ਹਨ ਕਈ ਅੱਗ ਵਿਖੇ ਸੜ ਜਾਂਦੇ ਹਨ ॥

ਕੇਤੇ ਗੰਗ ਬਾਸੀ ਕੇਤੇ ਮਕਾ ਮਦੀਨਾ ਨਿਵਾਸੀ ਕੇਤਕ ਉਦਾਸੀ ਕੇ ਭ੍ਰਮਾਏਹੀ ਫਿਰਤ ਹੈ ॥

ਕਈ ਗੰਗਾ ਪਰ ਬਾਸ ਕਰਦੇ ਹਨ ਕਈ ਮਕੇ ਮਦੀਨੇ ਰੈਂਹਦੇ ਹਨ ਕਈ ਉਦਾਸੀ ਹੋ ਕੇ ਪਏ ਭਰਮਦੇਹਾਂ ਫਿਰਦੇ ਹਨ ॥

ਕਰਵਤ ਸਹਤ ਕੇਤੇ ਭੂਮ ਮੈਂ ਗਡਤ ਕੇਤੇ ਸੂਆ ਪੈ ਚੜ੍ਹਤ ਕੇਤੇ ਦੁਖ ਕੋ ਭਰਤ ਹੈ ॥

ਕਈ ਕਰਵਤ ਕਾਂਸ਼ੀ ਵਿਖੇ ਲੈਂਦੇ ਹਨ ਕਈ ਪ੍ਰਿਥਵੀ ਵਿੱਚ ਗਡੇ ਜਾਂਦੇ ਹਨ ਕਈ ਸੂਲੀ ਪਰ ਚੜ੍ਹਦੇ ਹਨ ਕਈ ਪ੍ਰਕਾਰ ਦੇ ਕਸ਼ਟ ਸਹਾਰਦੇ ਹਨ ॥

ਗੈਨ ਮੈਂ ਉਡਤ ਕੇਤੇ ਜਲ ਮੈਂ ਰਹਤ ਕੇਤੇ ਗਿਆਨ ਕੇ ਬਿਹੀਨ ਜਖ ਜਾਰੇਹੀ ਮਰਤ ਹੈ ॥ ੧੯ ॥

ਕਈ ਅਕਾਸ਼ ਪਰ ਉਡਦੇ ਹਨ ਕਈ ਜਲ ਵਿਖੇ ਰੈਹਦੇ ਹਨ ਪ੍ਰੰਤੂ ਗਿਆਨ ਥੀਂ ਬਿਨਾਂ ਸਭ ਬਿਅਰਥ ਹੈਨ ॥

ਸੋਧ ਹਰੇ ਦੇਵਤਾ ਬਿਰੋਧ ਹਾਰੇ ਦਾਨੋਂ ਵਡੇ ਬੋਧ ਹਾਰੇ ਬੋਧਕ ਪ੍ਰਬੋਧ ਹਾਰੇ ਜਾਪਸੀ ॥

ਦੇਵਤੇ ਸੋਚ ਸੋਚਕੇ, ਰਾਖਸ਼ ਗੁਸਾ ਕਰ ਕਰਕੇ, ਸਿਆਨੇ ਵਿਚਾਰ ਵਿਚਾਰ ਕਰਕੇ, ਜਪੀ ਜਪ ਕਰ ਕਰਕੇ ਹਾਰ ਗਏ ॥

ਘਸਹਾਰੇ ਚੰਦਨ ਲਗਾਇ ਹਾਰੇ ਚੋਆ ਚਾਰ ਪੂਜ ਹਾਰੇ ਪਾਹਨ ਚੜ੍ਹਾਇ ਹਾਰੇ ਲਾਪਸੀ ॥

ਕਈ ਚੰਦਨ ਘਸਦੇ ਘਸਦੇ, ਕਈ ਚੋਆ ਲਉਂਦੇ ਲਾਉਂਦੇ, ਕਈ ਮੂਰਤੀ ਨੂੰ ਪੂਜਦੇ ਤੇ ਪੁਸ਼ਪ ਚੜ੍ਹਾਉਂਦੇ ਚੜ੍ਹਾਉਂਦੇ ਥੱਕ ਗਏ ॥

ਗਾਏ ਹਾਰੇ ਗੋਰਨ ਮਨਾਇ ਹਾਰੇ ਮੜ੍ਹੀ ਮਟ ਲੇਪ ਹਾਰੇ ਭੀਤਨ ਲਗਾਏ ਹਾਰੇ ਛਾਪਸੀ ॥

ਕਬਰਾਂ ਨੂੰ ਮੰਨਦੇ ਮੜ੍ਹੀਆਂ ਮਟਾਂ ਦੀ ਸੇਵਾ ਕਰਦੇ ਕਰਦੇ ਕੰਧਾਂ ਲਿਪ ਲਿਪਕੇ ਭਗਵਾਨ ਨਾਥੀ ਛਾਪਾ ਲਵਾ ਲਵਾਕੇ ਮਰ ਗਏ ॥

ਗਾਵੇਹਾਰੇ ਗੰਧ੍ਰਬ ਬਜਾਇ ਹਾਰੇ ਕਿੰਕਰ ਸੀ ਪਚਹਾਰੇ
ਪੰਡਿਤ ਤਪੰਤ ਹਾਰੇ ਤਾਪਸੀ ॥

ਗੰਧ੍ਰਬ ਗਾਉਂ ਗਾਉਂਕੇ ਹਾਰੇ ਪਖਾਵਜੀ ਪਖਾਵਜਾ ਵਜਾ ਵਜਾ ਕੇ ਥੱਕ ਗਏ ਤਪੀਏ ਤੇ ਪੰਡਿਤ ਭੀ ਪਚ ਪਚਕੇ ਮਰ ਗਏ ॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਇਸ ਬਾਨੀ ਥੀਂ ਜੋ ਫਲ ਪ੍ਰਗਟ ਪਿਆ ਸੋ ਭਾਸਦਾ ਹੈ ਤੇ ਆਪਣੇ ਆਪ ਨੂੰ ਮਲੂਮ ਹੁੰਦਾ ਹੈ ਉਸਦੇ ਵਧਾਉਨ ਦੀ ਤੇ ਕਥਨਾਂ ਦੀ ਲੋੜ ਨਹੀਂ ਹੈ ਕਿਉਂਕਿ ਇਹੁ ਬਾਣੀ ਸਫਲ ਤੇ ਸੈਹਲ ਜਾਣੀ ਜਾਂਦੀ ਹੈ ਅਰਥਾਤ ਜੇਹੜਾ ਅਸਰ ਇਸ ਬਾਣੀ ਦਾ ਜਗਜਾਸੂਆਂ ਦੇ ਤੇ ਬੁਧਵਾਨਾਂ ਦੇ ਚਿਤ ਪਰ ਪੈਂਦਾ ਹੈ ਉਸਦੇ ਕਥਨਾਂ ਨੂੰ ਕੋਈ ਕਥ ਨਹੀਂ ਸਕਦਾ ਪ੍ਰੰਤੂ ਇਕ ਫਲ ਜੋ ਸਾਹਮਣੇ ਪਿਆ ਦ੍ਰਿਸ਼ਟੀ ਆਉਂਦਾ ਹੈ ਕਿ ਉਸਨੇ ਹਿੰਦੂਆਂ ਦੀ ਮਜ਼ਬੀ ਹਾਲਤ ਨੂੰ ਬੜੇ ਹੀ ਸੁੰਦਰ ਸਮੇਂ ਪਰ ਤੇ ਬੜਾ ਚੰਗਾ ਪਲਟਾਯਾ ਕਿਉਂਕਿ ਇਸ ਸਮੇ ਵਿਖੇ ਇਸ ਬਾਤ ਦੀ ਬੜੀ ਲੋੜ ਸੀ ਇਹੁ ਪਲਟਾ ਹਿੰਦੂਆਂ ਦੇ ਪੁਰਾਨੇ ਤੇ ਸਭ ਥੀਂ ਪਵਿਤ੍ਰ ਬੇਦਬਾਣੀ ਦੇ ਅਨੁਸਾਰ ਸੀ ਭਾਵੇਂ ਬ੍ਰਾਹਮਣ ਧਰਮ ਤੇ ਪੌਰਾਣਕ ਧਰਮ ਦੇ ਵਿਰੁਧ ਸੀ ਇਨ੍ਹਾਂ ਥੀਂ ਬਿਨਾਂ ਹਿੰਦੂਆਂ ਨੂੰ ਵੈਦਕ ਧਰਮ ਪਰ ਪੌਹਚਨਾਂ, ਤੇ ਧਰਮ ਪਰ ਅਸਥਿਰ ਰੈਹਨਾਂ ਤੇ ਹਿੰਦੂਆਂ ਦੀ ਕੌਮੀਅਤ ਦਾ ਉਤਪਤ ਹੋਣਾਂ ਕਠਨ ਸੀ ਤੇ ਹਿੰਦੂਆਂ ਦਾ ਇਸ ਨਿਯਮ ਪਰ ਅਮਿਲਨਾਂ ਬੜਾ ਹੀ ਦੁਰਲਭ ਸੀ ਏਸੇ ਸ੍ਰੀ ਗੁਰੂ ਗੋਬਿੰਦ

ਸਿੰਘ ਜੀ ਨੇ ਬਚਿਤ੍ਰ ਨਾਟਕ ਵਿਖੇ ਆਪਣੀ ਰਸਨਾ ਦੁਆਰਾ ਇਹੁ ਉਚਾਰਨ ਕੀਤਾ ਹੈ ਕਿ ਸਾਰੇ ਹੀ ਦੇਵਤੇ ਵਾਰੋ ਵਾਰੀ ਇਕ ਦੂਜੇਦੇ ਮਗਰੋਂ ਸਾਡੇ ਗੁਨਾਹਾਂ ਤੇ ਪਾਪਾਂ ਦੇ ਹਟਾਉਨ ਵਾਸਤੇ ਪ੍ਰਮੇਸ਼੍ਵਰ ਨੇ ਭੇਜੇ ਸੇ ਪ੍ਰੰਤੂ ਉਨ੍ਹਾਂਨੇ ਏਥੇ ਆਕੇ ਆਪੋ ਆਪਣੀ ਪੂਜਾ ਕਰਾਉਨੀ ਆਰੰਭ ਕਰ ਦਿੱਤੀ ਤੇ ਈਸ਼੍ਵਰ ਨੂੰ ਭੁਲਾ ਬੈਠੇ ਬ੍ਰਾਹਮਣਾਂ ਨੇ ਸੂਦਰਾਂ ਦੀ ਚਾਲ ਫੜ ਲਈਸੀ ਤੇ ਸ਼ਸਤ੍ਰੀਆਂ ਨੇ ਆਪਣੇ ਕਰ੍ਤਬ ਆਦਿਕ ਸਭ ਭੁਲਾ ਦਿੱਤੇ ਸੇ ਕਈ ਜੇਹੜੇ ਬਲ ਸਾਮ੍ਰਥਤਾ ਵਾਲੇ ਹੋਏ ਸੋਈ ਗੁਰੂ, ਪੀਰ, ਬਨ ਗਏ ਤੇ ਆਪੋ ਆਪਣੇ ਚਿਨ੍ਹ ਲਗਾ ਲਗਾ ਕੇ ਵਖੋ ਵਖਰੇ ਫ਼ਿਰਕੇ (ਧਰਮ) ਖੜੇ ਕਰਦੇ ਜਾਂਦੇ ਸੇ ਗੋਰਖਨਾਥ, ਰਾਮਾਨੁਜ, ਰਾਮਾਨੰਦ, ਸੰਕ੍ਰਾਚਾਰਜ ਆਦਿਕ ਨੇ ਆਪੋ ਆਪਣੇ ਪੰਥ ਪ੍ਰਚਲਤ ਕੀਤ ਮੁਹੰਮਦ ਨੇ ਉਪਦੇਸ਼ ਕੀਤਾ ਸੀ ਕਿ ਖ਼ੁਦਾ ਦੇ ਨਾਮ ਦੇ ਨਾਲ ਉਸਦਾ ਨਾਉਂ ਭੀ ਲੀਤਾ ਜਾਵੇ ਗਲ ਕਾਹਦੀ ਸਭਨਾਂ ਨੇ ਆਪੋ ਆਪਣਾਂ ਵਖੋ ਵਖਰਾ ਪੰਥ ਤੇ ਵਖੋ ਵਖਰੀ ਚਾਲ ਤਰੀਕਾ ਬਨਾ ਲਿਆ ਤੇ ਪੁਰਖਾਂ ਨੂੰ ਪ੍ਰਮੇਸ਼੍ਵਰ ਵਲੋਂ ਭੁਲਾ ਦਿੱਤਾ ਤੇ ਇਨ੍ਹਾਂ ਦੇ ਵਸੀਲੇ ਕਰਕੇ ਪੁਰਖਾਂ ਵਿਖੇ ਈਰਖਾ ਸ੍ਵੈਅਰਥਤਾ ਸ਼ਰਾਰਤ ਦ੍ਵੈਖ ਜ਼ੁਲਮ ਅਤੇ ਬੇਤਰਸੀ ਆਦਿਕ ਹੋਰ ਬੌਹਤ ਹੀ ਬੇਓੜਕੇ ਪਾਪ ਉਤਪਤ ਹੋਗਏ ਸਚਾਈ ਥੀਂ ਮਨੁਖਾਂ ਨੂੰ ਹਟਾ ਕਰਕੇ ਹੰਕਾਰ ਪਖੰਡ ਤੇ ਅਨੇਕ ਭਾਂਤਾਂ ਦੀ ਰਾਗ ਦਵੈਖ ਈਰਖਾ ਵਲ

ਖਿੰਚਕੇ ਲੈ ਗਏ ਸੋ ਜੇਹੜੇ ਪੁਰਖਾਂ ਨੂੰ ਸਤ ਉਪਦੇਸ਼ ਦੇਣ ਲਈ ਭੇਜਿਆ ਗਿਆ ਸੀ ਤਿਨ੍ਹਾਂ ਨੇ ਹੀ ਆਪੋ ਆਪਣੇ ਪੰਥ ਰਚਕੇ ਲੋਕਾਂ ਨੂੰ ਭਰਮਾਂ ਵੈਹਮਾਂ ਵਿਚ ਭਰਪੂਰ ਕਰ ਦਿੱਤਾ ਤੇ ਅਗਜਾਨੀ ਜੀਵਾਂ ਨੂੰ ਸਚਾ ਰਾਹ ਨਾਂ ਵਿਖਾਯਾ ॥

ਏਸ ਵਾਸਤੇ ਹੇ ਗੋਬਿੰਦ ਸਿੰਘ ਤੈਨੂੰ ਇਸ ਵਾਸਤੇ ਈਸ੍ਵਰ ਨੇ ਪ੍ਰਥਵੀ ਪਰ ਭੇਜਿਆ ਹੈ ਕਿ ਤੂੰ ਇੱਕ ਸਚਦਾ ਨੰਦ ਈਸ੍ਵਰ ਦੀ ਭਗਤੀ ਵਿਖੇ ਲੋਕਾਂ ਨੂੰ ਸਚ ਪੰਥ ਵਿਖੇ ਲਿਆਕੇ ਦੱਸ ਪ੍ਰੰਤੂ ਜੇਹੜੇ ਲੋਕ ਮੈਨੂੰ ਔਤਾਰ ਅਥਵਾ ਦੇਵਤਾ ਸ੍ਵਰੂਪ ਜਾਣਦੇ ਹਨ ਸੋ ਸਭ ਨਰਕ ਗਾਮੀ ਹੋਣਗੇ ਕਿਉਂਕਿ ਮੈਂ ਕੇਵਲ ਪੁਰਖ ਹਾਂ ਜੇਹੇ ਜੇਹੇ ਹੋਰ ਪੁਰਖ ਹਨ ਓਹੋ ਜੇਹਾ ਮੈਂ ਭੀ ਹਾਂ ਤੇ ਦੁਨੀਆਂ ਦਾ ਤਮਾਸ਼ਾ ਦੇਖਣ ਵਾਸਤੇ ਸੰਸਾਰ ਪਰ ਆਯਾ ਹਾਂ ਹਿੰਦੂ ਮੁਸਲਮਾਨਾਂ ਦਾ ਪੰਥ ਸਭ ਤੁਛ ਹੈਨ ਜੋਗੀ ਤੇ ਕੁਰਾਂਨ ਪੁਰਾਨ ਪੂਜਾਵਨ ਹਾਰੇ ਸਭ ਧੋਖੇ ਵਿਖੇ ਹੈਨ ਸਭ ਪੰਥ ਪਾਪਾਂ ਕਰਕੇ ਵਿਗੜ ਗਏ ਸੋ ਸੱਤ ਨੂੰ ਕੋਈ ਨਹੀਂ ਗ੍ਰੈਹਨ ਕਰਦਾ ਹੈਸੀ ਬੈਰਾਗੀ ਤੇ ਸੰਨਯਾਸੀਆਂ ਨੇ ਭੀ ਲੋਕਾਂ ਨੂੰ ਵਿਗਾੜ ਦਿੱਤਾ ਸੀ ਸਭਨਾਂ ਦੀ ਈਸ੍ਵਰ ਭਗਤੀ ਦਾ ਤ੍ਰੀਕਾ ਵਿਗੜ ਰਿਹਾ ਸੀ ਸਭ ਨਰਕਾਂ ਵਿਖੇ ਜਾਨਗੇ ਕਿਉਂਕਿ ਈਸ੍ਵਰ ਪੁਸਤਕਾਂ, ਦੇ ਵਰਕਿਆਂ ਪਰ ਨਹੀਂ ਹੈ ਸਗੋਂ ਓਹੁ ਇੱਕ ਅਕਾਲ ਹੈ ਤੇ ਸਚਾਈ ਅਤੇ ਭਗਤਾਈ ਕਰਕੇ ਪ੍ਰਤੀਤ ਹੋ ਸਕਦਾ ਹੈ ਮੈਨੂੰ ਤਾਂ ਈਸ੍ਵਰ ਦਾ ਹੀ ਸ੍ਵਰੂਪ ਚੌਹਾਂ ਪਾਸਿਆਂ

ਵਿਖੇ ਦਿਖਾਈ ਦੇਂਦਾ ਹੈ ਸੋ ਮੈਂ ਤਾਂ ਉਸੇ ਨੂੰ ਪ੍ਰਗਟ ਕਰਾਂਗਾ ਮੇਰੇ ਸਭਨਾਂ ਕੰਮਾਂ ਵਿਖੇ ਈਸ਼੍ਵਰ ਦੀ ਕ੍ਰਿਪਾ ਹੀ ਸਹਾਇਤਾ ਕਰਦੀ ਰਹੀ ਹੈ ਸਰਬ ਲੋਹ ਮੇਰਾ ਰਾਖਾ ਹੈ ਕੇਵਲ ਈਸ਼੍ਵਰ ਜੀ ਦੀ ਹੀ ਕ੍ਰਿਪਾ ਕਰਕੇ ਮੈਨੂੰ ਇਹੁ ਸੱਚਾ ਬਲ ਪ੍ਰਾਪਤ ਹੋਯਾ ਹੈ ਸੋ ਇਹੁ ਗਲ ਪ੍ਰਤੀਤ ਹੁੰਦੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਪੁਰਖਾਂ ਨੂੰ ਸਚਾਈ, ਪਵਿੱਤ੍ਰਤਾ, ਮੈਤ੍ਰਤਾ ਤੇ ਨਿਆਂਕਾਰੀ ਬਨਾਉਨ ਵਾਸਤੇ ਹੀ ਭੇਜੇ ਗਏ ਸੇ ਓਹੁ ਇੱਕ ਸਚਾ ਪੰਥ ਜੀਉਂਦਾ ਕਰਨ ਵਾਸਤੇ ਤੇ ਉਸਦਾ ਪ੍ਰਚਾਰ ਕਰਨ ਵਾਸਤੇ ਹੀ ਭੇਜਿਆ ਗਿਆ ਸੀ ਉਸਨੇ ਬੜੇ ਜ਼ੋਰ ਸ਼ੋਰ ਨਾਲ ਆਖਿਆ ਕਿ ਮੈਂ ਜੇਹੜੇ ਹਿੰਦੂ ਤੇ ਮੁਸਲਮਾਂਨ ਆਪਣੇ ਰਾਹਾਂ ਥੀਂ ਘੁਥੇ ਫਿਰਦੇ ਸੇ ਤੇ ਸੱਤ ਨੂੰ ਤਿਆਗਕੇ ਅਸੱਤ ਨੂੰ ਗ੍ਰੈਹਨ ਕਰੀ ਬੈਠੇ ਸੇ ਅਤੇ ਹਿੰਦੂ ਇੱਕ ਅਕਾਲ ਪੁਰਖ ਨੂੰ ਭੁਲਾ ਕੇ ਦੁਖੀ ਹੋ ਰਹੇ ਸੇ ਉਨ੍ਹਾਂ ਨੂੰ ਸਾਫ਼ ਕਿਹਾ ਕਿ ਕੁਰਾਂਨ ਪੁਰਾਨ ਵਿਖੇ ਹਰੀ ਨਹੀਂ ਹੈ ਤੇ ਮੂਰਤੀ ਪੂਜਾ ਪਿਤ੍ਰਾਂ ਨੂੰ ਪੂਜਨ ਕਰਕੇ ਕਦੇ ਭੀ ਸ਼ਾਂਤੀ ਪ੍ਰਾਪਤ ਨਹੀਂ ਹੋ ਸਕਦੀ ਪ੍ਰੰਤੂ ਗੁਰੂ ਗੋਬਿੰਦ ਸਿੰਘ ਜੀ ਵਿਖੇ ਸਭ ਥੀਂ ਬੜਾ ਭਾਰਾ ਗੁਣ ਜੋ ਸੀ ਸੋ ਇਹੁ ਸੀ ਕਿ ਉਸਨੇ ਨਾਂ ਤਾਂ ਇਹੁ ਦਾਵਾ ਕੀਤਾ ਕਿ ਓਹੁ ਈਸ਼੍ਵਰ ਦਾ ਔਤਾਰ, ਅਥਵਾ ਪੈਗੰਮਬਰ ਯਾ ਸਾਕਹੈ ਸਗੋਂ ਉਸਨੇ ਬੜੀ ਬੇਨਤੀ ਨਿੰਮ੍ਰਤਾਈ ਨਾਲ ਕਿਹਾ ਤਾਂ ਇਹੁ ਕਿਹਾ ਕਿ ਭਾਵੇਂ ਓਹੁ ਸੰਸਾਰ ਵਿਖੇ ਨੇਕੀ ਦਾ ਪ੍ਰਚਾਰ, ਤੇ ਸਤਤਾਈ ਨੂੰ ਦਿਖਾਉਨ ਵਾਸਤੇ ਤੇ ਇਕ

ਅਕਾਲ ਪੁਰਖ ਦਾ ਕੇਵਲ ਭਜਨ ਦਾ ਵਲ ਸਿਖਾਉਨ ਵਾਸਤੇ ਭੇਜਿਆ ਗਿਆ ਹੈਸੀ ਪ੍ਰੰਤੂ ਓਹੁ ਭੀ ਇਹੀ ਬਾਤ ਸੀ ਕਿ ਮੈਂ ਪੁਰਖ ਹਾਂ ਜੇਹੇ ਜੇਹੇ ਹੋਰ ਹੈਨ ਸਗੋਂ ਇਹੁ ਪ੍ਰਗਟ ਕੀਤਾ ਕਿ ਮੈਂ ਈਸ਼੍ਵਰ ਦਾ ਇੱਕ ਤੁਛ ਸੇਵਕ, ਤੇ ਉਸਦੀ ਕ੍ਰਿਪਾ ਦਾ ਅੰਸ਼ ਮਾਤ੍ਰ ਭੀ ਨਹੀਂ ਹਾਂ ਜੇਹੜਾ ਪੁਰਖ ਮੈਨੂੰ ਈਸ਼੍ਵਰ ਜਾਣ ਕੇ ਪੂਜਾ ਕਰੇਗਾ ਓਹੁ ਸਦੀਵ ਹੀ ਸੜਦੀ ਬਲਦੀ ਅਗਨੀ ਵਿਖੇ ਸੜਦਾ ਰਹੇਗਾ ਸੋ ਜੇਕਰ ਕੋਈ ਪੁਰਖ ਬੁਧਵਾਂਨ, ਦ੍ਵੈਖ ਕਰਕੇ ਅੰਨ੍ਹਾਂ ਨਾਂ ਹੋਵੇ, ਤੇ ਤ੍ਰਫਦਾਰੀ ਕਰਕੇ ਅੰਨ੍ਹੇਰੇ ਵਿੱਚ ਨਾਂ ਫਸਿਆ ਹੋਵੇ ਤਾਂ ਉਸਨੂੰ ਗੁਰੂ ਗੋਬਿੰਦ ਸਿੰਘ ਜੀ ਸਭਨਾਂ ਔਤਾਰਾਂ, ਤੇ ਪੈਗ਼ੰਮਬਰਾਂ, ਦਾ ਸਿਰਤਾਜ ਮਾਲੂਮ ਹੋ ਸਕਦਾ ਹੈ ਸਭਨਾਂ ਨੇ ਹੀ ਆਪਣੇ ਆਪਣੇ ਪੰਥ ਵਿਖੇ ਆਪਣੇ ਆਪ ਨੂੰ ਵਿਦਤ ਕੀਤਾ ਆਪਣੀ ਇਜ਼ਤ ਤੇ ਵਡਿਆਈ ਲਈ ਵਖੋ ਵਖਰੀਆਂ ਹੱਦਾਂ ਬਨਾਈਆਂ ਤੇ ਕੈਦ ਮੁਕਰਰ ਕੀਤੀ ਅਰ ਆਪਣੇ ਆਪ ਨੂੰ ਪ੍ਰਮੇਸ਼੍ਵਰ ਦਾ ਪਿਆਰਾ, ਪੁਤ੍ਰ, ਰਸੂਲ, ਪੈਗ਼ੰਬਰ ਆਖਿਆ ਤੇ ਆਪਣਾਂ ਦਰਜਾ ਪੁਰਖਾਂ ਨਾਲੋਂ ਕੁਛ ਉੱਚਾ ਠੈਹਰਾਯਾ ਸੀ ਪ੍ਰੰਤੂ ਗੁਰੂ ਗੋਬਿੰਦ ਸਿੰਘ ਜੀ ਆਪਣੇ ਆਪਦੀ ਇਜ਼ਤ ਦੀ ਪਰਵਾਹੁ ਨਹੀਂ ਕਰਦਾ ਸੀ ਸਗੋਂ ਆਪਣੇ ਆਪਨੂੰ ਇੱਕ ਈਸ਼੍ਵਰ ਦਾ ਚਾਕਰ ਸੇਵਕ ਪ੍ਰਗਟ ਕਰਦਾ ਹੈ ਤੇ ਦੂਸਰੇ ਪੁਰਖਾਂ ਵਰਗਾ ਹੀ ਆਪਣੇ ਆਪ ਨੂੰ ਦੱਸਦਾ ਹੋਯਾ ਸਚਾਈ ਤੇ ਪ੍ਰੇਮ ਦਾ ਉਪਦੇਸ਼ ਦੱਸਦਾ ਹੈ ਇਸਥੀਂ ਵੱਧਕੇ ਨਿਸ਼ਕਾਮ

ਤੇ ਪ੍ਰਉਪਕਾਰੀ ਉਪਦੇਸ਼ਕ ਕਿਸੇ ਨੇ ਨਹੀਂ ਹੋਣਾ ਇਸ ਕਰਕੇ ਇਸਦੀ ਉੱਰ ਪਦਵੀ ਉਪਦੇਸ਼ ਦੀ ਧਰਤੀ ਵਿਖੇ ਔਤਾਰਾਂ ਪੈਗ਼ੰਮਬਰਾਂ ਥੀਂ ਬੌਹਤ ਉੱਚੀ ਹਰ ਸਮੇ ਵਿਖੇ ਹੈ ਅਦੁਤੀ ਤੇ ਪ੍ਰਉਪਕਾਰੀ ਜੇਕਰ ਪ੍ਰਗਟ ਹੋਏ ਤਾਂ ਕੇਵਲ ਗੁਰੂ ਗੋਬਿੰਦ ਸਿੰਘ ਜੀ ਹੋਏ ਮੇਰਾ ਪ੍ਰਯੋਜਨ ਕਿਸੇ ਦੇਸ਼ ਤੇ ਕਿਸੇ ਕਾਲ ਅਥਵਾ ਕਿਸੇ ਧਰਮ ਦੇ ਵਡਿਆਂ ਦੀ ਛੁਟਾਈ ਦੱਸਨ ਦਾ ਤੇ ਤੌਹੀਨ ਕਰਨ ਦਾ ਨਹੀਂ ਹੈ ਅਸੀ ਉਨ੍ਹਾਂ ਸਾਰਿਆਂ ਨੂੰ ਹੀ ਭਾਵਨੀ ਪ੍ਰੇਮ ਨਾਲ ਦੇਖਦੇ ਹਾਂ ਕਿਉਂਕਿ ਸਮੇ ਸਮੇ ਪਰ ਉਨ੍ਹਾਂ ਨੇ ਪੁਰਖਾਂ ਨੂੰ ਨੇਕੀ ਕਰਨ ਵਾਸਤੇ ਭੀ ਉਪਦੇਸ਼ ਦਿਤੇ ਹਨ ਤੇ ਕਸ਼ਟ ਉਠਾਏ ਹਨ ਪ੍ਰੰਤੂ ਅਸੀ ਸੱਚ ਕੈਹਨ ਥੀਂ ਰੈਹ ਨਹੀਂ ਸੱਕਦੇ ਕਿ ਸਭਨਾਂ ਸਮਿਆਂ ਦੇ ਔਤਾਰਾਂ ਨੇ ਤੇ ਉਪਦੇਸ਼ਕਾਂ ਨੇ ਆਪਣੀ ਇਜ਼ਤ ਦੀ ਇੱਛਾ ਨੂੰ ਭੀ ਸਨਮੁਖ ਰਖਿਆ ਹੈ ਅਤੇ ਆਪਣੇ ਆਪਨੂੰ ਓਹੁ ਪਦਵੀ ਦਿੱਤੀ ਜੇਹੜੀ ਹੋਰਨਾਂ ਪੁਰਖਾਂ ਨਾਲੋਂ ਵੱਧਸੀ ਕੋਈ ਰੱਬ ਦਾ ਵਜ਼ੀਰ, ਕੋਈ ਦੋਸਤ, ਕੋਈ ਪੁੱਤ੍ਰ ਕੋਈ ਪ੍ਰਮੇਸ੍ਵਰ ਦਾ ਸ਼ਰੀਕ ਹੀ ਬਨ ਬੈਠਾ ਉਨ੍ਹਾਂ ਸਾਰਿਆਂ ਨੇ ਪ੍ਰਮੇਸ੍ਵਰ ਦਾ ਮਿਲਣਾ ਆਪੋ ਆਪਣੇ ਰਾਂਹੀ ਦੱਸਿਆ ਤੇ ਵਾਹਿਗੁਰੂ ਨੂੰ ਅਕਾਲ ਅੱਦੁਤੀ ਨਾ ਦਸਣੋ ਹੀ ਰਹੇ ਪ੍ਰੰਤੂ ਗੁਰੂ ਗੋਬਿੰਦ ਸਿੰਘ ਜੀ ਨੇ ਕਦੇ ਭੀ ਇਸ ਤਰਾਂ ਨਾਲ ਦਾਵੇ ਤਕ ਭੀ ਨਹੀਂ ਕੀਤਾ ਅਤੇ ਨਾਹੀ ਅਕਾਲ ਪੁਰਖ ਨਾਲ ਕੋਈ ਸਾਕ ਉਤਪਤ ਕੀਤਾ ਤੇ ਨਾਹੀ ਆਪਣੇ ਆਪ ਨੂੰ

ਪ੍ਰਮੇਸ਼੍ਵਰ ਹੀ ਬਨਾ ਬੈਠਾ ਖ਼ੁਦਗਰਜ਼ੀ ਤੇ ਨਿਜ ਸ੍ਵਾਰਥਤਾਈ ਨੂੰ ਪ੍ਰਮੇਸ਼੍ਵਰ ਦੇ ਕੰਮਾਂ ਵਿੱਚ ਭੀ ਲਿਆਂਦਾ ਸਗੋਂ ਸਾਫ਼ ਵਰਨੰਨ ਕੀਤਾ ਹੈ ਕਿ ਓਹੁ ਅਕਾਲ ਪੁਰਖ ਦੇ ਭੇਜੇ ਹੋਏ ਕੰਮ ਕਰਨ ਵਾਸਤੇ ਆਏ ਹਨ ਪ੍ਰੰਤੂ ਓਹੁ ਇੱਕ ਪੁਰਖ ਹੈਨ ਪ੍ਰਮੇਸ਼੍ਵਰ ਦੇ ਕੋਈ ਸਾਕ ਅੰਗ ਨਹੀਂ ਹਨ ਇਹੁ ਅਜੇਹਾ ਕੰਮ ਸੀ ਜੋ ਪੈਹਲੇ ਆਏ ਹੋਏ ਮਹਾਤਮਾਂ ਪੁਰਖਾਂ ਪਾਸੋਂ ਨਹੀਂ ਸੀ ਹੋ ਸਕਿਆ ਇਸੇ ਕਰਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸਭਨਾਂ ਸਮਿਆਂ ਦੇ ਮਹਾਤਮਾਂ ਪੁਰਖਾਂ ਨਾਲੋਂ (ਜਿਨ੍ਹਾਂ ਸਾਰਿਆਂ ਨੂੰ ਅਸੀ ਉੱਤਮ ਮੰਨਦੇ ਹਾਂ) ਵਧਕੇ ਉੱਤਮ ਤੇ ਵਸ਼ੇਸ਼ ਮਹਾਤਮਾਂ ਆਖਨ ਲਈ ਸਾਡੇ ਪਾਸ ਬੌਹਤ ਕਾਰਨ ਹੈਨ ਗਲ ਕਾਹਦੀ ਇਸੇ ਤਰਾਂ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿਖਾਂ ਨੂੰ ਸਚਾਈ ਤੇ ਪਵਿਤ੍ਰਤਾ ਦੇ ਉਪਦੇਸ਼ ਦੇਕੇ ਸਿਖਾਯਾ ਜੋ ਇੱਕ ਅਕਾਲ ਪੁਰਖ ਦੀ ਹੀ ਕੇਵਲ ਸੱਤਾਈ ਤੇ ਬਲ ਸਾਮ੍ਰਥਤਾ ਨੂੰ ਹੀ ਧਿਆਨ ਕਰਕੇ ਉਸਦਾ ਭਜਨ ਭਗਤੀ ਕਰਨੀ ਲੋੜੀਏ ਹੋਰ ਕਿਸੇ ਸ਼ਿਵ ਲਿੰਗ ਆਦਿਕ ਨੂੰ ਯਾ ਪੁਰਖ ਨੂੰ ਉਸਦੀ ਭਗਤੀ ਕਰਕੇ ਉਸ ਸਾਮ੍ਰਥ ਈਸ਼੍ਵਰ ਨਾਲ ਰਲਾ ਕੇ ਉਸਦੀ ਪਤ ਨਹੀਂ ਗਵਾਉਣੀ ਚਾਹੀਏ ਪ੍ਰਮਾਤਮਾਂ ਸਾਰੀ ਸ੍ਰਿਸ਼ਟੀ ਦਾ ਕਰਤਾ ਹੈ ਇਸਤ੍ਰਾਂ ਨਾਲ ਗੁਰੂ ਗੋਬਿੰਦ ਸਿੰਘ ਜੀਨੇ ਉਪਦੇਸ਼ ਸਿਖ੍ਯਾ ਦੇ ਦੇਕੇ ਪੁਰਖਾਂਨੂੰ ਪ੍ਰਮੇਸ਼੍ਵਰ ਵਲ, ਹਿੰਦੂਆਂ ਨੂੰ ਮੂਰਤੀ ਪੂਜਾ ਥੀਂ ਹਟਾਯਾ ਤੇ ਏਕਤਾ ਅਕਾਲ ਪੁਰਖ ਦੀ ਅਤੇ ਦੇਸ਼ ਭਗਤੀ

ਦਾ ਆਦੀ ਬਨਾਯਾ ਓੜਕ ਨੂੰ ਬੁਤ ਪੂਜਣੋਂ ਮਨਾ ਕਰਕੇ ਈਸ਼੍ਵਰ ਭਗਤੀ ਵਲ ਲਿਆਂਦਾ ਭਰਮਾਂ ਵੈਹਮਾਂ ਥੀਂ ਕਢਕੇ ਬਾਹਰ ਕੀਤਾ ਤੇ ਇਸੇ ਤਰਾ ਹੀ ਤਿਆਗ ਵਲੋਂ ਭੀ ਉਪਦੇਸ਼ ਦ੍ਵਾਰਾ ਮਨਾ ਕੀਤਾ, ਤਿਆਗ ਤੇ ਸੰਸਾਰਕ ਪਦਾਰਥਾਂ ਨੂੰ ਮਿਥਿਆ ਜਾਣਨਾ ਸੰਖੀਏ ਵਤਤੇ ਰਾਗ ਵੈਰਾਗ ਦੇ ਧਿਆਂਨ ਵਲੋਂ ਹਟਾਕੇ ਕਰਮਾਂ ਦੇ ਧਰਮਾਂ ਪਰ ਚਲਾਯਾ ਜੇਹੜੇ ਲੋਕ ਇਕ ਕੀੜੀ ਮਰਨੇ ਦੇ ਕਾਰਨ ਪਾਪੀ ਬਨ ਜਾਂਦੇ ਸੇ ਉਨ੍ਹਾਂ ਨੂੰ ਸਿਖਾਯਾ ਕਿ ਦੇਸ਼ ਤੇ ਧਰਮ ਦੀ ਰਖਿਆ ਵਾਸਤੇ ਕੋਈ ਪਾਪ ਨਹੀਂ ਸਗੋਂ ਪੁੰਨ ਹੈ ਜੇਹੜਾ ਧਿਆਨ ਹਿੰਦੂਆਂ ਦਾ ਕਾਇਰਤਾ, ਨਿਰਬਲਤਾ ਤੇ ਓੜਕ ਵਲ ਲਈ ਜਾਂਦਾ ਸੀ ਸਗੋਂ ਅੰਤ ਪ੍ਰਯੰਤ ਪ੍ਰਹੁਚਹੀ ਚੁਕਾਸੀ ਉਸਨੂੰ ਅਗਾਹਾਂ ਵਧਨ ਥੀਂ ਬੰਦ ਕੀਤਾ ਤੇ ਹਿੰਦੂਆਂ ਨੂੰ ਇੱਕ ਬਲਵਾਨ ਤੇ ਦੁਖ ਸਹਾਰਨ ਜੋਗੀ ਕੌਮ ਬਨਾਕੇ ਛਡਿਆ ਸਗੋਂ ਜੇਹੜੇ ਧਰਮ ਦੇ ਛੱਡਨ ਤਿਆਗਨ ਲਈ ਬਹਾਨੇ ਹੀ ਤਕਾਉਂਦੇ ਸੇ ਉਨ੍ਹਾਂਨੂੰ ਇਤਨਾਂ ਪੁਸ਼ਟ ਕੀਤਾ ਕਿ ਧਰਮ ਦੀ ਖ਼ਾਤ੍ਰ ਉਨ੍ਹਾਂ ਨੂੰ ਜਾਨਾਂ ਦੇਣੀਆਂ ਇਕ ਖੇਡ ਬਨ ਗਇਆ ਤੇ ਅਜੇਹੇ ਸੂਰ ਬੀਰ ਬਲਵਾਨ ਬਨਾ ਦਿੱਤੇ ਕਿ ਜਿਨ੍ਹਾਂ ਦੇ ਬੀਰਤਾ ਤੇ ਜੁਵਾਂਨ ਮਰਦੀ ਦੇ ਹੱਥ ਹੁਣ ਤਕ ਸੰਸਾਰ ਨੂੰ ਹੱਕਾ ਬੱਕਾ ਕਰ ਰਹੇ ਹੈਨ ਜਿਨ੍ਹਾਂ ਦੀ ਮੇਹਨਤ ਤੇ ਜਾਨ ਬਾਜ਼ੀ ਦੀ ਮਸ਼ਹੂਰੀ ਸਾਰੇ ਹੀ ਸੰਸਾਰ ਵਿਖੇ ਵਿਦਤ ਹੋ ਰਹੀ ਹੈ ਇਹੁ ਸਭ ਗਲਾਂ ਉਸੇ ਅਸਰ ਦਾ ਫਲ

ਹੈਨ ਕਿ ਜੇਹੜੀਆਂ ਗੁਰੂ ਗੋਬਿੰਦ ਸਿੰਘ ਜੀ ਨੇ ਸਿਖਾਂ ਵਿਖੇ ਦੇਸ਼ ਭਗਤੀ, ਦਾ ਜੋਸ਼, ਤੇ ਈਸ਼੍ਵਰ ਭਗਤੀ ਵਿਖੇ ਉਨ੍ਹਾਂ ਨੂੰ ਸਿਖਾਈਆਂ ਸੇ ਜਿਨਾਂ ਚਿਰ ਪੁਰਖ ਦਾ ਧਰਮ ਇੱਕ ਦੂਜੇ ਨਾਲ ਪਿਆਰ ਕਰਨ ਦੀ ਆਗਿਆ ਨਾਂ ਦੇਂਦਾ ਹੋਵੇ ਤੇ ਇਕ ਨਿਯਮ ਪਰ ਉਨ੍ਹਾਂ ਨੂੰ ਇੱਕਤ੍ਰ ਨਾਂ ਕਰਦਾ ਹੋਵੇ ਉਤਨਾਂ ਚਿਰ ਤਕ ਕੋਈ ਪੰਥ ਯਾ ਧਰਮ ਉਨਤੀ ਨਹੀਂ ਕਰ ਸਕੇਗਾ ਮਹਾਂਬਲੀ ਈਸ੍ਵਰ ਦਾ ਆਸਰਾ ਛੱਡਨ ਕਰਕੇ ਤੇ ਮੂਰਤੀ ਅਤੇ ਪੁਰਖ ਧਰਮ ਦਾ ਸਹਾਰਾ ਲੈਣ ਕਰਕੇ ਨਿਰਬਲ ਹੋ ਗਏ ਸੇ ਤਿਨਾਂ ਨੂੰ ਇੱਕ ਜਾਤੀ ਈਸ਼੍ਵਰ ਦੇ ਭਗਤ ਬਨਾਕੇ ਇੱਕ ਨਿਸ਼ਾਨੇ ਪਰ ਵਿਚਾਰ ਕਰਨ ਦੇ ਯੋਗ ਗੁਰੂ ਜੀ ਨੇ ਪ੍ਰਬੰਧ ਕਰਕੇ ਇੱਕ ਬਲਵਾਨ ਪੰਥ ਬਨਾ ਦਿੱਤਾ ਧਰਮ ਉਪਦੇਸ਼ ਦੇ ਅਮਲ ਵਿੱਚ ਜਿਤਨੀਕ ਉਨ੍ਹਾਂ ਦੀ ਸਿਖ੍ਯਾ ਸੀ ਓਹੁ ਸਭ ਵੇਦਾਂ ਦੇ ਅਨਕੂਲ ਸਨ ਭਾਵੇਂ ਗੁਰੂ ਗੋਬਿੰਦ ਸਿੰਘ ਜੀ ਸੰਸਕ੍ਰਿਤ ਵਿਦਿਆ ਵਿਖੇ ਬੜੇ ਨਿਪੁਨ ਨਹੀਂ ਸੇ ਪ੍ਰੰਤੂ ਵਿਦਿਆ ਥੀਂ ਖਾਲੀ ਭੀ ਨਹੀਂ ਸੇ ਉਸਨੇ ਵੇਦਾਂ ਤੇ ਪੁਰਾਣਾਂ ਦੀ ਸਿਖ੍ਯਾ ਸਾਰੀ ਬ੍ਰਾਹਮਣਾਂ ਪਾਸੋਂ ਸੁਣੀ ਪ੍ਰੰਤੂ ਉਸਨੇ ਆਪਣਾ ਉਪਦੇਸ਼ ਆਪਣੀ ਦੇਸ਼ ਭਾਸ਼ਾ ਵਿਖੇ ਹੀ ਆਰੰਭ ਕੀਤਾ ਸੰਸਕ੍ਰਿਤ ਵਲ ਵਧਕੇ ਧਿਆਨ ਨਾਂ ਦੇਣ ਦਾ ਕਾਰਨ ਇਹੁ ਜਾਣਿਆਂ ਜਾਂਦਾ ਹੈ ਸਗੋਂ ਠੀਕ ਪ੍ਰਤੀਤ ਹੁੰਦਾ ਹੈ ਕਿ ਉਸ ਵੇਲੇ ਸੰਸਕ੍ਰਿਤ ਬੋਲੀ ਬੋਹਤ ਘਟ ਬੋਲਦੇ ਸੇ ਤੇ ਥੋੜੇ ਜੇਹੇ

ਹੀ ਪੁਰਖ ਜੋ ਬ੍ਰਾਹਮਨ ਹੈਨ ਸੋਈ ਜਾਣਦੇ ਸੇ ਇਸ ਕਰਕੇ ਓਹੁ ਆਪਣੇ ਕੰਮ ਵਿਖੇ ਸੰਸਕ੍ਰਿਤ ਬੋਲੀ ਨੂੰ ਲਿਆਉਣਾਂ ਲਾਭ ਦਾ ਇੱਕ ਨਹੀਂ ਵਿਚਾਰਦੇ ਸੇ ਕਿਉਂਕਿ ਸੰਸਕ੍ਰਿਤ ਨੇ ਜਿਨਾਂ ਲੋਕਾਂ ਨੂੰ ਪ੍ਰੇਰਨਾਸੀ ਉਨ੍ਹਾਂ ਨੂੰ ਤਾਂ ਇਸ ਬਾਤ ਦਾ ਪਤਾ ਭੀ ਨਹੀਂ ਸੀ ਕਿ ਸੰਸਕ੍ਰਿਤ ਕੀਹ ਹੁੰਦੀ ਹੈ ਸੋ ਗੁਰੂ ਜੀ ਦੇ ਬਚਨਾਂ ਅਨੁਸਾਰ ਪ੍ਰਤੀਤ ਹੁੰਦਾ ਹੈ ਕਿ ਓਹੁ ਉਪਦੇਸ਼ ਦੇ ਜ਼ਰੀਏ ਦੇਸ਼ ਦੀ ਬੋਲੀ ਨੂੰ ਨਾਂ ਰਖਨਾ ਕੇਵਲ ਨਾਂ ਮੁਨਾਸਬ ਹੀ ਨਹੀਂ ਮੰਨਦਾ ਸੀ ਸਗੋਂ ਦੁਖ ਦਾਇੱਕ ਤੇ ਨੁਕਸਾਨ ਪੁਚਾਉਨ ਵਾਲੀ ਮੰਨਦਾ ਸੀ ਇਸਦਾ ਕਾਰਨ ਇਹੀ ਹੈ ਕਿ ਓਹੁ ਚੰਗੀ ਤਰਾਂ ਜਾਣ ਚੁਕਾ ਸੀ ਕਿ ਹਿੰਦੂਆਂ ਦੇ ਘਾਟੇ ਦਾ ਕਾਰਨ ਸਭਨੀ ਪਾਸੀਂ ਬ੍ਰਾਹਮਣੀ ਸਿਖਜਾ ਹੀ ਹੈ ਤੇ ਬ੍ਰਾਹਮਣਾਂ ਨੇ ਵਿਦਯਾ ਦੀ ਕੁੰਜੀ ਆਪਣੇ ਹੀ ਹੱਥ ਵਿਚ ਰਖਕੇ ਕੌਮ ਨੂੰ ਮੂਰਖ ਬਣਾ ਦਿੱਤਾ ਹੈ ਅਤੇ ਉਨ੍ਹਾਂ ਦੀ ਮੂਰਖਤਾ ਦੇ ਕਾਰਨ ਆਪ ਲਾਭ ਉਠਾਉਂਦੇ ਹੈਨ ਤੇ ਜੇਹੋ ਜੇਹਾ ਸਮਾ ਆਪਣੇ ਲਾਭ ਦਾ ਦੇਖਦੇ ਹਨ ਓਹੀ ਜੇਹੀ ਸਿਖਜਾ ਸੁਨਾਦੇਂਦੇ ਹਨ ਸੋ ਜੇਕਰ ਗੁਰੂ ਗੋਬਿੰਦ ਸਿੰਘ ਜੀ ਅ ਪਣੇ ਉਪਦੇਸ਼ ਤੇ ਵਿਚਾਰਦੇ ਪਰ-ਵਰਤ ਕਰਨ ਦਾ ਵਸੀਲਾ ਸੰਸਕ੍ਰਿਤ ਬੋਲੀ ਨੂੰ ਕਰਦਾ ਤਾਂ ਓਹੁ ਕਦੇ ਭੀ ਆਪਣੇ ਕੰਮ ਨੂੰ ਸਿਰੇ ਨਾਂ ਚਾੜ ਸਕਦਾ ਇਹੁ ਡਰ ਉਨ੍ਹਾਂ ਦੇ ਸਨਮੁਖ ਸੀ ਜੇਹੜਾ ਸੰਸਕ੍ਰਿਤ ਬੋਲੀ ਵਿਚ ਅਥਵਾ ਕਿਸੇ ਹੋਰਸ ਬੋਲੀ ਵਿੱਚ ਆਪਣੇ ਖ਼ਿਆਲਾਂ ਨੂੰ ਪ੍ਰਗਟ

ਕਰਨ ਵਿੱਚ ਹੋਣਾ ਸੀ ਤੇ ਜੇਹੜੀ ਬ੍ਰਾਹਮਣਾਂ ਦੀ ਪੂੰਜੀ ਸੀ ਕਿਉਂਕਿ ਜੇ ਗੁਰੂ ਜੀ ਸੰਸਕ੍ਰਿਤ ਬੋਲੀ ਵਿਖੇ ਆਪਣਾ ਦੇਸ਼ ਭਗਤੀ ਦਾ ਉਪਦੇਸ਼ ਕਰਦੇ ਤਾਂ ਫੇਰ ਸਭ ਕੁਛ ਬ੍ਰਾਹਮਣਾਂ ਦੇ ਹੱਥ ਹੀ ਆ ਜਾਣਾ ਸੀ ਜਿਵੇਂ ਚਾਹੁੰਦੇ ਉਨ੍ਹਾਂ ਦੇ ਉਪਦੇਸ਼ ਨੂੰ ਸਿੱਧਾ ਪੁੱਠਾ ਕਰ ਲੈਂਦੇ ਮਰਜ਼ੀ ਆਉਂਦੀ ਤਾਂ ਭਾਵੇਂ ਪ੍ਰਗਟ ਭੀ ਕਰਦੇ ਯਾ ਨਾਂ ਕਰਦੇ ਅਤੇ ਜਿਨ੍ਹਾਂ ਲੋਕਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਆਪ ਣੀ ਰਸਨਾ ਦ੍ਵਾਰਾ ਉਪਦੇਸ਼ ਕਰਨਾ ਸੀ ਓਹੁ ਸੰਸਕ੍ਰਿਤ ਦੇ ਉਪਦੇਸ਼ ਥੀਂ ਕੀਹ ਲਾਭ ਉਠਾ ਸਕਦੇ ਸੋ ਏਹੀ ਕਾਰਨ ਹੈ ਕਿ ਉਨ੍ਹਾਂ ਨੇ ਸੰਸਕ੍ਰਿਤ ਵਿਦ੍ਯਾ ਦੇ ਪੜ੍ਹਨ ਪੜ੍ਹਾਉਨ ਵਲ ਬੌਹਤ ਧਿਆਨ ਨਹੀਂ ਕੀਤਾ ਤੇ ਆਪਣੇ ਉਦੇਸ਼ ਦਾ ਜ਼ਿਰੀਆਂ ਆਪਣੇ ਪੂਰਬਲੇ ਗੁਰੂਆਂ ਵਾਂਗੂ ਆਪਣੀ ਪੰਜਾਬੀ ਬੋਲੀ ਹੀ ਠਾਣਿਆ ਏਸੇ ਕਰਕੇ ਪ੍ਰਤੀਤ ਹੋਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇਸ਼ ਰੋਗ ਦੀ ਸਮੇ ਦੀ ਨਾੜੀ ਨੂੰ ਦੇਖਨ ਯੋਗ ਵੈਦ ਪਕੇ ਸੇ ਸੋਈ ਹਿੰਦੂਆਂ ਦੀ ਬੀਮਾਰੀ ਨੂੰ ਜਾਣ ਗਏ ਤੇ ਬੌਹਤ ਸਾਰਾ ਰਾਜ਼ੀਭੀ ਕਰ ਦਿੱਤਾ ਭਾਵੇਂ ਇਹੁ ਗਲ ਲੋਕੀ ਆਖਦੇ ਹਨ ਕਿ ਸੰਸਕ੍ਰਿਤ ਬੋਲੀ ਨੂੰ ਜਿਵਾਉਨ ਲਈ ਗੁਰੂ ਗੋਬਿੰਦ ਸਿੰਘ ਨੇ ਧਿਆਂਨ ਨਹੀਂ ਦਿੱਤਾ ਪ੍ਰੰਤੂ ਇਹੁ ਦੋਸ਼ (ਹੁੱਜਤ) ਕੁਛ ਅਨਬਨਾ ਹੋ ਪੈਹਲੇ ਤਾਂ ਓਹੁ ਸਮਾਂ ਸੰਸਕ੍ਰਿਤ ਬੋਲੀ ਦੇ ਜ਼ਿੰਦਾ ਕਰਨ ਦਾ ਨਹੀਂ ਸੀ ਤੇ ਇਸ ਪਾਸੇ ਮੇਹਨਤ ਕਰਨ ਦਾ

'ਧਿਆਨ ਬ੍ਰਿਥਾ ਹੈਸੀ ਤੇ ਦੂਜਾ ਡਰ ਸੀ ਕਿ ਫੇਰ ਸੱਚੀ ਸਿਖਯਾ ਬ੍ਰਾਹਮਣਾਂ ਦੇ ਹੱਥ ਵਿੱਚ ਜਾਕੇ ਜਿਨ੍ਹਾਂ ਦੇ ਹੱਥ ਵਿੱਚ ਉਸ ਵੇਲੇ ਦੀ ਵਿਦਯਾ ਦੀ ਕੁੰਜੀ ਸੀ ਬਰਬਾਦ ਹੋ ਜਾਵੇਗੀ ਤੇ ਗੁਰੂ ਜੀ ਦਾ ਖ਼ਿਆਲ ਧਰਮ ਉਪਦੇਸ਼ ਨਾਲ ਪੁਲੀਟੀਕਲ ਉਪਦੇਸ਼ ਸੀ ਉਨ੍ਹਾਂ ਨੇ ਜਾਤਾ ਹੋਵੇਗਾ ਕਿ ਇਸਤ੍ਰਾਂ ਨਾਲ ਦੋਵੇਂ ਸੂਰਤਾਂ ਰਖਨ ਕਰਕੇ ਸੰਸਕ੍ਰਿਤ ਵਿਦਯਾ ਫੇਰ ਜੀਉਂ ਪਵੇਗੀ ਪ੍ਰੰਤੂ ਇਹੁ ਭੀ ਖ਼ਿਆਲ ਰਖਨਾ ਜ਼ਰੂਰੀ ਹੈ ਕਿ ਗੁਰੂ ਜੀ ਸੰਸਕ੍ਰਿਤ ਵਿਦਯਾ ਦੇ ਵਿਰੁਧ ਭੀ ਕਦੇ ਨਹੀਂ ਸੇ ਉਨ੍ਹਾਂ ਦੇ ਦਰਬਾਰ ਵਿਖੇ ਕਈ ਪੰਡਿਤ ਨੌਕਰ ਸੇ ਜੇਹੜੇ ਵੇਦ, ਉਪਵੇਦ, ਤੇ ਇਤਿਹਾਸਕ ਪੁਰਾਣ ਸੁਨਾਯਾ ਕਰਦੇ ਸੇ ਵੇਦਾਂ ਥੀਂ ਤੇ ਉਸਦੀ ਸਿਖਯਾ ਥੀਂ ਪਰੀਪਕ ਸੇ ਕਿਉਂਕਿ ਉਨ੍ਹਾਂ ਦੀਆਂ ਬਹੁਤ ਸਾਰੀਆਂ ਗਲਾਂ ਵੇਦਾਂ ਵਿਚੋਂ ਨਿਕਲਿਆਂ ਹੋਈਆਂ ਮਾਲੂਮ ਹੁੰਦੀਆਂ ਹੈਨ ਧਰਮ ਦੇ ਖੁੱਲੇ ਮੈਦਾਂਨ ਵਿਖੇ, ਵੈਦਕ ਧਰਮ ਦੀ ਸਿਖਯਾ ਰੂਪੀ ਸੂਰਜ ਪਰ ਜੇਹੜੀਆਂ ਪੁਰਖ ਧਰਮਾਂ ਦੀਆਂ ਬਦਲੀਆਂ ਛਾਈਆਂ ਹੋਈਆਂ ਸਨ ਤੇ ਉਸ ਚਾਨਣੇ ਨੂੰ ਲੋਕਾਂ ਤਕ ਨਹੀਂ ਸੀ ਆਉਣ ਦੇਂਦੀਆਂ ਉਨ੍ਹਾਂ ਬਦਲਾਂ ਨੂੰ ਗੁਰੂ ਗੋਬਿੰਦ ਸਿੰਘ ਜੀਨੇ ਬੌਹਤ ਸਾਰਾ ਪਰੇ ਹਟਾ ਦਿੱਤਾ ਭਾਵੇਂ ਉਪਦੇਸ਼ ਦਾ ਜ਼ਿਰੀਆਂ ਦੇਸ਼ ਭਾਸ਼ਾਂ ਨੂੰ ਹੀ ਰਖਿਆ ਸੀ ਜਿਵੇਂ ਪੂਰਬ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੀਤਾ ਸੀ ਤੇ ਇਸ ਜ਼ਿਰੀਏ ਨਾਲ ਧਰਮ ਉੱਨਤੀ ਤੇ ਭਗਮਾਂ

ਨੂੰ ਨਾਸ਼ ਕਰਨਲਈ ਅਜੇਹੀ ਸੂਰਤ ਬਨਾ ਦਿੱਤਾ ਕਿ ਜੋ ਵੇਦਾਂ ਦੀ ਸਿਖਜ਼ਾ ਥੀਂ ਵਿਰੁਧ ਨਹੀਂ ਸੀ ਤੇ ਇੱਕ ਅਕਾਲ ਈਸ੍ਵਰ ਦੀ ਪੂਜਾ ਵਿਖੇ ਉਨ੍ਹਾਂ ਨੂੰ ਲਾ ਦਿੱਤਾ ਤੇ ਨਿਰਾ ਇਹੀ ਹੀ ਨਹੀਂ ਕੀਤਾ ਸਗੋਂ ਬੌਹਤ ਸਾਰੀ ਲੋਕ ਰੀਤੀ ਵਿਖੇ ਪਲਟਾ ਦਿੱਤਾ ਹੈਸੀ ॥

ਲੋਕਾਚਾਰ ਹਾਲਤਾਂ ਵਿੱਚ ਕੀਹ ਕੀਹ ਬਦਲੀਆਂ ਕੀਤੀਆਂ

ਗੁਰੂ ਗੋਬਿੰਦ ਸਿੰਘ ਜੀ ਦੇ ਸਾਹਮਣੇ ਜਿਤਨੀਆਂ ਕਠਿਨਤਾਈਆਂ ਸਨ ਉਨ੍ਹਾਂ ਸਾਰੀਆਂ ਵਿੱਚੋਂ ਪਹਿਲੇ ਧਰਮ ਉਪਦੇਸ਼ ਸੀ ਜਿਵੇਂ ਹੀ ਉਸਨੇ ਇਸ ਕੰਮ ਨੂੰ ਆਰੰਭ ਕੀਤਾ ਤਿਵੇਂ ਹੀ ਫਲ ਦਾਇਕ ਹੋਯਾ ਪ੍ਰੰਤੂ ਦੂਸਰੀ ਇਸਲਾਹ ਉਸ ਨਾਲੋਂ ਕੁਛ ਘੱਟ ਨਹੀਂ ਸੀ ਅਰਥਾਤ ਸ਼ੋਸ਼ਲ ਇਸਲਾਹ ਹੈ ਪ੍ਰੰਤੂ ਇਸ ਵਿਖੇ ਭੀ ਉਸਨੇ ਮਰਦਾਨਾ ਹਿੰਮਤ ਤੇ ਨਿਡਰ ਹੋਕੇ ਹੱਥ ਪਾਯਾ ਜੇਕਰ ਅਸੀਂ ਇਸ ਬਾਤ ਨੂੰ ਇਕ ਵਿਸਵਾ ਮੰਨ ਭੀ ਲਈਏ ਕਿ ਗੁਰੂ ਗੋਬਿੰਦ ਸਿੰਘ ਜੀ ਥੀਂ ਪੈਹਲੇ ਆਏ ਹੋਏ ਬੀਰਾਂ ਨੇ ਧਰਮ ਉਪਦੇਸ਼ ਤੇ ਵੇਦਕ ਧਰਮ ਦੇ ਬਚਾਉ ਵਾਸਤੇ ਬੜੇ ਕਠੋਰ ਕਠਿਨ ਬਚਨ, ਬਾਨੀਆਂ ਬਨਾਈਆਂ ਸਨ ਜੇਹਾ ਕ ਸ਼ੰਕਰਾਚਾਰਜ ਨੇ ਇਕ ਅਦੁੱਤੀ ਬ੍ਰਹਮਾ-ਸਮੀ ਨੂੰ ਫੈਲਾਯਾ ਕ੍ਰਿਸ਼ਨ ਨੇ ਗੀਤਾ ਦੇ ਗਜਾਨ ਨੂੰ ਵਿਥਾਰਿਆ ਰਾਮਚੰਦ੍ਰ ਜੀ ਨੇ ਰਾਖਸ਼ਾਂ ਨੂੰ ਮਾਰਯਾ ਰਾਮਾਨੰਦ ਤੇ ਰਾਮਾਨੁਜ, ਚੇਤਨ ਨੇ ਈਸ੍ਵਰ ਭਗਤੀ ਨੂੰ ਪ੍ਰਗਟ ਕੀਤਾ ਪ੍ਰੰਤੂ ਸੋਸ਼ਲ

ਪਾਸੇ ਦੇ ਉਪਦੇਸ਼ ਵਲ ਜੋ ਕੰਮ ਗੁਰੂ ਗੋਬਿੰਦ ਸਿੰਘ ਜੀਨੇ ਕੀਤਾ ਉਸ ਵਿਖੇ ਗੁਰੂ ਗੋਬਿੰਦ ਸਿੰਘ ਸਭਨਾਂ ਨੂੰ ਪਿਛੇ ਛਡ ਗਿਆ ਤੇ ਕੋਈ ਭੀ ਉਨ੍ਹਾਂ ਦੀ ਬਰਾਬਰੀ ਨਹੀਂ ਕਰ ਸੱਕਦਾ ਦੂਸਰਿਆਂ ਨੂੰ ਓਹ ਉਪਦੇਸ਼ ਸੁਝਿਆਹੀ ਨਹੀਂ ਸੀ ਤੇ ਉਨ੍ਹਾਂਨੇ ਤਿਸ ਵਿਖੇ ਕੋਸ਼ਸ ਕੀਹ ਕਰਨੀ ਸੀ ਪ੍ਰੰਤੂ ਗੁਰੂ ਗੋਬਿੰਦ ਸਿੰਘ ਅਜੇਹਾ ਵੈਦ ਨਹੀਂ ਸੀ ਕਿ ਓਹ ਹਿੰਦੂਆਂ ਦੇ ਇਸ ਰੋਗ ਦਿਆਂ ਚਿਹਨਾਂ ਤੇ ਨਾੜੀ ਦੀ ਨਾ ਪ੍ਰੀਛਯਾ ਕਰ ਸਕੇ ਉਸਨੇ ਇਸ ਰੋਗ ਦਾ ਭੀ ਚੰਗੀ ਤਰਾਂ ਨਾਲ ਨਿਰਣਾ ਕੀਤਾ ਤੇ ਔਖਧੀ ਨੂੰ ਵਿਚਾਰਿਆ ਜੇਹੜੀ ਔਖਧੀ ਨਿਸ਼ਾਨੇ ਪਰ ਤੀਰ ਵਾਂਗੂੰ ਆਣ ਵੱਜੀ ਜਿਸ ਵੇਲੇ ਗੁਰੂ ਗੋਬਿੰਦ ਸਿੰਘ ਨੇ ਕੰਮ ਸ਼ੁਰੂ ਕੀਤਾ ਉਸਵੇਲੇ ਹਿੰਦੂਆਂ ਵਿਖ ਜਾਤ ਪਾਤ ਦੀ ਵੰਡ ਤੇ ਕੈਦ ਬੇਤ੍ਰੀਕੇ ਨਾਲ ਪਸਰੀ ਹੋਈ ਸੀ ਕਿੰਸ਼ ਇਕੱਠ ਯਾ ਕੌਮ ਦੀ ਸੋਸ਼ਲ ਹਾਲਤ ਪਰ ਮਜ਼ਬੀ ਹਾਲ ਤਦਾ ਬੌਹਤ ਹੀ ਪ੍ਰਛਾਵਾਂ ਪੈਜਾਂਦਾ ਹੈ ਇਸ ਤ੍ਰੀਕੇ ਨਾਲ ਹਿੰਦੂ ਸਭ ਵਖ ਵਖਰੇ ਧਰਮਾਂ ਵਿਖ ਬੰਧੇ ਹੋਏ ਸੇ ਧਰਮੀ ਬਦਲਾ ਸ਼ਦਲੀ ਕਰਕੇ ਰਸਮੀ ਕੰਮਾਂ ਵਿਖੇ ਭੀ ਬਦਲਾ ਸ਼ਦਲੀ ਹੁੰਦੀ ਰੈਂਹਦੀ ਹੈ ਸੋ ਹਿੰਦੂਆਂ ਵਿਚ ਇਹ ਭੀ ਕੰਮ ਭਰਪੂਰ ਸੀ ਕਿਧਰੇ ਤਾਂ ਇਹੁ ਦ੍ਰਿਸ਼ਟੀ ਆ ਰਿਹਾ ਹੈ ਕਿ ਜਿਤਨੇ ਮਜ਼ਬੀ ਫ਼ਿਰਕੇ ਹਨ ਸਭ ਸਾਰੇ ਹੀ ਬ੍ਰਹਮਨੀ ਧਰਮ ਦੇ ਸਮੇਥੀਂ ਵਧਦੇ ਜਾ ਰਹੇ ਹਨ ਅਤੇ ਨਵੀਨ ਨਵੀਨ ਦੇਵਤੇ ਔਤਾਰ ਆਦਿਕ ਪ੍ਰਗਟ ਹੁੰਦੇ ਗਏ ਤੇ ਪੁਰਖਾ ਧਰਮ ਦੀਆਂ ਜੜਾਂ ਬੱਲੇ

ਧਸਦੀਆਂ ਗਈਆਂ ਤੇ ਨਵੀਆਂ ਬਣਦੀਆਂ ਗਈਆਂ ਉਸੇਤਰਾਂ ਹੀ ਉਨ੍ਹਾਂ ਦੀਆਂ ਰਸਮਾਂ ਪਰ ਭੀ ਪ੍ਰਛਾਵਾਂ ਪੈਂਦਾ ਰਿਹਾ ਪੈਹਲੇ ਚਾਰ ਵਰਨਸੇ ਜਿਉਂ ਜਿਉਂ ਜ਼ਾਤਾਂ ਵਧਨ ਲਗੀਆਂ ਤਿਉਂ ਤਿਉਂ ਫ਼ਿਰਕੇ ਭੀ ਉਨਤੀ ਕਰਦੇ ਗਏ ਇਸ ਵਿਚ ਕੋਈ ਸੰਦੇਹ ਨਹੀਂ ਕਿ ਜ਼ਾਤਾਂ ਦੇ ਫੈਲਣ ਵਿਖੇ ਤੇ ਵਖੋ ਵਖ ਫ਼ਿਰਕੇ ਬੰਦੀ ਹੋਣ ਕਰਕੇ ਉਨਾਂਨੂੰ ਲਾਭ ਸੀ ਜਿਨਾਂ ਦਾ ਨਿਰਬਾਹੁ ਦੂਸਰਿਆਂ ਦੀ ਕਮਾਈ ਪਰਸੀ ਉਨਾਂ ਨੂੰ ਇਸਤ੍ਰਾਂ ਨਾਲ ਵਧਨ ਕਰਕੇ ਗੁਣਦਾਇਕ ਸੀ ਕਿਉਂ ਜੋ ਉਨ੍ਹਾਂਦੇ ਵਧਨ ਕਰਕੇ ਜ਼ਾਤਾਂ ਵਿਖੇ ਵੰਡ ਹੋਣ ਕਰਕੇ ਨਫ਼ੇ ਵਿਚ ਘਾਟਾ ਨਹੀਂ ਸੀ ਪੈਸਕਦਾ ਮਜ਼ਬੀ ਫਰਕਨੇ ਫ਼ਿਰਕਾ ਬੰਦੀ ਕੀਤੀ ਤੇ ਇਸਕਰਕੇ ਜ਼ਾਤਾਂ ਦੀ ਵੰਡ ਵਿਖੇ ਸਹਾਇਤਾ ਮਿਲੀ ਅਤੇ ਇਸ ਜ਼ਾਤ ਤੇ ਉਸਦੇ ਵਿਚੋਂ ਜ਼ਾਤ ਨਿਕਲਨੀ ਤੇ ਗੁਣ ਘਟਾ-ਉਨਾ ਵੰਡ ਦਾ ਅਜੇਹਾ ਮਸਲਾ ਪ੍ਰੀਪਕ ਹੋ ਗਿਆ ਕਿ ਬੌਹਤ ਸਮੇ ਤਕ ਤਿਸ ਵਿਖੇ ਵਾਧਾਹੀ ਵਾਧਾ ਹੁੰਦਾ ਰਿਹਾ ਤੇ ਤਿਨਾਂਦੀ ਗਿਣਤੀ ਹਜ਼ਾਰਾਂ ਤਕਹੀ ਪੌਹਚ ਗਈ ਸੀ ਏਸੇ ਕਰਕੇ ਇਕ ਜ਼ਾਤਦਾ ਦੂਸਰੀ ਜ਼ਾਤ ਨਾਲ ਪਿਆਰ ਤੇ ਵਰਤਾਉ ਨਹੀਂਸੀ ਬ੍ਰਹਮਣਾਂ ਦਾ ਖਤ੍ਰੀਆਂ ਨਾਲ ਵਾਸਤਾ ਨਹੀਂ ਸੀ ਸ਼ੂਦਰਾਂ ਨੂੰ ਖਤ੍ਰੀਆਂ ਨਾਲ ਕੋਈ ਵਿਵਹਾਰ ਤੇ ਪ੍ਰਬੰਧ ਰਿਹਾ ਨਹੀਂ ਸੀ ਸਗੋਂ ਬ੍ਰਹਮਣਾਂ ਤੇ ਖਤ੍ਰੀਆਂ ਵਿਖੇਹੀ ਆਪਸ ਵਿਖੇ ਬੇਓੜਕ ਫ਼ਿਰਕੇ ਹੋਗਏ ਸੇ ਜੇਹੜੇ ਆਪਸਵਿਖੇ ਵਿਆਹੁ ਸ਼ਾਦੀ ਭੀ

ਨਹੀਂ ਕਰਸੱਕਦੇ ਸੇ ਤੇ ਨਾਹੀਂ ਆਪਸ ਵਿਖੇ ਬੈਠਕੇ ਇਕੱਤ੍ਰ ਖਾ ਪੀ ਸੱਕਦੇ ਸੇ ਇਕਦੂਸਰੇ ਵਿਖੇ ਸੈਂ ਕੜੇ ਕੋਹਾਂ ਦਾ ਫ਼ਰਕਸੀ ਇਕਦੂਜੇ ਦੇ ਹੱਥਦੀ ਪਕੀ ਰੋਟੀ ਨਹੀਂ ਖਾ ਸਕਦਾਸੀ ਤੇ ਇਸ ਖਾਣ ਪੀਣ ਦਾ ਐਥੋਂ ਤੀਕ ਬੰਧਨ ਬੱਝ ਗਿਆਸੀ ਕਿ ਕੇਵਲ ਇੱਕ ਦੂਸਰੇ ਦੇ ਹੱਥੋਂ ਲੈਕੇ ਖਾਣੇ ਕਰਕੇ ਹੀ ਪੁਰਖ ਧਰਮੋਂ ਛੇਕਿਆ ਜਾਂਦਾ ਸੀ ਤੇ ਬਰਾਦਰੀ ਥੀਂ ਵਖ ਕੀਤਾ ਜਾਂਦਾ ਸੀ ਓੜਕ ਨੂੰ ਧਰਮ ਖਾਣ ਪੀਣ ਦੇ ਬੰਧਨ ਪਰ ਹੀ ਰੈਹ ਗਿਆ ਸੀ ਕੇਵਲ ਇਹੀ ਤਾਂ ਨਹੀਂ ਸੀ ਸਗੋਂ ਇੱਕ ਦੂਸਰੇ ਵਿਖੇ ਖਾਣ ਪੀਣ ਦੀਆਂ ਚੀਜ਼ਾਂ ਦਾ ਭੀ ਵੇਰਵਾ ਸੀ ਇੱਕ ਸ਼ਲਗਮ ਖਾਂਦਾ ਹੈ ਤੇ ਦੂਸਰਾ ਉਸਨੂੰ ਬੁਰੇ ਜਾਣਦਾ ਹੈ ਇੱਕ ਪੰਥਗਾਜਰਾਂ ਖਾਂਦਾ ਹੈ ਦੂਜਾ ਉਸ ਥੀਂ ਐਨਾਂ ਪਰੇ ਹਟਦਾ ਹੈ, ਜਿਵੇਂ ਮਾਸ ਮੱਛੀ ਪਾਸੋਂ ਵੈਸ਼ਨੋਂ ਹਟਦਾ ਹੈ ਕਿਸੇ ਦਾ ਝਗੜਾ ਗੰਢੇ ਪਰ ਹੈ ਕਿਸੇ ਦਾ ਥੋਮ ਪਰ ਕਿਸੇ ਦਾ ਨੀਲੋਂਫ਼ਰ ਦੀਆਂ ਜੜਾਂ ਪਰ ਹੀ ਝਗੜਾ ਹੈਸੀ ਕੋਈ ਖਾਂਦਾ ਹੈ ਕੋਈ ਬੁਰਾ ਜਾਣਕੇ ਬੰਦ ਕਰਦਾ ਹੈ ਇੱਕ ਕਚੀ ਨੂੰ ਹਲਾਲ ਆਖਦਾ ਹੈ ਦੂਸਰਾ ਹਰਾਮ ਕੋਈ ਤਾਂ ਪੂੜੀ ਖਾਣੀ ਪਵਿੱਤ੍ਰ ਜਾਣਦਾ ਹੈ ਦੂਸਰਾ ਉਸਦੇ ਵਿਰੁਧ ਪਾਣੀ ਦੇ ਨਾਲ ਗੁੰਨੀ ਹੋਈ ਆਟੇ ਦੀ ਪੂੜੀ ਨੂੰ ਹਰਾਮ ਦਸਦਾ ਹੈ ਦੁਧ ਨਾਲ ਗੁੰਨ ਕੇ ਪੱਕੀ ਨੂੰ ਪਵਿਤ੍ਰ ਜਾਣਦਾ ਹੈ ਸਲੂਣੀ ਚੀਜ਼ਾਂ ਨੂੰ ਇੱਕ ਦੂਸਰੇ ਦੇ ਹੱਥ ਦੀ ਪਕੀ ਹੋਈ ਨੂੰ ਕੋਈ ਨਹੀਂ ਖਾਂਦਾਸੀ ਪ੍ਰੰਤੂ ਅਲੂਣੀ ਰਸੋਈ ਨੂੰ ਖਾ ਲੈਂਦਾ

ਸੀ ਅਕੱਠੇ ਬੈਠ ਕੇ ਖਾਣਾ ਤਾਂ ਕਿਧਰੇਹੀ ਰਿਹਾ ਇੱਕ ਘਰ ਵਿਖੇ ਇਕ ਚੌਕੇ ਵਿਖੇ ਬੈਠ ਕੇ ਖਾ ਨਹੀਂ ਸਕਦੇ ਸੇ ਇੱਕ ਟੱਬਰ ਦੇ ਕੁਛ ਆਦਮੀ ਇਕ ਦੂਸਰੇ ਦੀ ਪੱਕੀ ਨਹੀਂ ਖਾ ਸਕਦੇ ਸੇ ਇਸਤ੍ਰੀ,ਪੁਤ੍ਰ , ਭਰਾ, ਪਿਉ ਸਾਰੇ ਦੇ ਸਾਰੇਹੀ ਵਖੋ ਵਖ ਪਕਾ ਕੇ ਖਾਂਦੇ ਫੇਰ ਕੋਈ ਸੱਜੇ ਹੱਥ ਨਾਲ ਖਾਣਾ ਚੰਗਾ ਜਾਣਦਾਸੀ ਕੋਈ ਦੋਹਾਂ ਹੱਥਾਂ ਨਾਲ ਬੁਰਾ ਤੇ ਕਈ ਭਲਾ ਜਾਣਦੇਸੇ ਕੋਈ ਚੌਕੇ ਵਿੱਚ ਕੋਈ ਬਾਹਰ ਖਾਣਾਂ ਅਪਵਿਤ੍ਰ ਸਮਝਦਾਸੀ ਕੋਈ ਕਪੜੇ ਪੈਹਨ ਕੇ ਕੋਈ ਨੰਗੇ ਹੋ ਕਰਕੇ ਇਕ ਧੋਤੀ ਵਿਖੇ ਹੀ ਖਾਣਾ ਪਵਿਤ੍ਰ ਤੇ ਕੋਈ ਆਪਵਿਤ੍ਰ ਵਿਚਾਰ ਕਰਦਾਸੀ ਕੋਈ ਲਕੜੀਆਂ ਨੂੰ ਭੀ ਧੋ ਕਰਕੇ ਰੋਟੀ ਪਕਾਉਨੀ ਭਲੀ ਜਾਣਦਾਸੀ ਕੋਈ ਭਾਂਡੇ ਨੂੰ ਮੂੰਹ ਲਗਾਕੇ ਪੀਂਦਾਸੀ ਤੇ ਉਪਰੋਂ ਗੁੜਗੁੜਾਕਰ ਪੀਣਾ ਭਲਾਜਾਣਦਾ ਸੀ ਇਸੇ ਤਰਾਂ ਆਪਸ ਵਿੱਚ ਬੜਾ ਹੀ ਵਿਰੋਧਸੀ ਇਨ੍ਹਾਂ ਭੇਦਾਂ ਦੇ ਕਾਰਨ ਇਕ ਦੂਸਰੇਨਾਲਨਵੇਂ ਸੂਰਜਝਗੜੇ ਬਖੇੜਿਆਂਵਿੱਚ ਗ਼ਰਕ ਅਤੇ ਦਿਨ ਰਾਤ ਦੀ ਵਿਰੋਧਤਾਈ ਕਰਕੇ ਦੁਖਾਂ ਵਿਖੇ ਬੰਨ੍ਹਿਆਂਹੋਯਾਸੀਫੇਰਪਿਆਰ ਤਾਂਕਿਥੋਂਹੋਣਾਸੀਜੇਇਕਾਇਤ ਹੁੰਦੀ ਤਾਂ ਕਿਉਂਕਰ ਹੁੰਦੀ ਇਕੱਤ੍ਰਤਾ ਦੀ ਲਕੜੀ ਨੂੰ ਅਜੇਹੀ ਸਿਉਂਕ ਲਗ ਗਈ ਸੀ ਕਿ ਦਿਨੋਂ ਦਿਨ ਉਸਦੇ ਡਿਗ ਜਾਣ ਦਾ ਫਿਕਰਸੀ ਇਹੁ ਸਭ ਉਨ੍ਹਾਂ ਭੇਦਾਂ ਦਾ ਫਲਸੀ ਕਿ ਹਿੰਦੂਆਂ ਵਿਖੇ ਸ਼ਾਦੀ ਤੇ ਵਿਆਹਦਾ ਤ੍ਰੀਕਾ ਦਿਨੋਂ ਦਿਨਘਟਦਾ

ਜਾਣ ਲੱਗਾਸੀ ਤੇ ਜੇਹੜੇ ਲਾਭ ਸ਼ਾਦੀ ਦੇ ਕਰਨੇ ਕਰਕੇ ਹੁੰਦੇਸੇ ਉਨ੍ਹਾਂਥੀਂ ਲਾਭਹੀਨ ਸ੍ਰਿਸ਼ਟੀਹੁੰਦੀ ਚਲੀਜਾਂਦੀਸੀਓਹੁ ਲੋਕਜੇਹੜੇਦੂਸਰੇਧਰਮਦੀਆਂ ਪੁਤ੍ਰੀਆਂ ਮਨੂਬਚਨਅਨੁਸਾਰ ਲੈਣ ਦੇ ਹਕਦਾਰ ਸੇ ਸੋ ਇਥੋਂ ਤਕ ਭੈੜੇ ਪੈਗਏ ਕਿ ਚੰਡਾਲ ਕੁਲ ਦੀਆਂ ਭੀ ਸੁੰਦਰ ਜਵਾਨ ਸੁੰਦਰੀਆਂ ਲੈਣ ਦੀ ਆਗਜ਼ਾ ਲੈਂਦੇ ਸਗੋਂ ਓਹੁ ਹੁਣ ਇਕ ਦੂਸਰੀ ਦੀਆਂ ਲੜਕੀਆਂ ਕੇਵਲ ਇਸ ਵਾਸਤੇ ਨਹੀਂ ਲੈਂਦੇ ਦੇਂਦੇਸੀ ਕਿ ਇਕ ਦੂਜੇ ਦੀ ਜ਼ਾਤ ਤੇ ਰਸਮ ਇਕ ਦੂਸਰੇ ਨਾਲੋਂ ਵਖਰੀ ਸੀ ਮੁਸਲਮਾਨਾਂ ਨੇ ਮੁਕਾਬਲੇ ਪਰ ਹਿੰਦੂਆਂ ਨੇ ਛੂਤ ਛਾਤ ਤੇ ਖਾਂਨ ਪੀਨ ਦਾ ਅਜੇਹਾ ਕਠੋਰ ਬੰਧਨ ਬੱਧਾ ਹੋਯਾਸੀ ਕਿ ਉਨ੍ਹਾਂ ਦੇ ਹੱਥਦਾ ਛੋਹਿਆ ਹੋਯਾ ਖਾਣਾਂ ਤਾਂ ਇਕ ਪਾਸੇ ਰਿਹਾ ਇੱਕ ਫ਼ਰਸ਼ ਪਰ ਬੈਠਕੇ ਭੀ ਨਹੀਂ ਖਾਪੀ ਸਕਦੇ ਸੇ ਹਿੰਦੂਆਂ ਵਿਖੇ ਸੂਤਕ ਦੀ ਰਸਮ ਭੀ ਮੁਦਤਾਂ ਥੀਂ ਚਲੀ ਆਉਂਦੀ ਸੀ ਫੇਰ ਇਸ ਕੌਮੀ ਭੇਦ ਨੇ ਤਾਂ ਹੋਰ ਭੀ ਸੂਤਕ ਦੀ ਰਸਮ ਨੂੰ ਵਡਾ ਕਰ ਦਿੱਤਾਸੀ ਤੇ ਧਾਰਮਕ ਭੇਦ ਭੀ ਇਸਨੂੰ ਬੌਹਤ ਵਧਾ ਰਿਹਾਸੀ ਇਹੁ ਬਾਤ ਮੁਸਲ ਮਾਨਾਂ ਵਿਖੇ ਤਾਂ ਨਾਮ ਤਕ ਹੀ ਨਹੀਂ ਸੀ ਕੇਵਲ ਹਿੰਦੂਆਂ ਵਿਖੇ ਹੀ ਬੜੇ ਜ਼ੋਰ ਸ਼ੋਰ ਨਾਲ ਵਰਤ ਦੇ ਰਹੇ ਸੇ ਤੇ ਇਹੀ ਕਾਰਨ ਸੀ ਕਿ ਹਿੰਦੂ ਬੌਹਤ ਚਿਰ ਤਕ ਐਨੀ ਬੇਅਮਨੀ ਤੇ ਦੁਖਾਂ ਦੀ ਹਕੂਮਤ ਨੂੰ ਵੀ ਸਹਾਰਦੇ ਹੋਏ ਆਪਣੇ ਰਸਮਾਂ ਤੇ ਧਰਮਾਂ ਨੂੰ ਜੀਉਂਦੇ ਰਖ ਸਕੇਸੇ ਸ੍ਰੀ

ਗੁਰੂ ਗੋਬਿੰਦ ਸਿੰਘ ਜੀ ਇਸ ਸਮਾਚਾਰ ਥੀਂ ਚੰਗੇ ਵਾਕਫ਼ ਸੇ ਪ੍ਰੰਤੂ ਜਿਤਨਾਕੁ ਓਹੁ ਮੁਸਲਮਾਨਾਂ ਦੇ ਮੁਕਾਬਲੇ ਵਿਖੇ ਇਸ ਬੰਧਨ ਨੂੰ ਬਹਾਲ ਰਖਨਾ ਚਾਹੁੰਦੇ ਸੀ ਉਤਨੇ ਹੀ ਓਹੁ ਇਹੁ ਗਲ ਸੋਚ ਰਹੇ ਸੀ ਕਿ ਇਹੁ ਹਿੰਦੂਆਂ ਵਿੱਚ ਛੂਤ ਛਾਤਦੀ ਰਸਮ ਵਸ਼ੇਸ਼ਹੀ ਬੇਓੜਕੀ ਭਰਮਾਂ ਕਰਕੇ ਵਧ ਗਈ ਹੈ ਇਸ ਕਰਕੇ ਹਿੰਦੂਆਂ ਵਿਖੇ ਇਕੰਤ੍ਰਤਾ ਤੇ ਮੈਤ੍ਰਤਾ ਕਦੇ ਭੀ ਨਹੀਂ ਰੈਹਸਕਦੀ ਤੇ ਕੌਮੀਅਤ ਬਨਨ ਵਿਖੇ ਬੰਧਨ ਹੈ ਇਸ ਕਰਕੇ ਇਸਨੂੰ ਮਿਟਾਦੇਣਾਂ ਚਾਹੁੰਦੇਸੇ ਤੇ ਇਹੀ ਕਾਰਨ ਸੀ ਕਿ ਓਹੁ ਸੂਦਰਾਂ ਨੂੰ ਬਾਕੀ ਤਿੰਨਾਂ ਜ਼ਾਤਾਂ ਦ੍ਵਿਜਾਂ ਨਾਲ ਮਿਲਾਯਾ ਚਾਹੰਦਾਸੀ ਤੇ ਉਨ੍ਹਾਂ ਦੀ ਜ਼ਾਂਤਾਂ ਦੇ ਬਰਾਬਰ ਕਰਨਾ ਚਾਹੁੰਦਾਸੀ ਤੇ ਛੂਤ ਛਾਤਦੀ ਰਸਮ ਨੂੰ ਜੇਹੜੀ ਹਿੰਦੂਆਂ ਵਿਚ ਘਰ ਕਰ ਚੁੱਕੀ ਸੀ ਤਿਸਦੇ ਦੂਰ ਕਰਨੇ ਦੀ ਬੜੀਹੀ ਕੋਸ਼ਸ਼ ਕਰਦਾਸੀ ਇਸ ਪਾਸੇ ਵਿਖੇ ਉਸਦੀ ਬੜੀ ਕੋਸ਼ਸ਼ ਇਹਸੀ ਕਿ ਓਹੁ ਹਿੰਦੂਆਂ ਦੇ ਜੱਥੇ ਨੂੰ ਇਤਨਾਂ ਵਧਾ ਦੇਵੇ ਕਿ ਇਕਤਾਂ ਸ਼ੂਦਰ ਕੌਮ ਉਚੀ ਪਦਵੀ ਅਰਥਾਤ ਜ਼ਾਤ ਵਿਖੇ ਆਸਕੇ ਦੂਜੇ ਜੇ ਕੋਈ ਹਿੰਦੂ ਹੋਰਸ ਧਰਮ ਵਿੱਚ ਭੀ ਭੁੱਲਕੇ ਚਲਾ ਜਾਵੇ ਯਾ ਕਿਸੇ ਹੋਰਸ ਧਰਮ ਦਾ ਪੁਰਖ ਸਿਖ ਬਨਨਾਂਚਾਹੇਤਾਂਉਸਨੂੰਆਪਣੇਸਿਖੀ ਧਰਮ ਵਿਖੇ ਬਿਨਾਂ ਕਿਸੇ ਕਸ਼ਟ ਤੇ ਸ਼੍ਰਮ ਦੇ ਮਿਲਾਯਾ ਜਾਵੇ ਇਸਦੇ ਵਾਸਤੇ ਪੈਹਲੇ ਜ਼ਾਤ ਦੇ ਬੰਧਨ ਨੂੰ ਹਿੰਦੂਆਂ ਵਿੱਚ ਹਟਾਉਨਾਂ ਬੜਾ ਜ਼ਰੂਰੀ

ਸੀ ਬਿਨਾਂ ਇਸਬਾਤਦੇ ਕੀਤੇ ਦੇ ਸੂਦਰਾਂ ਆਦਿਕਾਂ ਨੂੰ ਲੈਣਾਂ ਕਠਿਨ ਸੀ ਸੋ ਗੁਰੂ ਜੀਨੇ ਪੈਹਲੇ ਇਸ ਪਾਸੇ ਵਲ ਧਿਆਨ ਕੀਤਾ ਭਾਵੇਂ ਦੇਖਦ੍ਰਿਸ਼ਟੀ ਵਾਲਿਆਂ ਨੂੰ ਇਹ ਪ੍ਰਸ਼ਨ ਕਰਨਦੀ ਜਗਾਂ ਮਿਲਦੀ ਹੈ ਕਿ ਜ਼ਾਤ ਦੀ ਬੰਧਨ ਤੇ ਪਾਬੰਦੀ ਨੇ ਆਖਦੇ ਹਨ ਕਿ ਇਸਲਾਮ ਦੇ ਵਕਤ ਹਿੰਦੂਆਂ ਨੂੰ ਬੜਾ ਹੀ ਲਾਭ ਪੁਚਾਯਾ ਸੀ ਜੋ ਬੌਹਤ ਤੇ ਵਖੋ ਵਖਰੀਆਂ ਜ਼ਾਤਾਂ ਦੇ ਕਾਰਨ ਓਹ ਇਕੋ ਵਾਰੀ ਹੀ ਮੁਸਲਮਾਨ ਨਹੀਂ ਬਣੇ ਸੇ ਜੇਕਰ ਕੋਈ ਇੱਕ ਫ਼ਿਰਕੇ ਅਥਵਾ ਜ਼ਾਤ ਵਾਲੇ ਸਾਰੇ ਹੀ ਮੁਸਲਮਾਨ ਬਨਜਾਂਦੇ ਤਾਂ ਦੂਸਰੀ ਜ਼ਾਤ ਅਥਵਾ ਫ਼ਿਰਕੇ ਵਾਲੇ ਜੋ ਪੈਹਲੇ ਜ਼ਾਤ ਵਾਲਿਆਂ ਨਾਲ ਕੋਈ ਹਮਦਰਦੀ ਨਹੀਂ ਰਖਦੇ ਹੁੰਦੇ ਸੇ ਇਸ ਵਾਸਤੇ ਓਹ ਆਪਣੇ ਫਿਰਕੇ ਵਿੱਚ ਪੱਕੇ ਤੇ ਬਚੇ ਹੀ ਰੈਂਹਦੇ ਸੇ ਜੇਹੇ ਕੁ ਰਾਜਪੂਤ ਬਾਜ਼ੇ ਤੇ ਖਤ੍ਰੀਆਂ ਦੀਆਂ ਸ਼ਾਖ਼ਾਂ ਤੇ ਕੁਟੰਬ ਖ਼ਾਨਦਾਂਨ ਸਾਰੇ ਦੇ ਸਾਰੇ ਹੀ ਮੁਸਲਮਾਨ ਹੋ ਗਏ ਤੇ ਉਨ੍ਹਾਂ ਦੇ ਨਾਮ ਕੇਵਲ ਇਤਹਾਸਾਂ ਵਿਖੇ ਹੀ ਪਾਏ ਜਾਂਦੇ ਹਨ ਪ੍ਰੰਤੂ ਇਸ ਗਲ ਨੂੰ ਮੰਨਨ ਲਈ ਪੂਰੀ ਪੂਰੀ ਵਜਾ ਨਹੀਂ ਹੈ ਸਗੋਂ ਦਲੀਲਾਂ ਇਸਦੇ ਬੋਹਤ ਹੀ ਵਿਰੁਧ ਹੈਨ ਕਿਉਂਕਿ ਜਿਤਨੇ ਹਿੰਦੂਆਂ ਦੇ ਆਪਸ ਵਿਚ ਭੇਦ ਤੇ ਵਿਰੋਧਤਾਈ ਸੀ ਤੇ ਛੋਟੇ ਛੋਟੇ ਫ਼ਿਰਕਿਆਂ ਵਿਖੇ ਵੰਡੇ ਹੋਏ ਸੇ ਇਸ ਕਰਕੇ ਇਕ ਦੂਸਰੇ ਨੂੰ ਇੱਕ ਦੂਜੇ ਨਾਲ ਕੋਈ ਹਮਦਰ੍ਦੀ ਨਹੀਂ ਸੀ ਤੇ ਸਗੋਂ ਵਖੋ ਵਖਰੇ ਹੋਣ ਕਰਕੇ ਓਹ ਬਲਹੀਨ ਸੇ ਤੇ ਡਾਢੀ ਜ਼ਬਰ

ਦਸਤ ਲੜਾਕੀ ਕੌਮ ਇਸਲਾਮ ਦਾ ਮੁਕਾਬਲਾ ਨਹੀਂ ਕਰ ਸਕਦੇ ਸੇ ਇਨ੍ਹਾਂ ਦੀ ਨਿਰਬਲਤਾ ਥੀਂ ਮੁਸਲਮਾਨਾਂ ਨੂੰ ਲਾਭ ਪੁੱਜਾ ਕਿ ਜਿਨ੍ਹਾਂ ਨੇ ਇਕ ਇਕ ਕਰਕੇ ਸਭ ਰਾਜਧਾਨੀਆਂ ਦੇ ਨਿਸ਼ਾਂਨ ਮਿਟਾ ਦਿੱਤੇ ਤੇ ਹਿੰਦੂ ਇਕ ਦੂਸਰੇ ਦਾ ਤਮਾਸ਼ਾਹੀ ਵੇਖਦੇ ਰੈਹ ਗਏ ਪ੍ਰੰਤੂ ਇਸ ਤਜਰਬੇ ਥੀਂ ਹਿੰਦੂਆਂ ਨੇ ਲਾਭ ਕੋਈ ਨਹੀਂ ਸੀ ਉਠਾਯਾ ਸਗੋਂ ਜ਼ਾਤਾਂ ਦੇ ਫਿਰਕਿਆਂ ਨੂੰ ਹੋਰ ਭੀ ਪਰੀ ਪਕ ਕਰੀ ਗਏ ਤੇ ਰਸਮਾਂ ਦੀਆਂ ਕਠੋਰਤਾਈਆਂ ਨੂੰ ਸਖ਼ਤ ਕਰੀ ਗਏ ਇਸ ਕਰਕੇ ਇਕ ਦੂਸਰੇ ਦੀ ਸਹਾਇਤਾ ਥੀਂ ਰੈਹ ਜਾਣ ਕਰਕੇ ਉੱਕਾ ਹੀ ਆਪਣੀ ਸਤਿਆ ਨਾਸੀ ਵਲ ਪੈਰ ਵਧਾਉਂਦੇ ਗਏ ਸੇ ਅਤੇ ਇਹੀ ਕਾਰਨ ਸੀ ਉਨ੍ਹਾਂ ਦੇ ਖੁਰਾ ਖੋਜ ਨਿਸ਼ਟ ਹੋਣ ਵਾਲੇ ਕਾਰਨ ਤਿਆਰ ਹੋਂਦੇ ਜਾਂਦੇ ਸੇ॥ ਅਤੇ ਜ਼ਾਤਾਂ ਦਾ ਇੱਕ ਬੜਾ ਨੁਕਸਾਂਨ ਇਹੁ ਉਤਪਤ ਹੁੰਦਾ ਜਾਂਦਾ ਸੀ ਕਿ ਛੋਟੀ ਜ਼ਾਤ ਵਾਲੇ ਨੂੰ ਤਾਂ ਬੜੀ ਜ਼ਾਤ ਵਿਖੇ ਮਿਲਾ ਨਹੀਂ ਸੇ ਸਕਦੇ ਇਸ ਵਾਸਤੇ ਛੋਟੀ ਜ਼ਾਤ ਵਾਲਿਆਂ ਪਾਸੋਂ ਬੜੀ ਜ਼ਾਤ ਵਾਲਿਆਂ ਦੇ ਕੰਮ ਕਰਾਉਨੇ ਭੀ ਬੜੇ ਬੁਰੇ ਜਾਣਦੇ ਸੇ ਜਨਮ ਥੀਂ ਹੀ ਜ਼ਾਤ ਦੀ ਤਮੀਜ਼ ਦਾ ਪ੍ਰਬੰਧ ਹੋ ਕਰਕੇ ਧਰਮ ਉਨਤੀ ਵਿਖੇ ਵਿਘਨ ਭਾਰੀ ਹੁੰਦਾ ਜਾਂਦਾ ਸੀ ਵਸੇਸ਼ ਕਰਕੇ ਪ੍ਰਤੀਤ ਹੁੰਦਾ ਹੈ ਕਿ ਹਿੰਦੁਸਤਾਨ ਦੀਆਂ ਬੋਲੀਆਂ ਵਿਖੇ ਜੋ ਫ਼ਰਕ ਹੈ ਸੋ ਸਭ ਜ਼ਾਤਾਂ ਦੇ ਵਖੋ ਵਖਰੇ ਹੋਣਦੇ ਕਾਰਨ ਕਰਕੇ ਹੀ ਹੋਯਾ ਹੈ ਇੱਸ ਕਰਕੇ ਗੁਰੂ ਗੋਬਿੰਦ ਸਿੰਘ ਜੀਨੇ

ਲੰਮੀ ਨਜ਼ਰ ਨਾਲ ਇਨਾਂ ਦੇ ਭਲਾ ਕਰਨ ਲਈ ਵਿਚਾਰ ਕੀਤੀ ਤੇ ਇਹ ਗਲ ਜ਼ਰੂਰੀ ਮਲੂਮ ਹੋਈ ਕਿ ਸੂਦਰਾਂ ਨੂੰ ਸਮਾ ਦਿੱਤਾ ਜਾਵੇ ਜੋ ਉਨ੍ਹਾਂ ਪਾਸੋਂ ਭੀ ਕੰਮ ਲਈਏ ਤੇ ਉਨ੍ਹਾਂ ਨੂੰ ਉਚੀ ਜ਼ਾਤ ਦੇ ਬਨਨ ਦਾ ਹੱਕ ਦਿੱਤਾ ਜਾਵੇ ਬ੍ਰਹਮਣੀ ਰਾਜ ਦੇ ਛੱਤ੍ਰੀਆਂ ਦੇ ਰਾਜ ਦੇ ਸਮੇ ਸੂਦਰਾਂ ਦਾ ਹਾਲ ਪਸ਼ੂਆਂ ਡੰਗਰਾਂ ਨਾਲੋਂ ਰੰਚਕ ਮਾਤ੍ਰ ਭੀ ਘਟ ਨਹੀਂ ਸੀ ਭਾਵੇਂ ਓਹ ਇਕ ਕੌਮ ਜੋ ਇਸੇ ਦੇਸ਼ ਦੀ ਸੀ ਅਸਲੀ ਵਸਕੀਨ ਸੇ ਯਾ ਆਰੀਆਂ ਦੇ ਕੈਹਨ ਮੂਜਬ ਦੂਸਰੇ ਤਿੰਨਾਂ ਵਰਨਾਂ ਦੇ ਬਰਾਬਰ ॥ ਸੋ ਇਸ ਵਿਖੇ ਜ਼ਰਾ ਭੀ ਸੰਦੇਹ ਨਹੀਂ ਕਿ ਸੂਦਰ ਮੁਸਲਮਾਨਾਂ ਦੀ ਗ਼ੁਲਾਮੀ ਤੇ ਪੁਰਾਨੇ ਸਮੇ ਦੇ ਅਰਬ ਦੇ ਵਸਕੀਨਾਂ ਦੇ ਤੇ ਵੈਹਸ਼ੀਆਂ ਦੇ ਦਾਸਾਂ ਨਾਲੋਂ ਜੇਹੜੇ ਮੁਲ ਵਿੱਕ ਕੇ ਦਾਸ ਬਨੇ ਹੋਏ ਸੇ ਬੋਹਤ ਬੁਰੀ ਹਾਲਤ ਵਿਖੇ ਸੇ ਮਨੂੰ ਸ਼ਾਸਤ੍ਰ ਦੇ ਕਾਨੂੰਨ ਥੀਂ ਤਾਂ ਪਾਯਾ ਜਾਂਦਾ ਹੈ ਕਿ ਸੂਦਰ ਕੇਵਲ ਸੇਵਾ ਹੀ ਕਰਨ ਵਾਸਤੇ ਉਤਪਤ ਕੀਤੇ ਗਏ ਸੇ ਤੇ ਉਸ ਕਾਨੂੰਨ ਦੇ ਅਨੁਸਾਰ ਦ੍ਵਿਜ ਜ਼ਾਤਾਂ ਵਾਲੇ ਸੇਵਾ ਦਾ ਕੰਮ ਤਾਂ ਸੂਦਰਾਂ ਪਾਸੋਂ ਲੈ ਸੱਕਦੇ ਸੇ ਪ੍ਰੰਤੂ ਉਨ੍ਹਾਂ ਦੇ ਹੱਥਦੀ ਪੱਕੀ ਹੋਈ ਰੋਟੀ ਨਹੀਂ ਖਾਂਦੇ ਸੇ ਇਹ ਬੰਧਨ ਅਜੇਹੀ ਕਠੋਰਤਾ ਨਾਲ ਬੰਨ੍ਹਿਆ ਤਾਂ ਗਿਆ ਸੀ ਪ੍ਰੰਤੂ ਇਸ ਦੇ ਬੰਨਨ ਕਰਕੇ ਕੋਈ ਭਲਾ ਯਾ ਬੁਰਾ ਕੰਮ ਨਹੀਂ ਸੀ ਨਿਕਲਦਾ ਸਗੋਂ ਬ੍ਰਾਹਮਨੀ ਸਮੇ ਵਿਖੇ ਭੀ ਜਦ ਇਕ ਜ਼ਾਤ ਦੇ ਆਦਮੀ ਆਪਸ ਵਿਖੇ ਇੱਕ

ਦੂਸਰੇ ਦੇ ਹੱਥਦਾ ਨਹੀਂ ਖਾ ਸਕਦੇ ਸੇ ਤੇ ਸਗੋਂ ਇੱਕਹੀਂ ਟਬਰ ਦੇ ਪੁਰਖ ਉਤਪਤ ਹੋਏ ਇਕ ਦੂਸਰੇ ਦੇ ਹੱਥ ਦੀ ਛੋਹੀ ਹੋਈ ਪਕੀ ਹੋਈ ਰੋਟੀ ਖਾਣੀ ਬੁਰੀ ਜਾਣਦੇਸੇ ਤਾਂ ਇਹੁ ਭਲਾ ਕਿਉਂ ਹੋਸਕਦੀ ਸੀ ਕਿ ਸੂਦਰਾਂ ਦੇ ਹਥੋਂ ਰੋਟੀ ਲੈਕੇ ਖਾਂਦੇ ਬ੍ਰਾਹਮਨਾ ਬ੍ਰਾਹਮਨਾਂ ਦੇ ਹੱਥਦਾ ਤੇ ਖੱਤ੍ਰੀ ਖੱਤ੍ਰੀ ਦੇ ਹੱਥਦਾ ਤੇ ਘਰ ਦਾ ਪੱਕਾ ਹੋਯਾ ਭੋਜਨ ਨਹੀਂ ਖਾ ਸੱਕਦਾਸੀ ਤੇ ਨਾਂਹੀ ਇੱਕ ਜ਼ਾਤ ਵਾਲੇ ਦੂਸਰੀ ਜ਼ਾਤ ਤੇ ਘਰ ਜਾਕੇ ਖਾ ਸਕਦੇ ਸੇ ਤਾਂ ਫੇਰ ਸੂਦਰਾਂ ਦੀ ਪੱਕੀ ਹੋਈ ਕਿਸਤ੍ਰਾਂ ਨਾਲ ਖਾ ਸਕਦੇ ਸੇ ਭਾਵੇਂ ਮਨੂ ਜੀ ਦੇ ਨਿਯਮਾਂ ਅਨੁਸਾਰ ਸੂਦਰਾਂ ਨੂੰ ਅਜੇਹਾ ਨੀਚ ਛੋਟੇ ਵਰਨੰਨ ਕੀਤਾ ਹੈ ਜੇਹਾਕੁ ਹੇਠ ਲਿਖੇ ਲੇਖਾਂ ਥੀਂ ਪ੍ਰਗਟ ਹੋਜਾਵੇਗਾ ਸੋ ਲਿਖਯਾ ਹੈ

ਕਿ ਬਿਪਤਾਦੇ ਸਮੇ ਵਿਖੇ ਹਰ ਫ਼ਿਰਕਾ ਅਪਣੇ ਨਾਲੋਂ ਨੀਚ ਜ਼ਾਤਦੇ ਕੰਮ ਕਰਨ ਲਗ ਜਾਵੇ ਪ੍ਰੰਤੂ ਆਪਣੇ ਨਾਲੋਂ ਉਚੇ ਧਰਮ ਵਾਲੇ ਦੇ ਕੰਮ ਵਿਚ ਹੱਥ ਨਾਂ ਮਾਰੇ ॥ $\frac{੧੦}{੯੯-੧੦੦}$

ਸੂਦਰਾਂ ਨੂੰ ਵੇਦ ਸ਼ਾਸਤ੍ਰ ਤੇ ਧਰਮ ਦੀਆਂ ਪੁਸਤਕਾਂ ਪੜਨ ਦੀ ਆਗਜਾ ਨਹੀਂ $\frac{੧੦}{੧੨੭-੧੨੮}$

ਬ੍ਰਾਹਮਣ ਨੂੰ ਸ਼ੂਦਰ ਦੇ ਸਾਹਮਨੇ ਭੀ ਬੇਦ ਦਾ ਪੜਨਾਂ ਭਲਾ ਨਹੀਂ $\frac{੪}{੯੯}$

ਸ਼ੂਦਰ ਆਪਣੇ ਮਾਲਕ ਦੇ ਬਚੇ ਖੁਚੇ ਟੁਕੜਿਆਂ ਨਾਲ ਪਾਲਿਆ ਜਾਵੇ ਤੇ ਉਤਾਰੇ ਹੋਏ ਪਾਟੇ ਪਰਾਨੇ ਕਪੜੇ ਪੈਹਨ ਕੇ

ਨਿਰਬਾਹੁ ਕਰੇ ੧੦/੧੨੫

ਸ਼ੂਦਰ ਨੂੰ ਦੌਲਤ ਜਮਾਂ ਕਰਨ ਦੀ ਆਗਜਾ ਨਹੀਂ ੧੦/੧੨੯

ਜੇਕਰ ਸ਼ੂਦਰ ਕਿਸੇ ਉੱਚੀ ਜ਼ਾਤ ਵਾਲੇ ਨੂੰ ਗਾਲੀਆਂ ਦੇਵੇ ਤਾਂ ਉਸਦੀ ਜੀਭ ਕੱਟ ਲੈਣੀ ਚਾਹੀਏ ੮/੨੭੦

ਜੇਕਰ ਕੋਈ ਸ਼ੂਦਰ ਬ੍ਰਾਹਮਣ ਦੇ ਪਾਸ ਇੱਕ ਹੀ ਫ਼ਰਸ਼ ਪਰ ਬੈਠ ਜਾਵੇ ਤਾਂ ਉਸ ਦੀਆਂ ਸੜਾਂ (ਚਿਤੜਾਂ) ਦਾ ਮਾਸ ਵੱਢ ਦਿੱਤਾ ਜਾਵੇ ੮/੨੮੧

ਜੇਕਰ ਸ਼ੂਦਰ ਬ੍ਰਾਹਮਨ ਨੂੰ ਧਰਮ ਦੀਆਂ ਗਲਾਂ ਕਰਕੇ ਸੁਣਾਵੇ ਤਾਂ ਉਸਦੇ ਮੂੰਹ ਅਤੇ ਕੰਨਾਂ ਵਿੱਚ ਸੜਦਾ ਸੜਦਾ ਤੇਲ ਪਾਵਣਾਂ ਅਥਵਾ ਸਿੱਕਾ ਭਰਦੇਣਾ ਯੋਗ ਹੈ ੮/੨੭੨

ਸ਼ੂਦਰ ਦੇ ਖ਼ੂਨ ਦਾ ਬਦਲਾ ਭੀ ਧਰਮ ਦੇ ਅਨੁਸਾਰ ਓਹੀ ਹੈ ਜੇਹੜਾ ਬਿਲੀ ਕੁੱਤੇ ਕ੍ਰਿਲੀ ਡੱਡੂ ਆਦਿਕ ਹੋਰ ਜਾਨਵਰਾਂ ਦੇ ਮਾਰਨ ਦਾ ਬਦਲਾ ਹੈ ੮/੪੧੪

ਸ਼ੂਦਰਾਂ ਦਾ ਬੁਰਾ ਹਾਲ ਵਰਨੰਨ ਕਰਨ ਦੇ ਲਈ ਕੁਛ ਵਧਾਕੇ ਲਿਖਨ ਦੀ ਲੋੜ ਨਹੀਂ ਹੈ ਸ਼ੂਦਰਾਂ ਨੂੰ ਹਿੰਦੂਰਾਜ ਦੇ ਸਮੇ ਤੇ ਬ੍ਰਾਹਮਨੀ ਬਲ ਦੇ ਕਾਲ ਸਮੇ ਵਿਖੇ ਸਿਰ ਚੁੱਕਨ ਦੀ ਭੀ ਬੜੀ ਮਨਾਹੀ ਸੀ ਤੇ ਪਸੂਆਂ ਅਤੇ ਕੁੱਤਿਆਂ ਥੀਂ ਭੀ ਉਨ੍ਹਾਂ ਦੀ ਇੱਜ਼ਤ ਘੱਟ ਸੀ ਜੇਹਾ ਕਿ ਉਪਰਲੇ ਲੇਖਾਂ ਥੀਂ

ਪ੍ਰਤੀਤ ਹੋ ਗਿਆ ਹੈ ਪ੍ਰੰਤੂ ਬੁਧ ਧਰਮ ਸ਼ੂਦਰਾਂ ਦੇ ਲਈ ਇੱਕ ਬੜਾ ਹੀ ਖੁੱਲਾ ਮੈਦਾਨ ਸੀ ਉਨ੍ਹਾਂ ਨੇ ਬੜੀ ਖੁਸ਼ੀ ਤੇ ਪ੍ਰਸੰਨਤਾ ਨਾਲ ਬੁਧ ਧਰਮ ਵਲ ਮੂੰਹ ਫੇਰਿਆ ਕਿਉਂਕਿ ਉਸ ਧਰਮ ਵਿਖੇ ਛੋਟੇ ਵਡੇ ਦੀ ਕੋਈ ਪ੍ਰਵਾਹੁ ਨਹੀਂ ਸੀ ਰਖੀ ਗਈ ਅਤੇ ਬੁਧ ਧਰਮ ਨੂੰ ਗ੍ਰੈਹਨ ਕਰਨ ਵਾਲੇ ਬੋਹਤ ਸਾਰੇ ਸ਼ੂਦਰ ਹੀ ਸੇ ਤੇ ਇਹੀ ਸ਼ੂਦਰ ਸਨ ਜਿਨ੍ਹਾਂ ਨੇ ਬੁਧ ਧਰਮ ਨੂੰ ਗ੍ਰੈਹਨ ਕਰਕੇ ਓੜਕ ਨੂੰ ਛੱਤ੍ਰੀਆਂ ਅਤੇ ਬ੍ਰਾਹਮਣਾਂ ਨੂੰ ਆਪਣੇ ਥੀਂ ਹੇਠਾਂ ਕਰ ਵਿਖਾਯਾ ਤੇ ਸਾਰੇ ਹੀ ਹਿੰਦੁਸਤਾਨ ਵਿੱਚ ਅਪਣਾ ਸਿੱਕਾ ਬੈਠਾਯਾ ਤੇ ਵਡੀਆਂ ਕੁਲਾਂ ਵਾਲੇ ਬ੍ਰਾਹਮਣ ਅਤੇ ਛੱਤ੍ਰੀ ਉਨ੍ਹਾਂ ਦੀ ਸੇਵਾ ਕਰਨ ਲੱਗੇ ਪ੍ਰੰਤੂ ਜਦ ਸ਼ੰਕ੍ਰਾਚਾਰਜ ਅਤੇ ਰਾਜਪੂਤਾਂ ਦੀ ਕੋਸ਼ਸ਼ ਨਾਲ ਬ੍ਰਾਹਮਣੀ ਧਰਮ ਫੇਰ ਜ਼ਿੰਦਾ ਹੋਯਾ ਤਾਂਅਗਨੀ ਕੁਲ ਖਤ੍ਰੀਆਂ ਦੇ ਰਾਜ ਤੇਜ ਵਿਖੇ ਬੱਚੇ ਖੁਚੇ ਸ਼ੂਦਰਾਂ ਨਾਲ ਫੇਰ ਪੂਰਬਲਾਹੀ ਵਰਤਾਉ ਹੋਣ ਲੱਗਾ ਮੁਸਲਮਾਂਨਾਂ ਦੇ ਰਾਜਦੇ ਸਮੇ ਵਿਖੇਭੀ ਇਸਲਾਮਨੂੰਕਬੂਲਕਰਨਵਾਲੀਬੋਹਤਸਾਰੀਗਿਣਤੀਸ਼ੂਦਰਾਂ ਦੀਹੀ ਸੀ ਜੇਹੜੀ ਉਚ ਪਦਵੀ ਉਨ੍ਹਾਂ ਨੂੰ ਇਸਲਾਮ ਵਿਖੇ ਹੋਣ ਕਰਕੇ ਮਿਲ ਜਾਂਦੀਸੀ ਉਸਦੇ ਬੈਹਸ ਕਰਨ ਦੀ ਕੁਛ ਲੋੜ ਨਹੀਂ ਤੇ ਫਿਰ ਜੇਹੜਾ ਸਲੂਕ ਏਹੀ ਸ਼ੂਦਰ ਇਸਲਾਮ ਦੇ ਜਾਮੇ ਵਿਚ ਆਕੇ ਬ੍ਰਾਹਮਣੀ ਧਰਮ ਤੇ ਉਨ੍ਹਾਂਦੇ ਮਗਰ ਚਲਣ ਵਾਲਿਆਂ ਨਾਲ ਕਰਦੇ ਰਹੇ ਓਹੁਭੀ ਪ੍ਰਗਟਹੈ ਪਰ ਰਸੀ ਸੜੀ

ਵਟ ਨਹੀਂ ਗਿਆ ਬ੍ਰਾਹਮਣ ਖ਼੍ਰਗੋਸ਼ ਦੀਆਂ ਤਿੰਨੇਹੀ ਟੰਗਾਂ ਕੈਂਹਦੇ ਗਏ ਸ਼ੂਦਰਾਂ ਨੂੰ ਓਵੇਂ ਕਿਵੇਂਹੀ ਕਮੀਨ ਕੈਂਹਦੇ ਗਏ ਤੇ ਉਨ੍ਹਾਂ ਨੂੰ ਉਰੇ ਹੋਣੋਂ ਰੋਕਦੇ ਰਹੇ ਉਨ੍ਹਾਂ ਦੇ ਨਾਲ ਹੀ ਛੱਤ੍ਰੀ ਤੇ ਵੈਸ਼ਭੀ ਸੁਧਾਰੋਂ ਰੋਕੇ ਗਏ ॥

ਬ੍ਰਹਮਣੀ ਧਰਮ ਦਾ ਬੜਾ ਭਾਰਾ ਤਾਤਪ੍ਰਯ ਏਹਸੀ ਕਿ ਜ਼ਾਤਾਂ ਦੀ ਵੰਡ ਕਾਇਮ ਰਖੇ ਤੇ ਉਤਪਤ ਕਰਦਾ ਜਾਵੇ ਚਾਰ ਵਰਨਾਂ ਦੇ ਬੰਧਨਾਂ ਵਿਚਹੀ ਹੋਰ ਕਈ ਪ੍ਰਕਾਰਦੇ ਧਰਮ ਬੇਓੜਕੇ ਉਠ ਖੜੋਤੇ ਸੇ ਪ੍ਰੰਤੂ ਇਹੁ ਬੰਧਨ ਜ਼ਾਤਾਂ ਦੇ ਬੜੀ ਕਠਿਨਤਾ ਨਾਲ ਅਮਲ ਵਿਚ ਆਉਂਦੇਸੇ ਕਿ ਸ਼ੂਦਰਾਂਨੂੰ ਕਿਸੇ ਵਡੀ ਉੱਚਪਦਵੀ ਪਰ ਨਾਂ ਕੀਤਾ ਜਾਵੇ ਭਾਵੇਂ ਮਨੂ ਜੀ ਦੇ ਕਿਸੇ ਕਿਸੇ ਹੁਕਮ ਥੀਂ ਇਹੁ ਭੀ ਪ੍ਰਗਟ ਹੁੰਦਾ ਹੈ ਕਿ ਬ੍ਰਹਮਨ ਕਈ ਭਾਤਾਂ ਕਰਕੇ ਸੁਭ ਕਰਮ ਕਰਨ ਥੀਂ ਹਟਕੇ ਸ਼ੂਦਰ ਬਨਜਾਂਦਾ ਹੈ ਤੇ ਸ਼ੂਦਰਾਂ ਦਾ ਬ੍ਰਹਮਣਭੀ ਬਣ ਜਾਣਾ ਉਸੇ ਪੁਸਤਕ ਅਨੁਸਾਰ ਪ੍ਰਤੀਤ ਹੁੰਦਾ ਹੈ ਪ੍ਰੰਤੂ ਏਸੇ ਦੇ ਨਾਲ ਹੀ ਮਨੂਦੀ ਆਗਯਾ ਨਿਵੇਦਨ ਕਰਦੀ ਹੈ ਕਿ ਸ਼ੂਦਰਾਂ ਨੂੰ ਬੜੇਹੀ ਨੀਵੇਂ ਪਦ ਵਿਖੇ ਸਭਾ ਸਥਾਪਤ ਕੀਤਾ ਜਾਵੇ ਬੌਹਤਸਾਰੀ ਗਲਤਾਂ ਸ਼ੂਦਰਾਂ ਨੂੰ ਖਵਾਰ ਤੇ ਨੀਚ ਪਦਵੀ ਪਰਹੀ ਰਖਨ ਲਈ ਪਾਈ ਜਾਂਦੀ ਹੈ ਪ੍ਰੰਤੂ ਇਹੁ ਤਾਂ ਬ੍ਰਾਹਮਣੀ ਧਰਮ ਦੇ ਸਮੇ ਵਿਖੇ ਨੀਪਕ ਹੋਗਈ ਸੀ ਕਿ ਵਰਨ ਜਨਮਾਂ ਪਰਹੀ ਹੋਵਨਗੇ ਤੇ ਨੀਵੇਂ ਦਰਜੇ ਥੀ

ਉੱਚੇ ਪਦ ਪਰਜਾਨਾਂ ਬੜਾਹੀ ਕਠਿਨ ਹੈ ਖੱਤ੍ਰੀ ਤੇ ਵੈਸ਼ ਉਪਰਲੇ ਦਰਜੇ ਥੀਂ ਭੀ ਰੋਕੇ ਜਾਂਦੇ ਸੇ ਆਪਣੇ ਆਪ ਬ੍ਰਾਹਮਣਾ ਨੇ ਆਪੋ ਆਪਣੇ ਵਰਨਾਂ ਨੂੰ ਪ੍ਰਬੰਧ ਕਰਲੀਤਾ ਸੀ ਉਨ੍ਹਾਂ ਵਿੱਚ ਭੀ ਛੋਟੀ ਨੀਵੀਂ ਜ਼ਾਤ ਵਾਲਾ ਭੀ ਉਚੀ ਜ਼ਾਤਦੀ ਪਦਵੀ ਨਹੀਂ ਪਾ ਸਕਦਾ ਭਲਾ ਸੂਦਰਾਂ ਦਾ ਤਾਂ ਬ੍ਰਾਹਮਣਾਂ ਵਿੱਚ ਬ੍ਰਾਹਮਣ ਬਨਨਾਂ ਅਸੰਭਵਸੀ ਮਨੂਨੇ ਦੂਸਰੇ ਵਰਨਾਂ ਨੂੰ ਬਿਨਾਂ ਆਰੀਯਾ ਦੀ ਲੜਕੀ ਲੈਣ ਦੇ ਤਾਂ ਹਿੰਦੂਆਂ ਨੂੰ ਆਗਜਾ ਦਿੱਤੀ ਪਰ ਅਸ਼ਚਰਜ ਦੀ ਗਲ ਤਾਂ ਇਹ ਹੈ ਕਿ ਸੂਦਰਾਂ ਦੀ ਕੰਨਜਾ ਲੈਣੋਂ ਦੂਜਾਂ ਨੂੰ ਭੀ ਮਨਾਂ ਕੀਤਾ ਤੇ ਇਸਥੀਂ ਸੂਦਰਾਂ ਦੀ ਧਿਕਾਰਤਾ ਦਾ ਪੂਰਾ ਪਤਾ ਪ੍ਰਤੀਤ ਹੋ ਜਾਂਦਾ ਹੈ ਪ੍ਰੰਤੂ ਮਨੂ ਦੇ ਮਗਰੋਂ ਸੂਦਰਾਂ ਨਾਲ ਦੂਜਾਂ ਨੇ ਓਹੁ ਭੈੜਾ ਵਰਤਾਰਾ ਕੀਤਾ ਜੇਹੋ ਜੇਹਾ ਪਸ਼ੂਆਂ ਜਾਨਵਰਾਂ ਨਾਲ ਭੀ ਕੋਈ ਨਹੀਂ ਕਰਦਾਸੀ ਇਹੁ ਸੰਭਵ ਹੈ ਕਿ ਬੁਧਦੇ ਧਰਮ ਦੇ ਸਮੇ ਇਹਦਵੈਖ਼ਤਾ ਬੜੇਬਲ ਨਾਲ ਪ੍ਰਪਕ ਹੋਗਈ ਹੋਵੇ ਪ੍ਰੰਤੂ ਇਨ੍ਹਾਂ ਸਭਨਾਂ ਗਲਾਂ ਦਾ ਤਾਤਪ੍ਰਯ ਕੀਹ ਹੋਯਾ ਕਿ ਵਡੀਆਂ ਜ਼ਾਤਾਂ ਤਾਂ ਅਪਣੇ ਜ਼ਾਤ ਅਭਿਮਾਂਨ ਵਿਖੇ ਗ਼ਰਕ ਹੋਗਈਆਂ ਤੇ ਓੜਕ ਸੂਦਰਹੀ ਬਾਜ਼ੀ ਜਿਤ ਗਏ ਬੁਧ ਧਰਮ ਦੇ ਰਾਜੇ ਏਨ੍ਹਾਂ ਹੀ ਸੂਦਰਾਂ ਵਿਚੋਂ ਸੇ ਮੁਸਲਮਾਨਾਂ ਦਾ ਭੀ ਵਾਧਾ ਏਨ੍ਹਾਂ ਹੀ ਸੂਦਰਾਂ ਦੇ ਧਰਮ ਬਦਲਨ ਕਰਕੇ ਹੋਗਿਆਸੀ ਮਰਹਟੇ ਕੌਰਸੇ ਸੂਦਰ ਰਾਜਪੂਤ ਰਿਆਸਤਾਂ ਦੇ ਲਈ ਹਕੂਮਤ ਕਰਨ

ਵਾਲੇ ਕੌਨ ਸੇ ਸੂਦਰ ਹੀ ਸੇ ਜੇਹੜੇ ਓੜਕ ਨੂੰ ਰਾਜਪੂਤ ਬਨ ਗਏ ਜਦ ਗੁਰੂ ਗੋਬਿੰਦ ਸਿੰਘ ਜੀ ਨੇ ਕੰਮ ਕਰਨ ਦੀ ਇੱਛਾ ਕੀਤਾ ਉਸ ਵੇਲੇ ਭੀ ਹਿੰਦੂਆਂ ਵਿੱਚ ਸੂਦਰਾਂ ਦੀ ਓਹੀ ਬੇਕਦਰੀ ਤੇ ਖ੍ਵਾਰੀ ਸੀ ਓਹੁ ਨਾਹੀਂ ਬੜੀਆਂ ਜ਼ਾਤਾਂ ਵਿਖੇ ਮਿਲ ਸਕਦੇ ਸੇ ਨਾਹੀਂ ਉਨ੍ਹਾਂ ਪਾਸੋਂ ਛਤ੍ਰੀ ਦਾ ਕੰਮ ਲੈ ਸਕਦੇ ਸੇ ਭਾਵੇਂ ਕੋਈ ਸੂਦਰ ਸਮੇਂ ਦੇ ਪ੍ਰਭਾਵ ਕਰਕੇ ਭੁਜਾਬਲ ਨਾਲ ਪੁਲੀਟੀਕਲ ਸੰਸਾਰ ਵਿਖੇ ਕੋਈ ਉਚਪਦਵੀ ਪਾ ਜਾਵੇ ਤਾਂ ਪਾ ਜਾਵੇ ਪ੍ਰੰਤੂ ਓਹੁ ਜ਼ਾਤ ਵਿਚੋਂ ਉੱਚਾ ਨਹੀਂ ਹੋ ਸਕਦਾ ਸੀ ਕਿਸੇ ਦਰਜੇ ਦੀ ਦੌਲਤ ਮਾਯਾ ਪਦਵੀ ਰਾਜ ਗੱਦੀ ਸੂਰਮਤਾਈ ਵਿਦਯਾ ਕਰਕੇ ਜ਼ਾਤੋਂ ਉੱਚਾ ਨਹੀਂ ਕਰ ਸਕਦੇ ਸੇ ਅਸ਼ਚਰਜ ਇਹੁ ਹੈ ਕਿ ਧਰਮ ਦੇ ਨਾਮ ਕਰਕੇ ਤੇ ਪ੍ਰਮੇਸ੍ਵਰ ਦੇ ਬਚਨਾਂ ਦ੍ਵਾਰਾ ਆਪਣੇ ਵਰਗੇ ਪੁਰਖ ਨੂੰ ਇਕ ਦੂਜਾ ਉਚਪਦਵੀ ਹਾਸਲ ਕਰਨੋ ਰੋਕਦਾ ਸੀ ਇਸ ਕਰਕੇ ਹਿੰਦੂਆਂ ਦੇ ਅਹਾਤੇ ਵਿਖੇ ਇਸ ਗਲ ਦੀ ਬੜੀ ਲੋੜ ਸੀ ਕਿ ਕੋਈ ਅਜੇਹਾ ਤ੍ਰੀਕਾ ਇਖ਼ਤਿਆਰ ਕੀਤਾ ਜਾਵੇ ਕਿ ਜ਼ਾਤਾਂ ਦੇ ਬੰਧਨ ਟੁਟਕੇ ਹਰ ਇੱਕ ਮਨੁਖ ਨੂੰ ਪੁਰਖਤਤਾ ਦਾ ਹੱਕ ਇਕੋ ਜਿਹਾ ਹਾਸਲ ਹੋਜਾਵੇ ਤੇ ਜ਼ਾਤਾਂ ਦੇ ਤੇ ਵਰਨਾਂ ਦੇ ਬੰਧਨ ਟੁਟ ਕੇ ਛੋਟੀ ਜ਼ਾਤ ਵਾਲੇ ਭੀ ਉਚਪਦਵੀ ਨੂੰ ਪ੍ਰਾਪਤ ਹੋ ਸਕਨ ਜੇਹੜੀ ਪੁਰਖ ਦੇ ਲਈ ਪ੍ਰਮੇਸ੍ਵਰ ਵਲੋਂ ਦਾਤ ਹੈ ਆਦਮੀ ਦੀ ਜ਼ਾਤ ਕਰਮਾਂ ਕਰਕੇ ਹੋਵੇ ਤੇ ਪ੍ਰਮੇਸ੍ਵਰ ਦੀ ਬੰਦਗੀ

ਵਿਖੇ ਸਭ ਪੁਰਖ ਇੱਕੋ ਜੇਹੇ ਹਕਰਸੀ ਪਾਵਨ ਸ਼ੂਦਰਾਂ ਨੂੰ ਬ੍ਰਾਹਮਨ ਤੇ ਖਤ੍ਰੀ ਬਨਨ ਦੀ ਕੋਈ ਰੋਕ ਨਾ ਹੋਵੇ ਤੇ ਪੁਰਖ ਨੂੰ ਓਹੁ ਸ੍ਵਤੰਤਰਤਾ ਪ੍ਰਾਪਤ ਹੋਵੇ ਜੋ ਕੁਦਰਤ ਕਰਕੇ ਉਸਨੂੰ ਪ੍ਰਾਪਤ ਹੋ ਸਕਦੀ ਹੋਵੇ ॥

ਕੋਈ ਕੌਮ ਉਨਤੀ ਨਹੀਂ ਕਰ ਸਕਦੀ ਤੇ ਨਾਹੀ ਕੋਈ ਧਰਮ ਵਾਧਾ ਕਰ ਸਕਦਾ ਹੈ ਜੋ ਬਹੁਤ ਬੰਧਨਾ ਵਿਖੇ ਬੰਨ੍ਹੇ ਹੋਏ ਹਨ ਸ੍ਵਤੰਤਰਤਾ ਦੀ ਉਨਤੀ ਦੇ ਲਈ ਇਕ ਕੁਦਰਤੀ ਬਲ ਹੁੰਦਾ ਹੈ ਬਿਨਾ ਉਸਦੇ ਨਾਂਤਾ ਕੋਈ ਕੌਮ ਉਨਤੀ ਕਰ ਸਕਦੀ ਹੈ ਨਾ ਕੋਈ ਪੁਰਖ ਹੀ ਨਾ ਦੇਸ਼ ਹੀ ਉਨਤੀ ਕਰ ਸਕਦਾ ਹੈ ਨਾ ਧਰਮ ਵੈਦਕ ਧਰਮ ਨੇ ਜੇਹੜੀ ਖੁਲ੍ਹ ਪੁਰਖ ਨੂੰ ਦਿਤੀਸੀ ਸੋ ਸਾਰੀ ਹੀ ਤਸ਼ਰੀਹਾਂ ਤਾਵੀਲਾਂ ਨੇ ਤੇ ਉਨ੍ਹਾਂ ਦੀ ਥਾਂ ਹੋਰ ਹੋਰ ਉਪਦੇਸ਼ ਨਿਯਮ ਸਿਮਰਤੀਆਂ ਪੁਰਾਨਾਂ ਆਦਿਕ ਨੇ ਬੇਓੜਕ ਪੁਸਤਕ ਆਦੀ ਬਨਾ ਬਨਾ ਕਰਕੇ ਖੁਲ੍ਹ ਨੂੰ ਅਜੇਹਾ ਸੀਮਾਂ ਅੰਦਰ ਲੈ ਆਂਦਾ ਸੀ ਕਿ ਆਦਮੀ ਭਾਵੇਂ ਦੇਖਨ ਵਿੱਚ ਸ੍ਵਤੰਤਰਸੀ ਪ੍ਰੰਤੂ ਕੈਦੀਆਂ ਨਾਲੋਂ ਭੀ ਅੰਦਰ ਭੈੜੇ ਹਾਲ ਸੀ ਇਹੀ ਕਾਰਨ ਸੀ ਕਿ ਹਿੰਦੂਆਂ ਦਾ ਕੋਈ ਕੈਰੈਕਟ੍ਰ (ਖਸਲਤ) ਨਹੀਂ ਸੀ ਜੇ ਕਦੇ ਸੀ ਭੀ ਤਾਂ ਓਹੁ ਬਿਲਕੁਲ ਜਾਂਦਾ ਹੀ ਰਿਹਾ ਸੀ ਸਾਰੀ ਕੌਮ ਦਿਮਾਗ਼ੀ ਗੁਲਾਮੀ ਵਿਖੇ ਫਸੀ ਹੋਈ ਸੀ ਜਦ ਦਿਮਾਗ਼ ਹੀ ਬੱਧਾ ਹੋਯਾ ਸੀ ਤਾਂ ਦਿਲ ਨੇ ਤਾਂ ਆਪੇ ਹੀ ਬੱਝਣਾ ਸੀ॥

ਇਸ ਕਰਕੇ ਗੁਰੂ ਗੋਬਿੰਦ ਸਿੰਘ ਜੀ ਨੇ ਚਾਹਿਆ ਕਿ ਹਿੰਦੂਆਂ

ਦੀਆਂ ਜ਼ਾਤਾਂ ਤੇ ਵਰਨਾਂ ਦੀ ਬੰਧਨ ਨੂੰ ਤੋੜਕੇ ਆਜ਼ਾਦ ਕਰਕੇ ਇਕ ਅਜੇਹੀ ਕੌਮ ਬਨਾਈ ਜਾਵੇ ਜੇਹੜੀ ਹਿੰਦੂਆਂ ਦੀਆਂ ਉਨ੍ਹਾਂ ਖ਼ਸਲਤਾਂ ਥੀਂ ਵਿਰੁਧ ਹੋਵੇ ਜੇਹੜੀਆਂ ਭੈੜੀਆਂ ਉਸ ਫ਼ੈਲੇ ਉਨ੍ਹਾਂ ਵਿਚ ਪਾਈਆਂ ਜਾਂਦੀਆਂ ਸਨ ਤੇ ਸ਼ੂਦਰਾਂ ਨੂੰ ਭੀ ਉਨ੍ਹਾਂ ਦੇ ਤੁਲ ਕਰ ਦੇਵੇ ਜੇਹੜੇ ਜਾਤੀ ਅਭਿਮਾਨ ਦੇ ਉਚ ਭਾਵ ਵਿਖੇ ਬੱਝਕੇ ਖ਼ਵਾਰ ਹੋ ਰਹੇ ਸੇ ਪ੍ਰੰਤੂ ਇਸ ਰਸਤੇ ਵਿਖੇ ਭੀ ਗੁਰੂ ਗੋਬਿੰਦ ਸਿੰਘ ਜੀ ਦੇ ਸਨਮੁਖ ਕਠੋਰ ਕਠਿਨ ਤਾਈਆਂ ਸਨ ਕਿਉਂਕਿ ਹਿੰਦੂਆਂ ਦੀ ਤਾਂ ਇਹੁ ਹਾਲਤਸੀ ਕਿ ਭਾਵੇਂ ਉਹਐਤਨੀ ਤਕਲੀਫ਼ ਤੇ ਕਸ਼ਟਸਹਾਰ ਦੇਭੀ ਸਨ ਪਰ ਜੇਕਰ ਜ਼ਰਾ ਜਿਤਨੀ ਭੀ ਬਦਲੀ ਉਨ੍ਹਾਂ ਦੇ ਭੋਜਨ ਪਹਿਰਾਵੇ ਊਠਨ ਬੈਠਨ ਵਿਖੇ ਭਜਨ ਬੰਦਗੀ ਦਾ ਤ੍ਰੀਕਾ ਤੇ ਹੋਰਨਾਂ ਹਾਲਤਾਂ ਵਿਖੇ ਪੈਜਾਵੇ ਭਾਵੇਂ ਕਿਸੇ ਪੁਰਾਤਨ ਢੰਗ ਵਿਖੇ ਭਾਵੇਂ ਓਹੁ ਮਜ਼ੁਬੀ ਹੋਵੇ ਅਥਵਾ ਸੋਸ਼ਲ ਯਾ ਇਖ਼ਲਾਕੀ ਕਿੰਚਤਮਾਤ੍ਰ ਭੀ ਵਿਰੁਧ ਹੋ ਜਾਵੇ ਤਾਂ ਬੜਾ ਭਾਰਾ ਰੌਲਾ ਮਚਾ ਦੇਂਦੇ ਸੇ ਸਗੋਂ ਪੁਰਾਤਨ ਰਸਮਾਂ ਦੇ ਤੋੜਨ ਵਾਲੇ ਨੂੰ ਜ਼ਾਤੋਂ ਹੀਨ ਹੋ ਜਾਣਦਾ ਤੇ ਅਪਣੇ ਸਾਕਾਂ ਅੰਗਾਂ ਥੀਂ ਵਿਛੜ ਜਾਣਦਾ ਡਰ ਘੇਰਾ ਕਰ ਲੈਂਦਾਸੀ ਪਰ ਫੇਰ ਭੀ ਉਨ੍ਹਾਂ ਨੇ ਇਛਾ ਕੀਤੀ ਕਿ ਭਾਵੇਂ ਸਭਹੀ ਔਖਿਆ-ਈਆਂ ਦੇ ਸਾਹਮਨੇ ਜਾਣਾ ਭੀ ਪਵੇ ਪਰ ਲੋਕਾਂ ਨੂੰ ਦਿਮਾਗ਼ੀ ਬਲ ਤੇ ਸਰੀਰਕ ਦਾਸਤਭਾਵ ਥੀਂ ਕੱਢ ਕੇ ਉੱਚਪਦਵੀ ਪਰ

ਉਪੜਾਵੇ ਤੇ ਸਭ ਥੀਂ ਔਖੀ ਗਲ ਉਨ੍ਹਾਂ ਦੇ ਸਾਹਮਣੇ ਹਿੰਦੂਆਂ ਦੀ ਪੁਲੀਟੀਕਲ ਹਾਲਤ ਦੀ ਸੀ ॥

ਪੁਲੀਟੀਕਲ ਹਾਲਤ ਹਿੰਦੂਆਂ ਦੀ ਗੁਰੂ ਗੋਬਿੰਦਸਿੰਘ ਜੀਦੇ ਸਮੇ ਵਿਖੇ ਕੀਹ ਸੀ

ਮਹਾਭਾਰੱਤ ਦੇ ਸਮੇਂ ਤਕ ਹਿੰਦੂਆਂ ਦਾ ਪੁਲੀਟੀਕਲ ਬਲ ਨਾ ਕੇਵਲ ਸਾਰੇ ਭਾਰਤ ਵਰਸ਼ ਵਿਖੇ ਹੀ ਸੀ ਸਗੋਂ ਭਾਰਤ ਥੀਂ ਬਾਹਰ ਭੀ ਤਿਸਦਾ ਅਸਰਸੀ ਉਨ੍ਹਾਂ ਦੀਆਂ ਜਿੱਤਾਂ ਹਿੰਦੁਸ ਤਾਨ ਦੀਆਂ ਕੰਧਾਂ ਥੀਂ ਬਾਹਰ ਦੂਰ ਦੂਰ ਤਕ ਫ਼ੈਲੀਆਂ ਹੋਈਆਂ ਸਨ ਪ੍ਰੰਤੂ ਮਹਾਭਾਰਤ ਦੇ ਜੁੱਧ ਹੋਣਥੀਂ ਮਗਰੋਂ ਭਾਰਤ ਵਰਸ਼ ਦਿਨੋਂ ਦਿਨ ਘਾਟੇ ਵਿਖੇ ਸੀ ਹਿੰਦੁਸਤਾਨ ਧੀਰੇ ਧੀਰੇ ਛੋਟੀਆਂ ਰਿਆਸਤਾਂ ਵਿਖੇ ਵੰਡਿਆ ਗਿਆਸੀ ਹਜ਼ਾਰਾਂ ਹੀ ਛੋਟੇ ਛੋਟੇ ਰਾਜੇ ਇੱਕ ਹਿੰਦੁਸਤਾਨ ਦੀ ਧਰਤੀ ਪਰ ਹੀ ਰਾਜ ਕਰਦੇ ਸੇ ਤੇ ਉਨ੍ਹਾਂ ਵਿਚ ਮੈਤ੍ਰਤਾ ਤਾਂ ਕਿਧਰੇ ਹੀ ਰਹੀ ਸਗੋਂ ਵਿਰੋਧਤਾਈ ਬਹੁਤਹੀ ਸੀ ਇਕ ਦੂਸਰੇ ਦਾ ਵੈਰੀ ਇਕ ਦੂਸਰੇਦੀ ਖ਼ਰਾਬੀ ਹੋਣ ਕਰਕੇ ਪ੍ਰਸੰਨ ਹੋਂਦਾ ਸੀ ਮਹਾਭਾਰਤ ਦੇ ਜੁਧਦੇ ਸਮਾਚਾਰ ਇਸਗਲ ਦੀ ਸਾਖੀ ਦੇ ਰਹੇ ਹਨ ਕਿ ਉਸਸਮੇਂ ਵਿਖੇਭੀ ਭਾਰਤ ਇਕ ਰਾਜੇ ਦੀ ਆਗਿਆ ਵਿਖੇ ਨਹੀਂ ਸੀ ਸਗੋਂ ਛੋਟੀਆਂ ਛੋਟੀਆਂ ਰਾਜ ਧਾਨੀਆਂ

ਸਨ ਪ੍ਰੰਤੂ ਇਕ ਸਭਨਾਂ ਨਾਲੋ ਬੜੀ ਬਲ ਵਾਲੀ ਰਾਜਧਾਨੀ ਕੈਰਵਾਂਤੇਪਾਡਵਾਂਦੀਸੰਤਾਂਨਦੀ ਸੀ ਤੇਹਿੰਦੁਸਤਾਂਨਦੇਸਭ ਰਾਜੇ ਤੇਰਾਜ ਧਾਨੀਆਂ ਤਿਨਾਂਨੂੰਹੀ ਵੱਡੀ ਵਿਚਾਰਦਾਸੀ ਮਹਾਭਾਰਤ ਦੇ ਸਮੇ ਦੇ ਮਗਰੋਂ ਸੂਰਜ ਬੰਸੀ ਤੇ ਚੰਦ੍ਰਬੰਸੀ ਸੰਤਾਂਨ ਦੀ ਹਕੂਮਤ ਦੀ ਸਿਲਕ ਬੌਹਤ ਚਿਰਾਂ ਤਕ ਪਰੀਪਕ ਰਹੀ ਬੁਧ ਧਰਮ ਦੇ ਰਾਜਿਆਂ ਨੇ ਹਿੰਦੂਆਂ ਦੀਆਂ ਪੁਰਾਤਨ ਰਾਜ ਧਾਨੀਆਂ ਦੀਆਂ ਤੇ ਰਾਜਿਆਂਦੀਆਂ ਜੜਾਂਹੀ ਭਾਰਤ ਵਰਸ਼ਥੀਂ ਪੁਟਸਿਟੀਆਂਸਨਸ੍ਰੀਗੁਰੂਗੋਬਿੰਦਸਿੰਘਜੀਦੇਵੇਲੇਤਾਂਈਉਨ੍ਹਾਂ ਖਾਨਦਾਨਾ ਦਾ ਨਾਮ ਤੇ ਨਿਸ਼ਾਨ ਭੀ ਨਹੀਂ ਰਿਹਾਸੀ ਕੇਵਲ ਨਾਮ ਹੀ ਨਾਮ ਬਾਕੀ ਸੇ ਬੁਧ ਧਰਮ ਦੀ ਹਕੂਮਤ ਨੂੰ ਅਗਨੀ ਹੋਤ੍ਰੀ ਖਤ੍ਰੀਆਂਨੇ ਹਿੰਦੁਸਤਾਂਨਥੀ ਬਾਹਰਕਢਿਆ ਪ੍ਰੰਤੂ ਉਨ੍ਹਾਂ ਦੀ ਸੰਤਾਨ ਜੋ ਹੁਣ ਕਈ ਤਰਾਂ ਦੇ ਰਾਜਪੂਤ ਜ਼ਾਤੀ ਸਦਾਉਂਦੀ ਹੈ ਆਪਸ ਵਿੱਚਇੱਕ ਦੂਸਰੇਦੇ ਵਿਰੁਧ ਤੇ ਤਿੰਨਾਂਦੇਬੁਰੇ ਵਿਖੇ ਹੀਵਿਚਾਰਾਂ ਕਰਦੇਸੇ ਉਨ੍ਹਾਂਦੀ ਰਾਜ ਧਾਨੀ ਸਾਮ੍ਰਥਤਾ ਵਾਲੀ ਕਦੇ ਭੀ ਹਿੰਦੁਸਤਾਨ ਦੀ ਸੀਮ ਤਕ ਨਹੀਂ ਹੋਈ ਕੇਵਲ ਛੋਟੇ ਛੋਟੇ ਰਾਜੇ ਰਾਜ ਕਰਦੇ ਸੇ ਤੇ ਉਨ੍ਹਾਂ ਵਿੱਚ ਆਪੋ ਧਾਪੀ ਜ਼ਾਤ ਦੇ ਛੋਟੀ ਤੇ ਵਡੀ ਜ਼ਾਤਾਂ ਦੇ ਹੋਣਦੇ ਕਾਰਨ ਸਦਾ ਹੀ ਝਗੜੇ ਬਖੇੜੇ ਹੁੰਦੇ ਰੈਂਹਦੇ ਸੇ ਕੌਮੀਅਤ ਦਾ ਨਾਮ ਨਿਸ਼ਾਂਨ ਤਕ ਭੀ ਨਹੀਂ ਸੀ ਭਾਵੇਂ ਸਾਰੇ ਹੀ ਹਿੰਦੁਸਤਾਨ ਉਪਰ ਰਾਜਪੂਤਾਂ ਦਾ ਹੀ ਰਾਜ ਸੀ ਪਰ ਛੋਟੇ ਛੋਟੇ ਭਾਗ ਕੀਤੇ ਹੋਏ ਸੇ ਕੋ ਨਵੇਂ

ਸੂਰਜ ਉਨ੍ਹਾਂ ਵਿੱਚ ਲੜਾਈਆਂ ਜੁਧ ਹੁੰਦੇ ਰੈਂਹਦੇ ਇਤਹਾਸਾਂ ਨੂੰ ਪੜ੍ਹ ਕੇ ਦੇਖੋ ਹਜ਼ਾਰਾਂ ਹੀ ਲੜਾਈਆਂ ਇੱਕ ਇੱਕ ਮਹੀਨੇ ਵਿਖੇ ਹੁੰਦੀਆਂ ਕੋਈ ਮਹੀਨਾ ਖ਼ਾਲੀ ਨਹੀਂ ਸੀ ਗਿਆ ਜਿਸ ਵਿੱਚ ਕੋਈ ਲੜਾਈ ਨਾ ਹੋਈ ਹੋਵੇ ਜੁਧ ਜੰਗ ਕਰਕੇ ਆਪਣੇ ਬਲ ਤੇ ਪਤ ਨੂੰ ਗਵਾ ਬੈਠਦੇ ਸੇ ਰਾਜਾ ਬਿਕ੍ਰਮਾਜਿਤ ਤੇ ਭੋਜ ਆਦਿਕਾਂ ਦੇ ਨਾਮ ਇਤਹਾਸਾਂ ਵਿਖੇ ਪ੍ਰਸਿੱਧ ਹੈਨ ਉਨ੍ਹਾਂ ਦੇ ਮਗਰੋਂ ਸਭ ਕੁਛ ਉਲਟ ਪੁਲਟ ਹੋ ਗਈ ਸੀ ਅਤੇ ਰਾਜਪੂਤ ਤੇ ਛਤ੍ਰੀਆਂਦੀ ਜੁਵਾਨ ਮਰਦੀ, ਤੇ ਬਹਾਦੁਰੀ ਪੂਰਤ ਇਤਹਾਸ ਜਦੋਂ ਤਕ ਧਰਤੀ ਹੈ ਨਹੀਂ ਜਾਣਗੇ ਰਾਜਪੂਤਾਂ ਨੇ ਆਪਣੇ ਲਹੂ ਨਾਲ ਜੇਹੜੇ ਨਿਸ਼ਾਂਨ ਹਿੰਦੁਸਤਾਂਨ ਵਿਖੇ ਲਾਏ ਹਨ ਉਨ੍ਹਾਂ ਦਾ ਮੇਟ ਦੇਣਾ ਕਾਲ ਦੇ ਬਲ ਥੀਂ ਭੀ ਬਾਹਰ ਹੈ ਕਿਉਂਕੇ ਓਹ ਨਿਸ਼ਾਨ ਤਾਂ ਕਾਲ ਦੇਹੀ ਸਿਰ ਪਰ ਹੈਨ ਜਦ ਤਕ ਕਾਲ ਰਹੇਗਾ ਤਦ ਤਕ ਉਹ ਨਿਸ਼ਾਨ ਦ੍ਰਿਸ਼ਟੀਆ ਉਂਦੇ ਹੀ ਰੈਹਨਗੇ ਇਹੁ ਸਭ ਗਲਾਂ ਤਾਂ ਹੋਈਆਂ ਪਰ ਈਰਖਾਂ ਤੇ ਵਿਰੋਧਤਾਈ ਅਤੇ ਜ਼ਾਤਾਂ ਦੇ ਫਰਕ ਨੇ ਧਰਮੀ, ਵਿਸਤਾਰਨੂੰ ਘਟ ਥੀਂ ਘਟ ਮਹਾਂਭਾਰਤ ਦੇ ਮਗਰੋਂ ਹਿੰਦੂਆਂ ਨੂੰ ਇੱਕ ਕੌਮ ਬਨਨੋਂ ਰੋਕਿਆ ਤੇ ਓਹੁ ਪਿਛਲੇ ਪੰਜ ਹਜ਼ਾਰ ਬਰਸ ਵਿਖੇ ਕਦੇ ਭੀ ਇੱਕ ਕੌਮ ਬਨਨ ਦੇ ਯੋਗ ਨਾ ਹੋਏ ਭਾਵੇਂ ਹਿੰਦੂ ਲਫ਼ਜ਼ ਵਿਖੇ ਯਾ ਭਾਰਤਬਾਸ਼ੀ ਦੇ ਬਚਨ ਵਿਖੇ ਸਾਰੇ ਹੀ ਫਿਰਕੇ ਤੇ ਜ਼ਾਤਾ ਇੱਕਤ ਹਨ ਪਰ ਜੇਹੜਾ ਬਚਨ

ਕੌਮ ਦਾ ਹੈ ਇਸ ਪਰ ਓਹੁ ਕਦੀ ਭੀ ਨਹੀਂ ਚਲੇ ਇੱਕ ਵੈਦਕ ਧਰਮ ਰਖਨ ਕਰਕੇ ਭੀ ਉਨ੍ਹਾਂ ਨੂੰ ਕੌਮ ਨਹੀਂ ਕਿਹਾ ਜਾ ਸਕਦਾ ਕਿਉਂ ਜੋ ਵੈਦਕ ਧਰਮ ਨੂੰ ਭੀ ਧਾਰਨ ਕਰਦੇ ਹੋਏ ਓਹੁ ਆਪਸ ਵਿੱਚ ਇਸ ਕਦਰ ਵਿਰੋਧ ਤਾਈ ਦੇ ਅਨੇਕ ਫਿਰਕੇ ਰਖ ਦੇ ਹਨ ਕਿ ਇੱਕ ਦੂਸਰੇ ਦੇ ਜਾਨੀ ਵੈਰੀ ਸੇ ਤੇ ਇਨ੍ਹਾਂ ਵਿਖੇ ਰਸਮੀ ਤੇ ਧਰਮੀ ਬੜਾ ਹੀ ਫ਼ਰਕ ਸੀ ਜ਼ਾਤਾਂ ਦੇ ਬੰਧਨਾਂ ਵਿਖੇ ਬਝੇ ਹੋਏ ਸੇ ਪ੍ਰੰਤੂ ਇਨ੍ਹਾਂ ਥੀਂ ਵਧਕੇ ਭੀ ਉਨ੍ਹਾਂ ਵਿੱਚ ਵਡਾ ਭਾਰਾ ਭਰਮ ਭੇਦ ਇਹੁ ਸੀ ਕਿ ਉਨ੍ਹਾਂ ਵਿੱਚ ਪੁਲੀਟੀਕਲ ਵਿਰੋਧ ਸੀ ਤੇ ਜਿਵੇਂ ਹੋਰਨਾ ਕੌਮਾਂ ਵਿਖੇ ਵਿਰੋਧ ਤਾਈ ਸੀ ਅਰਥਾਤ ਗੁਸਾ, ਅਭਿਮਾਨ, ਵਿਰੋਧ ਤਾਈ, ਈਰਖਾ ਵਿਖੇ ਇੱਕ ਦੂਜੇ ਨਾਲੋਂ ਬੜੇ ਜ਼ੋਰ ਨਾਲ ਇੱਕ ਥੀਂ ਇੱਕ ਵਧ ਕਰਨ ਨੂੰ ਤਿਆਰ ਸੀ ਯੂਰਪ ਨਿਵਾਸੀਆਂ ਦੀ ਇਹੁ ਵਿਚਾਰ ਹੈ ਕਿ ਛੋਟੀਆਂ ਛੋਟੀਆਂ ਰਾਜਧਾਨੀਆਂ ਜ਼ਾਤਾਂ ਦੇ ਵਿਰੁਧ ਜੇਹੜੀਆਂ ਹੋ ਗਈਆਂ ਸਨ ਇਸ ਕਰਕੇ ਹਿੰਦੂਆਂ ਨੂੰ ਮੁਸਲਮਾਨਾਂ ਦੇ ਹਮਲਿਆਂ ਥੀਂ ਬੜਾ ਹੀ ਲਾਭ ਪੁਜਾ ਜਿਵੇਂ ਕਿ ਕਈ ਭਾਂਤ ਦੇ ਫਿਰਕੇ ਹੋਜਾਣ ਕਰਕੇ ਲਾਭ ਹੋਯਾ ਕਿ ਇਕੋ ਵਾਰੀ ਹੀ ਸਭ ਹਿੰਦੂਆਂ ਨੇ ਮੁਸਲਮਾਨੀ ਧਰਮ ਨਹੀਂ ਸੀ ਗ੍ਰੈਹਨ ਕੀਤਾ ਏਵੇਂ ਹੀ ਛੋਟੀ ਛੋਟੀ ਰਾਜ ਧਾਨੀਆਂ ਨੇ ਲਾਭ ਪਾਯਾ ਜੋ ਮੁਸਲਮਾਨ ਇੱਕ ਦੋਹਾਂ ਜੰਗਾਂ ਵਿਖੇਂ ਹਿੰਦੁਸਤਾਨ ਨੂੰ ਨਾਂ ਫ਼ਤੇ ਕਰ ਸਕੇ ਅਤੇ ਪੈਰ ਪੈਰ ਪਰ

ਰਾਜਪੂਤਾਂ ਨੇ ਮੁਕਾਬਲਾ ਕੀਤਾ ਤੇ ਬੜੀ ਹੀ ਲੜਾਈ ਜੁਧ ਕਰਨ ਦੇ ਮਗਰੋਂ ਇੱਕ ਚੱਪਾ ਚੱਪਾ ਧਰਤੀ ਛੱਡੀ ਪ੍ਰੰਤੂ ਓੜਕ ਨੂੰ ਸਾਰੀ ਕਿਉਂ ਨਾਂ ਦੇਂਦੇ ਜਦ ਕਿ ਇੱਕ ਬੜੀ ਸਾਮ੍ਰਥਤਾ ਵਾਲੇ ਮੁਸਲਮਾਂਨਾ ਨਾਲੋਂ ਹਿੰਦੁਸਤਾਂਨ ਵਿੱਚ ਕੋਈ ਭੀ ਜ਼ੋਰਾਵਰ ਨਹੀਂ ਸੀ ਫੇਰ ਇੱਕ ਦੂਜੇ ਦੀ ਸਹਾਇਤਾ ਥੀਂ ਇਹੁ ਹਿੰਦੁਸਤਾਨੀ ਰਾਜੇ ਲਾਭ ਨਹੀਂ ਉਠਾ ਸਕਦੇ ਸੇ ਕਿਉਂਕਿ ਇੱਕ ਦੂਸਰੇ ਦੇ ਵਿਰੁਧ ਸੇ ਇਸ ਕਰਕੇ ਇਹੁ ਪ੍ਰਸਿੱਧ ਹੈ ਕਿ ਮੁਸਲਮਾਨਾਂ ਨੇ ਆਪਣੇ ਬਲ ਨਾਲ ਓੜਕ ਨੂੰ ਸਾਰੇ ਹੀ ਰਾਜੇ ਹਿੰਦੂ ਲਤਾੜ ਸੁੱਟੇ ਭਾਵੇਂ ਛੇਤੀ ਤੇ ਭਾਵੇਂ ਚਿਰਕੇ ਪ੍ਰੰਤੂ ਸਾਰੇ ਹੀ ਹਿੰਦੁਸਤਾਂਨ ਨੂੰ ਜਿੱਤ ਲੀਤਾ ਸੀ ਜੇਕਰ ਹਿੰਦੂਆਂ ਦੀ ਇੱਕ ਵਡੀ ਬਲ ਵਾਲੀ ਰਾਜਧਾਨੀ ਹੁੰਦੀ ਤਾਂ ਅਥਵਾ ਛੋਟੀਆਂ ਛੋਟੀਆਂ ਹੀ ਰਿਆਸਤਾਂ ਇੱਕਤ੍ਰ ਹੋ ਕਰਕੇ ਵਿਚਾਰ ਕਰਕੇ ਲੜਦੀਆਂ ਤਾਂ ਜਿਹੋ ਜਿਹੇ ਰਾਜਪੂਤ ਤੇ ਛੱਤ੍ਰੀ ਸੂਰਮੇ ਤੇ ਬਲਵਾਂਨ ਸੇ ਓਹੁ ਇਹੁ ਗੱਲ ਕਰ ਸਕਦੇ ਸੇ ਕਿ ਇਸਲਾਮ ਦੇ ਪੈਰ ਭੀ ਹਿੰਦੁਸਤਾਂਨ ਵਿਚ ਨਾ ਜੰਮਨ ਦੇਂਦੇ ਮੁਸਲਮਾਂਨਾਂ ਦੇ ਪੈਰ ਇਸ ਕਰਕੇ ਹਿੰਦੁਸਤਾਂਨ ਵਿਖੇ ਜੰਮ ਗਏ ਕਿ ਇੱਕ ਇੱਕ ਨੂੰ ਵਖੋ ਵਖਰੇ ਕਰਕੇ ਮਾਰਿਆ ਤੇ ਜਦ ਇੱਕ ਮਾਰ ਖਾਂਦਾ ਸੀ ਤਾਂ ਦੂਸਰਾ ਤਮਾਸ਼ਾ ਜਾਣਕੇ ਹੱਸਦਾ ਸੀ ਜਿਤਨਾਂ ਕਿ ਮੁਸਲਮਾਨਾਂ ਨੂੰ ਹਿੰਦੂਆਂ ਦੀ ਵਿਰੋਧਤਾਈ ਨੇ ਲਾਭ ਪੁਚਾਯਾ ਓਤਨਾਂ ਉਨਾਂ ਦੀ ਬਲ

ਬਹਾਦੁਰੀ ਨੇ ਲਾਭ ਨਹੀਂ ਪੁਚਾਯਾ ਪ੍ਰਿਥੀਚੰਦ ਰਾਜਾ ਆਪਣੀ ਮਾਸੀ ਜਾਏ ਭਰਾ ਜੈਚੰਦ ਨਾਲ ਈਰਖਾ ਤੇ ਵਿਰੋਧ ਕਰਕੇ ਸ਼ਿਕਾਰ ਹੋਯਾ ਤੇ ਆਪ ਭੀ ਟਾਡ ਸਾਹਿਬ ਦੇ ਲਿਖਨ ਮੂਜਬ ਅਪਣੀ ਕੌਮ ਦੇ ਬਰਬਾਦ ਕਰਨ ਦੇ ਪਾਪ ਕਰ ਕਰਕੇ ਮੁਸਲਮਾਨਾਂ ਦੀ ਤਲਵਾਰ ਦਾ ਸ਼ਿਕਾਰ ਬਣਿਆ ਮੁਸਲ-ਮਾਨਾਂ ਦਾ ਪੈਰ ਹਿੰਦੁਸਤਾਂਨ ਵਿੱਚ ਅਜੇਹੇ ਚੰਗੇ ਸਮੇ ਪਿਆ ਕਿ ਉਨ੍ਹਾਂ ਨੇ ਅੱਠ ਸੌ ਵਰਹਾ ਹਿੰਦੁਸਤਾਂਨ ਵਿਖੇ ਬਿਨਾਂ ਸ਼ਰੀਕੇ ਦੇ ਰਾਜ ਕੀਤਾ ਹਿੰਦੂਆਂ ਦੀਆਂ ਸਭ ਰਾਜਧਾਨੀਆਂ ਦਾ ਖੁਰਾਖੋਜ ਗਵਾ ਦਿੱਤਾ ਅਤੇ ਰਾਜਪੂਤਾਂ ਨੂੰ ਦਾਸਤ ਭਾਵ ਅਤੇ ਚਾਕਰੀ ਵਿਖੇ ਲਾਲੀਤਾ ਉਨ੍ਹਾਂ ਦੀਆਂ ਇਸਤ੍ਰੀਆਂ, ਧੀਆਂ, ਨੂੰਹਾਂ, ਦਾ ਮੁਸਲਮਾਂਨਾ ਨਾਲ ਨਿਕਾਹ ਕਰਾ ਦਿੱਤਾ ਇਸ ਕਰਕੇ ਬੜੀ ਚਿਰਤਕ ਹਿੰਦੂਆਂਨੂੰ ਦੁਰਬਲ ਤੇ ਇੱਕਦੂਜੇ ਦਾ ਵਿਰੋਧੀ ਜਾਣਕੇ ਜੇਹੜੇ ਉਪਦ੍ਰਵ ਤੇ ਜ਼ੁਲਮ ਮੁਸਲਮਾਨਾਂ ਨੇ ਕੀਤੇ ਹਨ ਉਨ੍ਹਾਂ ਸਾਰਿਆਂ ਦਾ ਇਸ ਵੇਲੇ ਤਾ ਪਤਾ ਭੀ ਲਾਉਣਾਂ ਬੜਾ ਕਠਿਨ ਹੈ ਕਿਉਂਕਿ ਹਿੰਦੂਆਂ ਨੂੰ ਨਾਂ ਤਾਂ ਅੱਜੇਹੇ ਇਤਹਾਸਾਂ ਦੇ ਲਿਖਨ ਦਾ ਹੀ ਪ੍ਰੇਮ ਨਹੀਂ ਸੀ ਸੋ ਜੇਹੜੇ ਇਤਹਾਸ ਮੁਸਲਮਾਂਨ ਸ਼ਾਇਰਾਂ ਨੇ ਲਿਖੇ ਹਨ ਕੇਵਲ ਓਹੀ ਬਾਕੀ ਹੈਨ ਮੁਸਲਮਾਂਨਾ ਨੇ ਇਹੁ ਭੀ ਸਮਾਚਾਰ ਆਪਣੇ ਬਲ ਦੇ ਪ੍ਰਗਟ ਕਰਨ ਵਾਸਤੇ ਤੇ ਕਾਫ਼ਰਾਂਨੂੰ ਹਿੰਦੂ ਧਰਮ ਥੀ ਗਵਾਉਨ ਦੇ ਅਭਿਮਾਂਨ ਵਿਖੇ ਲਿਖੇ ਹਨ ਨਹੀਂ ਤਾਂ ਉਨ੍ਹਾਂ ਦਾ

ਭੀ ਖੁਰਾ ਖੋਜ ਨਹੀਂ ਸੀ ਮਿਲਨਾਂ ਜਿਵੇਂ ਪੈਹਲੇ ਹੀ ਵਰਨੰਨ ਭੂਮਕਾ ਵਿਖੇ ਹੋਚੁਕੇ ਹੈਨ ਫੇਰ ਭੀ ਐਨਿਆਂ ਦੁਖਾਂ ਤੇ ਕਸ਼ਟਾਂ ਦੀਆਂ ਝਾਲਾਂ ਝਲਦੇ ਤੇ ਆਪਣੀ ਸੱਤਿਆ ਨਾਸੀ ਹੁੰਦੀ ਦੇਖ ਕੇ ਭੀ ਹਿੰਦੂਆਂ ਨੂੰ ਇਕਤ੍ਰਤਾ ਦਾ ਕਿੰਚਤ ਵਿਚਾਰ ਨਹੀਂ ਸੀ ਆਧਾ ਇੱਕ ਨੂੰ ਦੂਜੇ ਦੀ ਖਬਰ ਤਕ ਭੀ ਨਹੀਂ ਸੀ ਬੰਗਾਲ ਦੇ ਹਿੰਦੂ ਪੰਜਾਬ ਦੇ ਹਿੰਦੂਆਂ ਨਾਲ ਕੋਈ ਲਾਗਾ ਦੇਗਾ ਹੀ ਨਹੀਂ ਰਖਦੇ ਸੇ ਦਖਨੀ ਉਤ੍ਰੀ ਹਿੰਦੂਆਂ ਵਿਖੇ ਕੋਈ ਸਕੀਰੀ ਹੀ ਨਹੀਂ ਸੀ ਜੋ ਜਿੱਥੇ ਪਿਆ ਸੀ ਓਥੇ ਹੀ ਪਿਆ ਸੀ ਕੋਈ ਕਿਸੇ ਦੀ ਸਹਾਇਤਾ ਕਰਨ ਨੂੰ ਤਿਆਰ ਨਹੀਂ ਸੀ ਮਾਰਾਂ ਖਾਂਦੇ ਸੇ ਖ੍ਵਾਰ ਹੁੰਦੇ ਸੇ ਪਤ ਗਵਾਕੇ ਬਦਨਾਮੀ ਸਹਾਰਦੇ ਸੇ, ਪ੍ਰੰਤੂ ਇਕ ਦੂਸਰੇ ਦੀ ਸਹਾਇਤਾ ਤੇ ਮੈਤ੍ਰਤਾ ਦੀ ਸੋਝੀ ਨਹੀਂ ਸੀ ਆਉਂਦੀ ਤੇ ਨਾਹੀਂ ਆਉਨੀ ਸੀ ਕਿਉਂ ਜੋ ਸਾਰੇ ਹੀ ਇੱਕ ਨਾਲੋਂ ਇੱਕ ਵਖਰੇ ਸੀ ਨਾਂ ਗ਼ਮੀ ਵਿੱਚ ਇਕਠੇ ਹੁੰਦੇ ਨਾ, ਖੁਸ਼ੀ ਵਿੱਚ ਇੱਕਤ੍ਰ ਹੁੰਦੇ ਤਲਵਾਰਾਂ, ਸ਼ਸ਼ਤ੍ਰਾਂ ਨਾਲ ਕੰਮ ਕਰਨ ਵਾਲੀਆਂ ਕੌਮਾਂ ਹਿੰਦੂਆਂ ਦੀਆਂ ਕੁਛ ਤਾਂ ਬਿਲਕੁਲ ਮੁਸਲਮਾਨ ਬਨਕੇ ਵਿਛੁੜ ਗਈਆਂ ਸਨ ਤੇ ਉਨ੍ਹਾਂ ਦਾ ਨਾਮੋ ਨਿਸ਼ਾਨ ਭੀ ਹਿੰਦੂਆਂ ਦੀ ਦੁਨੀਆਂ ਥੀਂ ਮਿਟ ਚੁੱਕਾ ਸੀ ਤੇ ਕੁਛ ਆਪਣਾ ਕੰਮ ਕਾਰ ਛੱਡ ਕੇ ਅਜੇਹੀਆਂ ਗੁਜ਼ਰ ਗਈਆਂ ਸਨ ਕਿ ਉਨ੍ਹਾਂ ਵਿੱਚ ਮੁਸਲਮਾਨਾਂ ਨਾਲ ਜੁਧ ਕਰਨ ਦੀ ਸ਼ਕਤਹੀ ਨਹੀਂ ਸੀ ਰਹੀ ਪੁਰਾਤਨ ਰਾਜਪੂਤਾਂ ਤੇ ਛੱਤ੍ਰੀਆਂ

ਦੀਆਂ ਹਿੰਮਤਾਂ ਪੁਰਾਤਮ ਬਲ ਸਾਰੇ ਹੀ ਪੂਰਬ ਇਤਹਾਸ ਸੇ ਇਸ ਕਰਕੇ ਬੜੀ ਆਵਸ਼ਕਤਾ ਸੀ ਕਿ ਹਿੰਦੂਆਂ ਨੂੰ ਕਿਸੇ ਇੱਕ ਤੱਤ ਪਰ ਲਿਆਂਦਾ ਜਾਵੇ ਅਤੇ ਇੱਕ ਕੌਮੀਅਤ ਕੀਤੀ ਜਾਵੇ ਤੇ ਉਨ੍ਹਾਂ ਦੀ ਸੋਸ਼ਲ ਹਾਲਤ ਨੂੰ ਉੱਚੀ ਕੀਤਾ ਜਾਵੇ ਅਤੇ ਉਨ੍ਹਾਂ ਵਿਖੇ ਦੇਸ਼ ਭਗਤੀ ਦਾ ਜੋਸ਼, ਕੌਮੀ ਪਿਆਰ ਦਾ ਉਭਾਰਾ ਤੇ ਇੱਕਤ੍ਰਤਾ ਦੀ ਨੀਉਂ ਅਜੇਹੀ ਪੱਕੀ ਕਰਕੇ ਰਖੀ ਜਾਵੇ ਜਿਸਦੇ ਉਪਰ ਬ੍ਰਹਮਨੀ ਧਰਮ ਦਾ ਕੋਈ ਅਸਰ ਨਾਂ ਪਵੇ ਇਸ ਦੀ ਵਿਚਾਰ ਜੇਹੀਕੁ ਮੈਂ ਪੈਹਿਲੇ ਵਰਨੰਨ ਕਰ ਚੁਕਾਹਾਂ ਪੂਰਬਲੇ ਚਾਰ ਪੰਜ ਹਜ਼ਾਰ ਬਰਸਾਂ ਵਿੱਚ ਕਿਸੇ ਨੂੰ ਨਹੀਂ ਸੁੱਝੀ ਸੀ ਛੇ ਸੱਤ ਸੌ ਵਰਹਾ ਤਾਂ ਮੁਸਲਮਾਨੀ ਰਾਜ ਹਿੰਦੁਸਤਾਨ ਪਰ ਦ੍ਰਿੜ ਰਿਹਾ ਤਿਨ੍ਹਾਂ ਦੇ ਬਲ ਨੂੰ ਘਟਾਓਨ ਦੀ ਵਿਥਾਟ ਦਾ ਧਿਆਨ ਕਿਸੇ ਨੂੰ ਨਾਂ ਉਤਪਤ ਹੋਯਾ ਸੋ ਇਹੁ ਬੜਾ ਭਾਰਾ ਤੇ ਸੂਖਮ ਕੰਮ ਗੁਰੂ ਗੋਬਿੰਦ ਸਿੰਘ ਜੀ ਦੇ ਭਾਗ ਵਿਖੇ ਆਯਾ ਤੇ ਈਸ੍ਵਰਦੀ ਵਲੋਂ ਗੁਰੂ ਗੋਬਿੰਦਸਿੰਘਜੀ ਹਿੰਦੂ, ਵਿਥਰੇ ਹੋਏ, ਨਿਰਬਲ, ਗ਼ਰੀਬਾਂ ਤੇ ਡਿਗੀ ਹੋਈ ਕੌਮ ਦੇ ਲਈ ਦੇਸ਼ ਭਗਤੀ, ਕੌਮੀ ਪਿਆਰ, ਬਲ ਆਦਿਕ ਦੇ ਦੇਣ ਲਈ ਆਗਜਾ ਪਾਕੇ ਆਏ ਅਫ਼ਸੋਸ ਇਸ ਗਲਦਾ ਸੀ ਕਿ ਉਸਦਾ ਪ੍ਰੇਮ ਸੰਦੇਸਾ ਸੁਨਨ ਵਾਲਾ ਕੋਈ ਯੋਗ ਪੁਰਖ ਨਹੀਂ ਸੀ ਹਿੰਦੂ ਧਰਮ ਦੀ ਤੇ ਬਲ ਦੀ ਪੁਸ਼ਾਕ ਅਜੇਹੀ ਪੁਰਾਤਨ ਤੇ ਸੜੀਹੋਈ ਸੀ ਕਿ ਉਸ ਵਿਖੇ ਥਿਗਲੀ ਲਾਕੇ ਮੁਰੰਮਤ ਕਰਨਾ

ਭੀ ਬੜਾ ਔਖਾ ਸੀ ਇਸ ਕਰਕੇ ਉਸਨੇ ਹਿੰਦੂਆਂ ਦੇ ਹਾਲ ਦੇ ਅਨੁਸਾਰ ਨਵੀਨ ਪੁਸ਼ਾਕਾਂ ਤਿਆਰ ਕੀਤਾ ਜੋ ਵਾਹਿਗੁਰੂ ਜੀ ਦੀ ਮਰਜ਼ੀ ਨਾਲ ਠੀਕ ਬੈਠਾ ਗੁਰੂ ਗੋਬਿੰਦ ਸਿੰਘ ਜੀ ਨੇ ਓਹ ਚਿੰਗਆੜੀ ਹਿੰਦੂਆਂ ਵਿੱਚ ਫੇਰ ਸੁਲਗਾ ਦਿੱਤੀ ਜੋ ਬਿਲਕੁਲ ਹੀ ਬੁੱਝ ਗਈ ਸੀ ਅਰਥਾਤ ਦੇਸ਼ ਭਗਤੀ ਜਿਸਨੂੰ ਉਸਨੇ ਦੋ ਗੱਲਾਂ ਕਰਕੇ ਪੂਰਨ ਕੀਤਾ ਸੀ ਜਿਸ ਵਿੱਚ ਪੈਹਲਾ ਧਰਮੀ ਸੁਧਾਰ, ਉਸਨੇ ਕੇਵਲ ਇੱਕ ਜ਼ਾਤ ਅਕਾਲ ਦੀ ਪੂਜਾ ਹੀ ਸਿਖਾ ਕਰਕੇ ਹੋਰ ਸਭ ਬੁਤ ਪਰਸਤੀਆਂ ਥੀਂ ਹਟਾ ਕੇ ਇੱਕ ਬਰਾਦਰੀ ਦੀ ਨੀਉਂ ਧਰੀ ਦੂਸਰੀ ਸੋਸ਼ਲ ਸੁਧਾਰ ਜਿਸ ਵਿੱਚ ਉਸਨੇ ਜ਼ਾਤਾਂ ਤੇ ਵਰਨਾਂ ਦੇ ਬੰਧਨਾਂ ਨੂੰ ਤੋੜ ਕਰਕੇ ਸ਼ੂਦਰਾਂ ਨੂੰ ਚੁੱਕਕੇ ਇੱਕਕੌਮੀਅਤ ਦਾ ਜੀਵਨ ਜੀਵ ਦਿੱਤਾ ਹਿੰਦੂਆਂ ਵਿਖੇ ਬਰਾਦਰੀ ਤੇ ਕੌਮੀਅਤ ਨਹੀਂ ਰਹੀ ਸੀ ਉਸਨੂੰ ਫੇਰ ਨਿਰੋਆ ਕੀਤਾ ਪ੍ਰੰਤੂ ਸਭ ਕਠੋਰ ਤਾਈਆਂ ਨੂੰ ਝਲਦੇ ਹੋਏ ਆਪਣੇ ਭਰਾਂਵਾਂ ਪਾਸੋਂ ਦੁਖ ਕਸ਼ਟ ਸਹਾਰਦੇ ਹੋਏ ਆਪਣਾ ਕੰਮ ਕਰੀ ਗਏ ਜ਼ਰਾ ਏਸ ਅਕੱਲੇ ਨੰਗੇਧੜ, ਬੇਸਰੋਸਮਾਂਨ, ਬਿਨਾਂ ਬੰਧੂਆਂ ਦੇ ਬਿਨਾਂ ਸਹਾਇਤਾਂ ਦੇ ਵਲ ਭੀ ਦੇਖੋ ਜੋ ਕੇਹੀਕੁ ਹਿੰਮਤ ਕਰੀ ਜਾਂਦਾ ਸੀ ਤੇ ਜੇਹੜੇ ਹਿੰਦੂਆਂ ਨੂੰ ਸੱਤ ਸੌ ਵਰਹੇ ਇਸਲਾਮ ਦੀ ਸੇਵਕਾਈ ਕਰ ਦਿਆਂ ਤੇ ਦੁਖ ਕਸ਼ਟ ਸਹਾਰ ਦਿਆਂ ਬੀਤ ਚੁੱਕੇ ਸੇ ਤੇ ਐਨੇ ਚਿਰ ਵਿਖੇ ਸਭ ਆਪਣੀ ਸੂਰ ਬੀਰਤਾ ਨੂੰ

ਗਵਾਕੇ ਬੈਠੇ ਸੇ ਆਪਣੀ ਇਸਤ੍ਰੀਆਂ, ਪੁਤ੍ਰੀਆਂ, ਭੈਣਾਂ ਨੂੰ ਸਵਾ ਸਵਾ ਰੁਪਏ ਪਰ ਵਿਕਦੇ ਦੇਖਕੇ ਭੀ ਚੁਪ ਕਰਕੇ ਬੈਠੇ ਸੇ ਜਿਨਾਂ ਦੀ ਜਾਇਦਾਦ, ਜਾਗੀਰਾਂ ਖੋਹ ਲਈਆਂ ਸੇ ਤੇ ਓਹੁ ਫਾਕਾ ਮਸਤੀ ਵਿਖੇ ਮਗਨ ਰੈਂਹਦੇ ਸੇ ਜਿਨਾਂ ਦੇ ਪਵਿਤ੍ਰ ਮੰਦ੍ਰਾਂ ਦੀ ਪਵਿੱਤ੍ਰ ਪਸ਼ੂਆਂ ਦੇ ਲਹੂ ਨਾਲ ਲਿਪਾਈ ਕੀਤੀ ਜਾਂਦੀ ਸੀ ਪਰ ਇਨ੍ਹਾਂ ਵਿੱਚ ਜੋਸ਼ ਨਹੀਂ ਸੀ ਪੈਦਾ ਹੁੰਦਾ ਜਿਨਾਂ ਦੀ ਆਪਣੀ ਹਸਤੀ ਦਾ ਤੇ ਧਰਮ ਦਾ ਕੇਵਲ ਮੁਸਲ-ਮਾਨਾਂ ਦੇ ਰੈਹਮ ਪਰ ਹੀ ਛੁਟਕਾਰਾ ਸੀ ਜੇਹੜੇ ਬਿੱਲੀਆਂ ਵਾਂਗੂੰ ਘਰਾਂ ਵਿਖੇ ਲੁਕੇ ਬੈਠੇ ਸੇ ਤੇ ਚੂਹਿਆਂ ਵਾਂਗੂੰ ਪਹਾੜਾਂ ਤੇ ਬਣਾਂ ਵਿਖੇ ਲੁਕੇ ਹੋਏ ਸੇ ਉਨ੍ਹਾਂ ਦੇ ਮੁਰਝਾਏ ਹੋਏ ਦਿਲਾਂ ਨੂੰ ਸੜੇ ਹੋਏ ਹੌਸਲੇ ਨੂੰ ਬੁਝੀ ਹੋਈ ਆਸਾਂ ਨੂੰ ਓਹੁ ਫੂਕ ਮਾਰੀ ਤੇ ਓਹੁ ਜੋਸ਼ ਓਹੁ ਹਰਾਰਤ ਉਤਪਤ ਕਰ ਦਿੱਤੀ ਕਿ ਇੱਕ ਇੱਕ ਸਿਖ ਮੁਸਲਮਾਨਾਂ ਦੀ ਤਾਕਤ ਨੂੰ ਤੁਛ ਸਮਝਣ ਲਗਾ ਸੀ ਅਤੇ ਦੇਸ਼ ਭਗਤੀ, ਕੌਮੀ ਮੁਹੱਬਤ, ਦੇ ਵਾਸਤੇ ਸ਼ਹੀਦ ਹੋਣੇ ਤੇ ਸ਼ਹਾਦਤ ਦੀ ਸ਼ਰਾਬ ਪੀਨ ਨੂੰ ਅਪਣੀ ਇੱਜ਼ਤ ਆਪਣਾ ਭਲਾ ਧਰਮ ਸਮਝਨੇ ਲਗੇ ਉਸਨੇ ਬਿੱਲੀਆਂ ਨੂੰ ਸ਼ੇਰ ਬਨਾਯਾ ਕਾਇਰਾਂ ਨੂੰ ਸੂਰਮੇ ਬਨਾਯਾ ਇਹੁ ਕੰਮ ਗੁਰੂ ਗੋਬਿੰਦ ਸਿੰਘ ਦੇ ਭਾਗ ਵਿਖੇ ਆਯਾ ਸੀ ਜਿਸਨੂੰ ਉਸਨੇ ਪ੍ਰਸੰਨਤਾ ਨਾਲ ਸੰਪੂਰਨ ਕੀਤਾ ਕ੍ਰਿਸ਼ਨ ਦੇ ਮਗਰੋਂ ਖਤ੍ਰੀ ਧਰਮ ਨੂੰ ਉਭਾਰਨ ਵਾਲਾ ਪੈਹਲਾ ਪੁਰਖ ਏਹੀ ਗੁਰੂ ਗੋਬਿੰਦ ਸਿੰਘ

ਸੀ ਉਸੇ ਦੇ ਸਨਮੁਖ ਪੈਹਲਾ ਕੰਮ ਇਹੁ ਤਜਵੀਜ਼ ਕਰਨਾ ਸੀ ਕਿ ਆਪਣੇ ਉਦੇਸ਼ ਦੇ ਲਈ ਕਿਨ੍ਹਾਂ ਵਿਖੇ ਕੰਮਾਂ ਨੂੰ ਕਰੇ ਤੇ ਕਿਸ ਥਾਂ ਪਰ ਕੰਮ ਸ਼ੁਰੂ ਕਰੇ ਸੋ ਵੇਖਣਾ ਲੋੜੀਏ ਕਿ ॥

ਗੁਰੂ ਗੋਬਿੰਦ ਸਿੰਘਨੇ ਅਪਣਾ ਕੰਮ ਕਿਸ ਥਾਂ ਤੇ ਕਿਨ੍ਹਾਂ ਪੁਰਖਾਂ ਵਿੱਚ ਆਰੰਭ ਕੀਤਾ

ਉਸਨੇ ਕੰਮਦੇ ਲਈ ਆਪਣਾ ਮੈਦਾਨ ਉੱਤ੍ਰੀ ਹਿਮਾਲੇ ਦਾ ਪੱਲਾ ਚੰਗਾ ਵਿਚਾਰਿਆ ਕਿਉਂਕਿ ਉਸ ਵੇਲੇ ਦੀ ਬੁਰੀ ਹਾਲਤ ਵਿਖੇ ਭੀ ਰਾਜਪੂਤਾਂ ਦਾ ਜ਼ਾਤੀ ਅਭਿਮਾਨ ਕਰਕੇ ਗੁਰੂ ਜੀ ਦੇ ਮਗਰ ਲਗਣਾ ਅਸੰਭਵਸੀ ਪੰਜਾਬ ਦੇ ਪਛਮੀ ਹਿੰਦੂ ਸਮਰਥਾ ਦੇ ਸਭ ਜੌਹਰ ਬਿਲਕੁਲ ਬਰਬਾਦ ਕਰ ਚੁਕੇ ਸੇ ਮੰਦਭਾਗ ਪੰਜਾਬ ਦੇ ਖਤ੍ਰੀ ਸਰੀਰਕ ਬਲ ਤੇ ਆਤਮਕ ਸ਼ਕਤੀ ਦ੍ਵਾਰਾ ਇਸ ਯੋਗ ਨਹੀਂ ਸੇ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਕੰਮ ਲਈ ਖੜੇ ਹੋ ਸਕਦੇ ਮਦਰਾਸ, ਤੇ ਮਹਾਰਾਸਟ੍ਰ ਵਿਖੇ ਭੀ ਬੋਲੀ ਦਾ ਅਲਗ ਹੋਣਾ ਗੁਰੂ ਜੀ ਦੇ ਕੰਮ ਦੇ ਵਾਸਤੇ ਰੁਕਾਵਟ ਸੀ ਤੇ ਚਿਰਾਂ ਤੀਕ ਮੁਸਲਮਾਨਾਂ ਦੇ ਨਾਲ ਲੜਦੇ ਲੜਦੇ ਥੱਕ ਗਏ ਸੇ ਤੇ ਉਨ੍ਹਾਂ ਸਥਾਨਾਂ ਵਿੱਚ ਛੇਤੀ ਹੀ ਕਾਮਯਾਬੀ ਦੀ ਆਸ ਨਹੀਂ ਸੀ ਕਿਉਂ ਜੋ ਅਜੇ ਤਕ ਇਸ ਵਡੇ ਕੰਮ ਲਈ ਉਨ੍ਹਾਂ ਨੂੰ ਕਿਸੇ ਨੇ ਤਿਆਰ ਨਹੀਂ ਸੀ ਕੀਤਾ ਬਾਕੀ ਪੰਜਾਬ ਦਾ ਉਤ੍ਰੀ ਭਾਗ ਤੇ ਪੂਰਬੀ ਹਿੱਸਾ ਗੁਰੂ ਨਾਨਕ

ਦੇਵ ਜੀ ਦੀ ਸਿਖਯਾ ਕਰਕੇ ਬੌਹਤ ਸਾਰਾ ਸੁਧਰ ਚੁਕਾ ਸੀ ਅਤੇ ਕਈ ਬਲੀਆਂ ਭੀ ਹਿੰਦੂਆਂ ਵਿੱਚੋਂ ਉਸ ਭਾਗ ਵਿਖੇ ਅਜੇਹੇ ਸਮੇ ਪਰ ਹੋਈਆਂ ਸੇ ਕਿ ਜਿਨ੍ਹਾਂ ਕਰਕੇ ਲੋਕਾਂ ਨੂੰ ਅਸਰ ਪੌਹਚਾ ਸੀ ਪ੍ਰੰਤੂ ਗੁਰੂ ਗੋਬਿੰਦ ਸਿੰਘ ਜੀ ਨੂੰ ਉਨ੍ਹਾਂ ਪੁਰਖਾਂ ਦੀ ਆਵਸ਼ਕਤਾ ਸੀ ਕਿ ਜੇਹੜੇ ਸ਼ਰੀਰਕ ਬਲ ਵਿਖੇ ਰਿਸ਼ਟ ਪੁਸ਼ਟ ਹੋਣ ਅਤੇ ਧਰਮੀ ਉਪਦੇਸ਼ ਨੂੰ ਸ਼ੀਘਰ ਹੀ ਗ੍ਰੈਹਨ ਕਰਨ੍ਹੇ ਦਾ ਉਨ੍ਹਾਂ ਵਿਖੇ ਸੁਧਾਰਨ ਹੋਵੇ ਇਸ ਕਰਕੇ ਉਤ੍ਰੀ ਹਿਮਾਲੇ ਦਾ ਪੱਲਾ ਦੋਹਾਂ ਬਾਤਾਂ ਨੂੰ ਚੰਗਾ ਤੇ ਯੋਗ ਸੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਕਰਕੇ ਓਹ ਲੋਕ ਬੌਹਤ ਕੁਛ ਜਾਣਦੇ ਸੇ ਤੇ ਸਰੀਰ ਅਰੋਗਤਾ ਕਰਕੇ ਭੀ ਓਹ ਪੂਰੇ ਜ਼ਵਾਨ ਬਲਵਾਂਨ ਸੇ ਅਤੇ ਦੁਖਾਂ ਕਸ਼ਟਾਂ ਨੂੰ ਸਹਾਰਨੇ ਜੋਗੇ ਸੇ ਗਲ ਕਾਹਦੀ ਓਹ ਅਜੇਹੇ ਢੱਬ ਦੇ ਲੋਕ ਸੇ ਕਿ ਜ਼ਰਾਕੁ ਜਿਨ੍ਹੀ ਅੱਗ ਲਗਨ ਕਰਕੇ ਭੜਕ ਉਠਨ ਲਈ ਤਿਆਰ ਸੇ ਅਗਰ ਮਗਰ ਪ੍ਰੰਤੂ ਆਦਿਕ ਵਲ ਉਨ੍ਹਾਂ ਦੀ ਵਿਚਾਰ ਕੁਛ ਨਹੀਂ ਸੀ ਕਿਉਂਕਿ ਜੇਹੜਾ ਜੱਥਾ ਨਿਰਬਲਤਾ, ਕਾਇਰਤਾਂ, ਡਰਾਕੁਲ ਹੋਣਦੇ ਕਾਰਨ ਅਗਰ, ਮਗਰ, ਲੇਕਨ ਵਲੇਕਨ ਨਾਲ ਲੁਕਾਯਾ ਚਾਹੇ ਸੋ ਔਖਾ ਹੀ ਸਿਰੇ ਚੜ ਸਕਦਾ ਹੈ ਗੁਰੂ ਗੋਬਿੰਦ ਸਿੰਘ ਜੀ ਦੀ ਇਹ ਵਿਚਾਰ ਬੌਹਤ ਅਮੋਲਕ ਸੀ ਕਿ ਜੇਕਰ ਇੱਕ ਬੁੱਝਾ ਹੋਯਾ ਦੀਵਾ ਜਗ ਪਵੇ ਤਾਂ ਦੂਸਰੇ ਦੀਵੇ ਉਸੇ ਨਾਲ [illegible] ਹੀ ਬਲ ਸਕਦੇ ਹਨ ਭਾਵੇਂ ਓਹ ਕ੍ਰਿਧਲੇ ਦੇ ਕਿਉਂ

ਨਾਂ ਹੋਣ ਪ੍ਰੰਤੂ ਪੈਹਲਾ ਹੀ ਦੀਵਾ ਜਗਾਉਂਨਾ ਬੜਾ ਕਠਿਨ ਹੈ ਹਿੰਦੂ ਉਸ ਵੇਲੇ ਬੁਝੇ ਹੋਏ ਦੀਵੇ ਤੇਲ ਹੀਨ ਵਰਗੇ ਅੰਨ੍ਹੇਰੇ ਵਿੱਚ ਸੇ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਭਾਗ ਵਿਖੇ ਜੋ ਦੀਵਾ ਤੇਲ ਹੀਨ ਸੀ ਤਿਸਨੂੰ ਬਾਲਣਾਂ ਚਾਹਿਆ ਜਿਸ ਕਰਕੇ ਸਾਰੇ ਹੀ ਸੰਸਾਰ ਪਰ ਚਾਨਣਾਂ ਪੈ ਜਾਵੇ ਸੋ ਅਜੇਹੇ ਦੀਵੇ ਦੇ ਲਈ ਖਾਸ ਭਾਂਤ ਦੇ ਤੇਲ ਦੀ ਤੇ ਸਾਮਾਨ ਦੀ ਲੋੜ ਸੀ ਸੋ ਇਸ ਦੀਵੇ ਵਿਖੇ ਧਰਮ ਪਿਆਰ ਦੀ ਬੱਤੀ ਰਖਕੇ ਉਸ ਵਿਚ ਆਪਣੇ ਤੇ ਆਪਣੇ ਪਿਆਰੇ ਪੁਤ੍ਰਾਂ ਸਿਖਾਂ ਦੇ ਤੱਤੇ ਲਹੂ ਦਾ ਤੇਲ ਪਾਯਾ ਤੇ ਖਤ੍ਰੀਤਾ ਦੀ ਅਗ ਨਾਲ ਉਸਨੂੰ ਬਾਲਿਆ ਤੇ ਅਜੇਹਾ ਦੀਵਾ ਜਗਾਯਾ ਜੋ ਮੋਈ ਹੋਈ ਕੌਮ ਫੇਰ ਜੀਉਂ ਪਈ ਪ੍ਰੰਤੂ ਇਸ ਦੀਵੇ ਦੇ ਜਗਾਉਨ ਦਾ ਅਭਿਮਾਂਨ ਕਦੇ ਭੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਰੀਰ ਪਰ ਨਹੀਂ ਲਿਆਂਦਾ ਸਗੋਂ ਸਦੀਵ ਇਹੀ ਉਚਾਰਦੇ ਸੀ ਕਿ ਇਹੁ ਦੀਵਾ ਗੁਰੂ ਨਾਨਕ ਦੇਵ ਨੇ ਜਗਾਯਾ ਹੈ ਓਹੁ ਤਾਂ ਆਪਣੇ ਲਹੂ ਨਾਲ ਕੇਵਲ ਉਸਨੂੰ ਜਿਵਾਉਨ ਲਈ ਆਯਾ ਸੀ ਸੱਚ ਮੁੱਚ ਅਜੇਹੇ ਵਡੇ ਪੁਰਖੁ ਦੀ ਅਜੇਹੀ ਹੀ ਵਿਚਾਰ ਹੋਣੀ ਚਾਹੀਦੀ ਸੀ ਏਸ ਕਰਕੇਂ ਅਜੇਹੇ ਦੇਸ਼ ਵਿਖੇ ਉਸਨੇ ਕੰਮ ਕਰਨਾ ਚਾਹਿਆ ਜਿਥੇ ਗੁਰੂ ਨਾਨਕ ਦੇਵ ਨੇ ਬੜਾ ਖੁੱਲਾ ਮਦਾਂਨ ਬਣਾ ਰਖਿਆ ਸੀ ਤੇ ਅਜੇਹੇ ਲੋਕਾਂ ਵਿਖੇ ਕੰਮ ਕੀਤਾ ਜੇਹੜੇ ਉਸਦੇ ਕੰਮਦੇ ਸੇ ਸੋ ਉਸਨੇ ਉਤ੍ਰੀ ਪੂਰਬੀ ਹਿਮਾਲੇ ਦੀਆਂ ਪਹਾੜੀਆਂ ਵਿਖੇ ਡੇਰਾ

ਪਾਕੇ ਕੰਮ ਅਰੰਭ ਕੀਤਾ ਪੈਹਲੇ ਆਪ ਕਈਆਂ ਵਿਦਯਾ ਵਿੱਚ ਨਿਪੁਣ ਹੋਏ, ਕਵਿਤਾ ਸੁਣੀਆਂ ਅਤੇ ਤੇਈ ਬਰਸ ਦੀ ਉਮਰਦੇ ਲਗ ਭਗ ਓਥੇ ਵਿਚਾਰਨ ਤੇ ਵਿਦਯਾ ਹਾਸਲ ਕਰਨ ਇਤਹਾਸਾਂ ਨੂੰ ਸੁਨਨ ਤੇ ਪੜ੍ਹਨ ਵਿਚ ਗੁਜ਼ਾਰੀ ਸ਼ਿਕਾਰ ਸਦੀਵ ਖੇਡਦੇ ਸ਼ਸਤ੍ਰ ਵਿਦਯਾ ਸਿੱਖੀ ਕਸ਼ਟ ਸਹਾਰਨ ਦੇ ਆਦੀ ਹੋਏ ਧੀਰੇ ਧੀਰੇ ਜੁਵਾਨੀ ਨੂੰ ਪੌਹਚਕੇ ਹੌਸਲੇ ਵਿਖੇ ਪ੍ਰੀਪਕ ਹੋਗਏ ਜੇਹੜੇ ਸਿਖ ਉਨ੍ਹਾਂ ਦੇ ਦਰਸ਼ਨ ਨੂੰ ਆਉਂਦੇ ਉਨ੍ਹਾਂ ਵਿੱਚ ਖ਼ਿਆਲਾਤ ਦੀ ਗਰਮੀ ਭਰਨ ਲੱਗੇ ਜੇਹੜੇ ਸਿਖ ਪਾਸ ਰੈਂਹਦੇ ਸੀ ਉਨ੍ਹਾਂ ਨੂੰ ਸ਼ਿਕਾਰ ਨਾਲ ਲੈ ਜਾਯਾ ਕਰਦੇ ਜਿਸ ਕਰਕੇ ਓਹ ਭੀ ਦੁਖ ਸਹਾਰਨ ਦੇ ਆਦੀ ਹੋਣ ਲੱਗੇ ਸੁਖ ਨੂੰ ਛੱਡਕੇ ਕਸ਼ਟ ਦੇ ਝਾਲੂ ਬਣਨ ਲੱਗੇ ਕਾਇਰਤਾ ਤੇ ਸੁਖ ਭੋਗਾਂ ਨੂੰ ਤਿਆਗਕੇ ਕਠੋਰ ਕੰਮਾਂ ਵਿਖੇ ਦਿਲ ਲਗਾ ਉਨ ਲਗੇ ਕੌਮੀਅਤ ਦਾ ਤੇ ਬਰਾਦਰੀ ਦਾ ਪਾਠ ਪੜ੍ਹਨ ਲਗੇ ਖ਼ਿਆਲੀ ਧਰਮ ਥੀਂ ਨਿਕਲਕੇ ਅਮਲੀ ਧਰਮ ਵਲ ਚਲਨ ਲੱਗੇ ਧੀਰੇ ਧੀਰੇ ਸਿਖ ਗੁਰੂ ਗੋਬਿੰਦ ਸਿੰਘ ਜੀ ਦੀ ਮਾਰਸ਼ਲ ਤੇ ਖੱਤ੍ਰਤਾ ਦੇ ਖ਼ਿਆਲਾਂ ਥੀਂ ਵਾਕਫ਼ ਬਨਦੇ ਗਏ ਤੇ ਕਪੜੇ, ਗੈਹਨੇ ਭਾਂਡੇ, ਗਲੀਚੇ ਇਤਆਦਿਕ ਜੋ ਚੀਜ਼ਾਂ ਪੈਹਲੇ ਗੁਰਾਂ ਨੂੰ ਭੇਟਾ ਕਰਦੇ ਸੇ ਸੋ ਵਰਜਕੇ ਸ਼ਸਤ੍ਰ ਘੋੜੇ ਗੁਰੂ ਜੀ ਦੀ ਭੇਟਾ ਲਿਆਉਨ ਲੱਗੇ ਤੇ ਗੁਰੂ ਗੋਬਿੰਦ ਸਿੰਘ ਜੀ ਇਸ ਭਾਂਤ ਦੀ ਭੇਟਾ ਨੂੰ ਗ੍ਰੈਹਨ ਕਰਕੇ ਬੜੀ ਪ੍ਰਸੰਨਤਾਈ ਪ੍ਰਗਟ ਕਰਦੇ

ਇਸੇ ਕਰਕੇ ਹੀ ਸਿੰਘ ਭੀ ਅਜੇਹੀਆਂ ਹੀ ਭੇਟਾ ਭੇਟ ਕਰਨੀਆਂ ਚੰਗੀਆਂ ਸਮਝਨ ਲਗੇ, ਏਸੇ ਤਰਾਂ ਹੀ ਘੋੜਿਆਂ ਸ਼ਸਤ੍ਰਾਂ ਦੇ ਨਾਲੋ ਨਾਲ ਥੋੜਾ ਥੋੜਾ ਸਾਮਾਨ ਜੁਧ ਦਾ ਅਰਥਾਤ ਦਾਰੂ ਸਿੱਕਾ ਭੀ ਆਉਨ ਲੱਗ ਪਿਆ ਜਿਵੇਂ ਜਿਵੇਂ ਸਮਾਂ ਬਦਲਦਾ ਗਿਆ ਤਿਵੇਂ ਤਿਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਫ਼ਕੀਰਾਨਾ ਭੇਸ ਬਦਲ ਕੇ ਅਮੀਰਾਨਾਂ ਤੇ ਹਾਕਮਾਨਾਂ ਰੂਪ ਵਟਾਉਨਾਂ ਆਰੰਭ ਕੀਤਾ ਸਵੇਰੇ ਸਾਂਝ ਦਰਬਾਰ ਲਾਉਂਦੇ ਇੱਕ ਆਪਣਾਂ ਦੀਵਾਨ ਮੁਕੱਰਰ ਕੀਤਾ ਜਿਸਦਾ ਨਾਉ ਪਹਿਲੇ ਦੀਵਾਨ ਨੰਦ ਚੰਦ ਸੀ ਜੇ ਕੋਈ ਮਿਲਨ ਲਈ ਆਉਂਦਾ ਤਾਂ ਪੈਹਲੇ ਉਸਨੂੰ ਖ਼ਬਰ ਕੀਤੀ ਜਾਂਦੀ ਫੇਰ ਉਸਨੂੰ ਦਰਬਾਰ ਵਿਖੇ ਆਉਨ ਲਈ ਆਗਿਆ ਹੁੰਦੀ ਸੀ ਤਲਵਾਰ ਹਰ ਸਮੇ ਲੱਕ ਨਾਲ ਰਖਦੇ ਸੇ ਭਾਵੇਂ ਬਾਹਰ ਹੋਣ ਭਾਵੇਂ ਗੁਰਜਾਈ ਦੀ ਗੱਦੀ ਪਰ ਬਿਰਾਜਮਾਨ ਹੋਣ ਤਲਵਾਰ ਪਾਸ ਹੁੰਦੀ ਸੀ ਸੋਂਚੀ ਤੇ ਨੇਜ਼ੇਬਾਜ਼ੀਆਂ ਦੇ ਅਖਾੜੇ ਕਰਾਯਾ ਕਰਦੇ ਅਤੇ ਈਸ਼੍ਵਰ ਭਗਤੀ ਪ੍ਰੇਮ ਰਾਗ ਦੇ ਨਾਲ ਕੌਮੀ ਜੋਸ਼ ਦੇਣ ਵਾਲੇ ਲਹੂ ਨੂੰ ਗਰਮ ਕਰਨ ਵਾਲੇ ਦਿਲ ਨੂੰ ਉਭਾਰਨ ਵਾਲੇ ਸਬਦ ਤੇ ਕਬਿਤ ਭੀ ਦਰਬਾਰ ਵਿਖੇ ਪੜ੍ਹੇ ਸੁਨਾਏ ਜਾਂਦੇ ਸੇ ਇਨ੍ਹਾਂ ਕੰਮਾਂ ਵਿਖੇ ਗੁਰੂ ਗੋਬਿੰਦ ਸਿੰਘ ਜੀ ਦਾ ਬੋਹਤ ਹੀ ਦਿਲ ਲਗਾ ਰੈਂਹਦਾ ਸੀ ਆਪ ਭੀ ਜੋਸ਼ ਪੈਦਾ ਕਰਨ ਵਾਲੀਆਂ, ਹਿੰਮਤ ਨੂੰ ਉਭਾਰਨ ਯੋਗ ਲਹੂ ਨੂੰ ਰਿਲਾਉਨ ਵਾਲੀਆਂ

ਕਵਿਤਾਂ ਤੇ ਕਬਿੱਤ ਆਦਿਕ ਕਈ ਭਾਤਾਂਦੇ ਉਚਾਰਦੇ ਜੇ ਤੇ ਪਰ ਕਵੀਸ਼ਰਾਂ ਦੇ ਲੱਗ ਭੱਗ ਇਸੇ ਗਲ ਦੇ ਲਈ ਰਖੇ ਹੋਏ ਸੇ ਕਿ ਜੇਹੜੇ ਹਿੰਦੂ ਸ਼ਹੀਦਾਂ ਸੂਰਮਿਆਂ ਤੇ ਆਰੀਯਾ ਸੰਤਾਨ ਦੇ ਬੁਧਵਾਨਾਂ ਤੇ ਸੂਰਮਿਆਂ ਦੇ ਇਤਹਾਸ ਪੁਰਜੋਸ਼ ਤੇ ਉਛਾਲਾ ਦੇਣ ਵਾਲੀ ਬੋਲੀ ਵਿਖੇ ਬਣਾ ਬਣਾਕੇ ਸਿੱਖਾਂ ਨੂੰ ਸੁਣਾਯਾ ਕਰਦੇ ਭੱਟ ਸਦੀਵ ਹੀ ਗੁਰੂ ਦਰਬਾਰ ਵਿਖੇ ਕੌਮੀ ਤੇ ਬੀਰਤਾ ਰਸ ਦੇ ਕਬਿੱਤ ਤੇ ਗੀਤ ਗਾਕੇ ਸੁਨਾਉਂਦੇ ਗੁਰੂ ਗੋਬਿੰਦਸਿੰਘ ਜੀ ਦੇ ਗ੍ਰੰਥ ਸਾਹਿਬ ਵਿਖੇ ਜਿਸਨੂੰ ਦਸਵੀਂ ਪਾਤਸ਼ਾਹੀ ਕੈਂਹਦੇ ਹਨ ਇੱਕ ਵਡਾ ਭਾਗ ਦੇਵੀ ਦੁਰਗਾ ਅਤੇ ਰਾਖਸ਼ਾਂ ਦੇ ਜੰਗ ਦੇ ਪਰਸੰਗ ਨਾਲ ਭਰਪੂਰ ਹੈ ਜਿਸਦੀ ਬੋਲੀ ਦੀ ਉਭਾਰਤਾ ਤੇ ਲਾਵੰਨਤਾ, ਧਮਕ ਦਮਕ ਇਸ ਢਬ ਨਾਲ ਜੋਸ਼ ਦੇਣ ਵਾਲੀ ਹੈ ਕਿ ਠੰਢੇ ਦਿਲਾਂ ਨੂੰ ਭੀ ਗਰਮੀ ਆ ਜਾਂਦੀ ਹੈ ਇਸ ਕਰਕੇ ਕਿ ਉਸ ਗ੍ਰੰਥ ਸਾਹਿਬ ਵਿਖੇ ਇੱਕ ਬੌਹਤ ਸਾਰਾ ਭਾਗ ਦੇਵੀ ਦੇ ਜੁੱਧ ਜੰਗ ਦੇ ਇਤਹਾਸਾਂ ਨਾਲ ਭਰਪੂਰ ਹੈ ਜਿਸਕੀਂ ਗੁਰੂ ਜੀ ਨੂੰ ਦੇਵੀ ਪੂਜਕ ਬਨਾਉਨ ਦੀ ਕੋਸ਼ਸ਼ ਕਰਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਦੇਵੀ ਦਾ ਪੂਜਾਰੀਸੀ ਪ੍ਰੰਤੂ ਇਹ ਕੂੜ ਹੈ ਓਹੁ ਬਿਨਾਂ ਇਕ ਨਿਰੰਕਾਰ ਅਕਾਲ ਪੁਰਖ ਈਸ੍ਵਰ ਦੇ ਹੋਰ ਕਿਸੇ ਦੀ ਪੂਜਾ ਨਹੀਂ ਕਰਦੇ ਸੇ ਤੇ ਨਾਂ ਹੀ ਦੇਵੀ ਦੇਵਤੇ ਦੀ ਪੂਜਾ ਦਾ ਉਪਦੇਸ਼ ਦੇਂਦੇ ਸੇ ਸਗੋਂ ਉਨ੍ਹਾਂ ਦੇ ਵਿਰੁਧ ਉਪ ਦੇਸ਼ ਕਰਦੇ ਸੇ ਇਸ ਗ੍ਰੰਥ ਸਾਹਿਬ ਵਿਖੇ ਜੋ ਕਵੀਸ਼ਰੀ ਦੇਵੀ

ਤੇ ਰਾਖਸਾਂ ਦੇ ਜੁਧ ਜੰਗ ਦੀ ਲਿਖੀ ਹੈ ਉਸ ਵਿੱਚ ਉਪਮਾਂ, ਤੇ ਸੂਰਮਤਾਈ ਦੇ ਇਤਹਾਸਾਂ ਦਾ ਵਰਨੰਨ ਕਰਨ ਦਾ ਇਕ ਹੋਰ ਕਾਰਨ ਹੈ ਜੋ ਮੈਂ ਏਥੇ ਲਿਖਦਾ ਹਾਂ ਦੇਵੀ ਨੂੰ ਉਸ ਜੋਸ਼ ਦਾਰ ਕਵਤਾ ਵਿਖੇ ਰਾਖਸ਼ਾਂ ਪਰ ਜਿੱਤ ਪਾਉਨ ਲਈ ਇੱਕ ਸੂਰਮਾਂ ਸ੍ਵਰੂਪਠੈਹਰਾਯਾ ਹੈ ਤੇ ਵੈਰੀ ਦੇ ਸਾਹਮਣੇ ਜੁੱਧਕਰਨ ਲਈ ਉਸ ਸੂਰਮੇ (ਦੇਵੀ) ਦੀ ਉਪਮਾਂ, ਸੂਰਮਤਾਂ, ਤੇ ਖ਼ੂਨ ਖ਼੍ਹਾਰੀ ਆਦਿਕ ਦਾ ਵਰਨੰਨ ਹੈ ਇਸੇ ਕਰਕੇ ਹੀ ਕਿ ਉਸ ਵਿਖੇ ਦੇਵੀ ਦੀ ਉਪਮਾਂ ਕੀਤੀ ਗਈ ਹੈ ਲੋਕ ਆਖਦੇ ਹਨ ਕਿ ਦੇਵੀ ਦੇ ਪੂਜਕ ਸੇ ਅਜੇਹੇ ਸਮੇ ਪਰ ਸੂਰਮਾਂ ਬਨਾਉਨ ਦੀ ਤੇ ਦੇਵੀ ਨੂੰ ਸੂਰਤਾ ਦਿਖਲਾਵਨ ਲਈ ਬੜੀ ਆਵਸ਼ਕਤਾਦੀ ਅਸਮਾਂ ਲੋੜ ਪੈਂਦੀ ਹੁੰਦੀ ਸੀ ਜਦ ਬਨਾਉਂਦੇ ਤੇ ਸੂਰਮੇ ਦੀ ਉਪਮਾ ਤੇ ਵਡਿਆਈ ਭੀ ਜ਼ਰੂਰੀ ਹੀ ਕਰਨੀ ਪੈਂਦੀ ਸੋ ਇਸ ਬਾਤ ਦੇ ਹੋਣ ਕਰਕੇ ਓਹ ਦੇਵੀ ਦੇ ਪੂਜਕ ਨਹੀਂ ਬਨ ਸਕਦੇ ਤੇ ਨਾਂ ਹੀ ਓਹੁ ਦੇਵੀ ਦੇ ਪੂਜਣੇ ਵਾਲੇ ਸੇ ਤੇ ਨਾਂ ਹੀ ਦੇਵੀ ਦੀ ਪੂਜਾ ਨੂੰ ਪ੍ਰੀਪਕ ਕਰਨਾ ਚਾਹੁੰਦੇ ਸੇ ਸਗੋਂ ਇੱਕ ਅਕਾਲ ਪੁਰਖ ਈਸ਼੍ਵਰ ਦੇ ਸਾਹਮਣੇ ਅਜੇਹੀ ਦੇਵੀ ਦੀ ਤੇ ਦੇਵਤਿਆਂ ਦੀ ਪੂਜਾ ਨੂੰ ਪਾਪ ਜਾਣਦੇ ਸੇ ਜੇਹਾਕੁ ਉਸਦੇ ਧਰਮੀ ਸੁਧਾਰ ਦਾ ਵਰਨੰਨ ਕਰਦੇ ਹੋਏ ਪੈਹਲੇ ਪੈਹਲ ਉਚਾਰਿਆ ਜਾ ਚੁਕਾ ਹੈ ਇਨ੍ਹਾਂ ਸਭਨਾਂ ਗਲਾਂ ਦੇ ਹੁੰਦਿਆਂ ਭੀ ਜੇਹੜੀ ਕਵਿਤਾ ਕਵੀਸ਼ਰਾਂ ਨੇ ਬਨਾਈ ਹੈ ਤੇ ਸ੍ਰੀ ਮੁਖਵਾਕ

ਅਰਥਾਤ ਸ੍ਰੀ ਗੁਰੂ ਗੋਬਿੰਦਸਿੰਘ ਜੀ ਦੀ ਉਚਾਰਤ ਨਹੀਂ ਹੈ ਤਿਸ ਵਿਖੇ ਦੇਵੀ ਨੂੰ ਸੂਰਮਾ ਬਨਾਕੇ ਰਾਖਸ਼ਾਂ ਨਾਲ ਜੁੱਧ ਕਰਨ ਲਈ ਖੜੇ ਕੀਤਾ ਹੈ ਤੇ ਉਨ੍ਹਾਂ ਨੂੰ ਰਣਭੂਮੀ ਵਿਖੇ ਲਿਆਕੇ ਖੂਨਖਾਰੀ ਦੇ ਨਮੂਨੇ ਅਤੇ ਦੇਵੀ ਦੀ ਸ਼ਕਤੀ ਅਰੁ ਜਿੱਤ ਦੀਆਂ ਦ੍ਰਿਸ਼ਟਾਂਤਾ ਨਾਲ ਪੂਰਤ ਕੀਤਾ ਗਿਆ ਹੈ ਜਿਵੇਂ ਕਿ ਹੋਰ ਅਸਥਾਨਾਂ ਵਿਖੇ ਭੀ ਮਹਾਂਭਾਰਤ, ਰਾਮਾਯਣ ਦੇ ਇਤਹਾਸਾਂ ਥੀਂ ਕ੍ਰਿਸ਼ਨ ਤੇ ਰਾਮਚੰਦ੍ਰ ਦੀਆਂ ਬਹਾਦੁਰੀਆਂ ਦੇ ਨਮੂਨੇ ਭਾਵੀ ਜ਼ੋਰ ਵਾਲੀ ਦੇਸ਼ ਭਾਸ਼ਾ ਕਵਤਾ ਵਿਖੇ ਵਰਨੰਨ ਕੀਤੇ ਗਏ ਹਨ ਅਸਲ ਤਾਤਪ੍ਰਯਤਾਂ ਇਹੁ ਸੀ ਕਿ ਸਿਖਾਂ ਨੂੰ ਜੋਸ਼ਦਾਰ ਦੇਸ਼ ਭਾਸ਼ਾ ਵਿਖੇ ਕਵਿਤਾ ਸੁਣਾਕੇ ਉਤਸਾਹੁ ਦਿੱਤਾ ਜਾਵੇ ਤੇ ਆਉਣ ਵਾਲੇ ਜੰਗ ਦੇ ਲਈ ਤਿਆਰ ਕੀਤਾ ਜਾਵੇ ਤੇ ਭਜਨ ਭਗਤੀ ਦੇ ਨਾਲ ਹੀ ਉਨ੍ਹਾਂ ਦੇ ਖ਼ਿਆਲਾਤ ਗਰਮ ਕੀਤੇ ਜਾਣ ਜੇਕਰ ਕੋਈ ਸੂਰਮਾਂ ਨਾ ਕਰਾਰ ਦਿੱਤਾ ਜਾਂਦਾ ਤਾਂਨ੍ਹਾਂ ਖ਼ਿਆਲੀ ਬਾਤਾਂ ਔਖੀਆਂ ਚਿੱਤ ਵਿਖੇ ਬੈਠਦੀਆਂ ਇਸ ਲਈ ਗੁਰੂ ਗੋਬਿੰਦਸਿੰਘ ਜੀਨੇ ਉਸ ਕਵਿਤਾ ਵਿਖੇ ਜੁੱਧ ਦੀ ਜਿਤਵਾਲੀ ਸੂਰਮਾਂ ਦੇਵੀ ਨੂੰ ਕਾਇਮ ਕੀਤਾ ਤੇ ਜਿਸਦਾ ਤਾਤਪ੍ਰਜ ਇਹੁ ਸੀ ਜਿਸ ਸਮੇ ਗੁਰੂ ਜੀ ਨੂੰ ਕੰਮ ਕਰਨਾਂ ਪਿਆ ਸੀ ਤਿਸ ਕਾਲ ਵਿਖੇ ਬਿਨਾਂ ਉਸ ਜਥੇ ਦੇ ਜੇਹੜੇ ਦੇਵੀ ਪੂਜਕ ਸਨ ਕਿਸੇ ਹੋਰਸ ਜਥੇ ਪਾਸੋਂ ਹਿੰਦੁਸਤਾਨ ਵਿਖੇ ਪ੍ਰਯੋਜਨ ਸਿੱਧ ਹੋਣ ਦੀ ਆਸ ਨਹੀਂ ਸੀ

ਅਤੇ ਜਿਸ ਜੋਸ਼ ਥੀਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਉਦੇਸ਼
ਦੇ ਲਈ ਆਦਮੀ ਲੈਣੇ ਸੇ ਓਹ ਸਾਰੇ ਦੇ ਸਾਰੇ ਹੀ ਦੁਰਗਾ
ਭਵਾਨੀ ਦੇ ਪੂਜਾਰੀ ਸੇ ਤੇ ਬਿਨਾਂ ਇਸਦੇ ਕਿ ਦੇਵੀ ਪੂਜਕ
ਜਥੇ ਥੀਂ ਆਪਣੀ ਜ਼ਰੂਰਤ ਦੇ ਪੁਰਖ ਲੈਂਦੇ ਇਸ ਵਾਸਤੇ
ਉਨ੍ਹਾਂਨੇ ਇਸ ਪਾਸੇ ਹੀ ਵਲ ਮੂੰਹ ਕੀਤਾ ਕਿਉਂ ਜੋ ਰਾਮਚੰਦ੍ਰ
ਦੇ ਭਗਤ ਅਥਵਾ ਕ੍ਰਿਸ਼ਨ ਦੇ ਸੇਵਕ ਯਾ ਕਿਸੇ ਹੋਰਸ ਦੇਵਤੇ
ਵਿਸ਼ਨ ਮਹੇਸ਼ ਤੇ ਗਨੇਸ਼ ਆਦਿਕਾਂ ਦੇ ਸਿੱਖ ਇਸ ਯੋਗ
ਨਹੀਂ ਸੇ ਕਿ ਉਨ੍ਹਾਂ ਵਿੱਚ ਫ਼ੌਜੀ ਆਤਮਾਂ ਦੀ ਸ਼ਕਤੀ ਫੂਕ ਸਕਦੇ
ਤੇ ਫੇਰ ਤਿਸਦਾ ਫਲ ਚੰਗਾ ਨਿਕਲਨਾਂ ਅਸੰਭਵ ਸੀ ਕ੍ਰਿਸ਼ਨ
ਦੀ ਓਹੁ ਹਿਕਮਤ ਜੋ ਖੱਤ੍ਰੀਆਂ ਨੂੰ ਰਣ ਭੂਮ ਵਿਖੇ ਲੈਜਾਕੇ
ਤਲਵਾਰ ਦੇ ਰਸਤੇ ਸ੍ਵਰਗ ਵਿਖੇ ਪੌਹਚਾਉਂਦੀ ਸੀ ਬਿਲਕੁਲ
ਜਾਂਦੀ ਰਹੀ ਸੀ ਕ੍ਰਿਸ਼ਨ ਦੇ ਸਿਖ ਗੋਪੀਆਂ ਵਿਖੇ ਫਸੇ ਹੋਏ
ਅਤ੍ਰ ਪਾਂਨ ਮੁਸ਼ਕ ਲੋਬਾਨ ਕੇਸਰ ਗੁਲਾਬ ਇਸ਼ਨਾਨ ਵਿਖੇ
ਮਸਤ ਸਰੀਰ ਪਾਲਨ ਵਿਖੇ ਸੁੱਤੇ ਪਏ ਸੇ ਵੈਸ਼ਨਵ ਜੋ ਰੰਦੇ
ਤੇ ਮਾਸ ਦੇ ਦਰਸ਼ਨ ਕਰਨੇ ਕਰਕੇ ਹੀ ਗਸ਼ਾਂ ਖਾ ਜਾਂਦੇ ਸੇ
ਉਨ੍ਹਾਂ ਨੂੰ ਲਹੂ ਵਗਾਉਨ ਵਾਲੀ ਥਾਂ ਲੈਕੇ ਹੀ ਜਾਣਾਂ ਅਜੇਹਾ
ਕਠਿਨ ਸੀ ਕਿ ਜਿਵੇਂ ਖੋਤੇ ਨੂੰ ਪੁਰਖ ਬਨਾਉਨਾ ਅਸ਼ੰਭਵ ਹੈ
ਰਾਮਚੰਦ੍ਰ ਦੇ ਭਗਤ ਮਾਲਾ ਜਪਨੇ ਵਿਖੇ ਲਗੇ ਹੋਏ ਸੇ ਬਾਂਦਰਾਂ
ਦੀਆਂ ਕਹਾਣੀਆਂ ਤੇ ਹਨੂਮਾਂਨ ਦੀ ਪੂੰਛ ਦੇ ਕਿੱਸੇ ਹੀ ਭਾਂਵਦੇ
ਤੇ ਗੰਗਾ ਦੇ ਕੰਢੇ ਠੰਢੀਆਂ ਹਵਾ ਖਾਂਦੇ ਸੇ ਠੰਢਾ ਜਲ ਸ਼ਾਂਤੀ

ਨਜ਼ਾਰੇ ਥੀਂ ਅਨੰਦ ਉਠਾਉਂਦੇ ਸੇ [illegible] ਰਣਭੂਮ ਵਿਖੇ ਜਾਣਾਂ ਮਲੇਛਾਂ ਦਾ ਕੰਮ ਉਚਾਰਦੇ ਸੇ ਸ਼ੰਕਰ ਦੇ ਚੇਲੇ ਸਭ ਮਿਥਿਆ (ਨਾਸ਼) ਹੀ ਵਿਚਾਰ ਵਿਖੇ ਲਗੇ ਹੋਏ ਸੇ ਮਾਯਾ ਦੇ ਜਾਲ ਵਿਖੇ ਓਹੁ ਅਜੇਹੇ ਫਸੇ ਹੋਏ ਸੇ ਕਿ ਉਸ ਵਿਚੋਂ ਨਿਕਲ ਹੀ ਸਕਦੇ ਲੜਦੇ ਓਹੁ ਕਿਸਦੇ ਨਾਲ ਤੇ ਕਿਸ ਵਾਸਤੇ ਸਾਰੇ ਹੀ ਤਾਂ ਇੱਕ ਬ੍ਰਹਮ ਹੀ ਹੈਸੀ ਪਰ ਓਹੁ ਲੋਕਾਂ ਨੂੰ ਤਿਆਗ ਦਾ ਉਪਦੇਸ਼ ਠੀਕ ਕਰਦੇ ਸੇ ਲੜਨਾ ਤੇ ਜੁਧ ਕਰਨਾਂ ਗਜਾਨ ਅਤੇ ਭਗਤੀਦੇ ਵਿਰੁਧ ਆਖਦੇ ਸੇ ਸੋ ਗੁਰੂ ਗੋਬਿੰਦਸਿੰਘਜੀ ਦੇ ਲਈ ਰਣਭੂਮੀਵਿਖੇ ਖਤ੍ਰੀ ਦਾ ਕੰਮ ਲੈਣਾਅਜੇਹਾ ਕਠਿਨ ਸੀ ਜੇਹਾ ਕਿ ਉੱਲੂ ਨੂੰ ਮੋਰ ਬਣਾਉਨਾਂ ਕਠਿਨ ਹੈ ਖਤ੍ਰੀ ਧਰਮ ਦੇ ਸਰੀਰ ਵਿਖੇ ਜੇ ਕੋਈ ਤੁਛ ਜੇਹੀ ਸ਼ਕਤੀ ਗੈਰਤ ਖਤ੍ਰਤਾ ਦੀ ਬਾਕੀ ਸੀ ਤਾਂ ਓਹੁ ਭੀ ਜੈਨੀਆਂ ਦੇ ਮਸਲਿਆਂ ਤੇ ਅਹਿੰਸਾਂ ਪਰਮੋ ਧਰਮੋਂ ਦੇ ਦੇਵਤਾ ਪਰ ਬਲੀਦਾਨ ਹੋ ਚੁਕੀ ਸੀ ਸਾਰੇ ਫ਼ਿਰਕੇ ਅਗਜਾਨਤਾ ਵਿਖੇ ਕ੍ਰਿਸ਼ਨਗੀਤਾਂ ਦੇ ਉਪਦੇਸ਼ਾਂ ਨੂੰ ਭੁਲਾਕੇ ਸੇਵਕਾਈ ਵਿਖੇ ਰੈਹਨਾਂ ਜੁੱਤੀਆਂ ਖਾਣੀਆਂ ਤੇ ਸਭ ਕੁਛ ਮਿਥ੍ਯਾ ਸਮਝਣਾ ਆਪਣੇ ਸ਼ਰੀਰ ਦੀ ਰਖ੍ਯਾ ਕਰਕੇ ਪਾਲਨਾ ਕਰਨੀ ਸ੍ਵਾਰਥ ਵਿਖੇ ਗੁਜ਼ਾਰਨੀ ਐਸ਼ ਇਸ਼ਰਤ ਵਿੱਚ ਗੁਲ ਰੰਗ ਰੰਗੀਆਂ ਉਡਾਉਂਨੀਆਂ ਆਪਣੇ ਜੀਉਨ ਦਾ ਸੁਖ ਭੋਗ ਜਾਣੀ ਬੈਠੇ ਸੇ ਕਹਾਵਤ ਕਹਿੰਦੇ ਕਿ ਹੁਣ ਤਾਂ ਸੁਖ ਨਾਲ ਬੀਤ ਰਹੀ ਹੈ ਅੰਤ ਦੀ ਖ਼ਬਰ ਈਸ਼੍ਵਰ

ਜਾਣੇ ਇਸ ਕਰਕੇ ਸਭ ਹਿੰਦੂਆਂ ਵਿੱਚ ਤੇ ਸਾਰੇ ਭਾਰਤ ਭੂਮ ਪਰ ਕੇਵਲ ਇਕ ਹੀ ਫਿਰਕਾ ਸੀ ਜਿਸਦਾ ਖੱਤ੍ਰੀ ਧਰਮ ਵਲ ਧਿਆਂਨ ਕਰਵਾਯਾ ਜਾ ਸਕਦਾ ਸੀ ਓਹੁ ਕੇਵਲ ਭਵਾਨੀ ਦੇਵੀ ਦੇ ਪੂਜਣੇ ਹਾਰਿਆਂ ਦਾ ਸੀ ਜੇ ਕੌਮੀਅਤ ਦੀ ਕੁਛ ਜਾਂਨ ਬਾਕੀ ਸੀ ਤਾਂ ਕੇਵਲ ਉਸ ਫ਼ਿਰਕੇ ਦੇ ਲੋਕਾਂ ਵਿਖੇ ਸੀ ਰਾਜਪੂਤ ਬੌਹਤ ਕਰਕੇ ਹੀ ਦੇਵੀ ਦੇ ਸਿਖ ਸੇ ਜਿਨ੍ਹਾਂ ਦੀ ਹਸਤੀ ਮੁਸਲਮਾਨਾਂ ਦੇ ਜ਼ੋਰ ਤੇ ਬਲਦੇ ਸਾਹਮਨੇ ਓੜਕ ਨੂੰ ਕੁਛ ਬਾਕੀ ਰਹਿ ਹੀ ਗਈ ਸੀ ਭਾਵੇਂ ਓਹੁ ਬਲਹੀਨ ਹੋਗਏ ਸੇ ਪ੍ਰੰਤੂ ਓੜਕ ਤਕ ਸਨਮੁਖ ਹੋਕੇ ਜੁਧ ਕਰਦੇ ਹੀ ਰਹੇ ਇਸ ਕਰਕੇ ਗੁਰੂ ਗੋਬਿੰਦ ਸਿੰਘ ਜੀਨੇ ਆਪਣੇ ਸਿੰਘ ਮਰਨ ਮਾਰਨ ਵਾਲੇ ਉਤਪਤ ਕੀਤੇ ਤਾਂ ਦੇਵੀ ਪੂਜਕਾਂ ਦੇ ਜਥੇ ਥੀਂ ਹੀ ਕਢੇ ਸੇਵਾ ਜੀ ਨੇ ਆਪਣੇ ਮਗਰ ਲਗਨ ਵਾਲੇ ਤੇ ਸ਼ਹੀਦ ਪੈਦਾ ਕੀਤੇ ਤਾਂ ਭੀ ਦੁਰਗਾਹੀ ਦੇ ਪੂਜਕਾਂ ਥੀਂ ਜੇਕਰ ਤਲ-ਵਾਰ ਦਾ ਕੰਮ ਹਿੰਦੂਆਂ ਵਿਖੇ ਕੁਛ ਬਾਕੀ ਸੀ ਤਾਂ ਕੇਵਲ ਇੰਸ ਫ਼ਿਰਕੇ ਹੀ ਵਿੱਚ ਸੀ ਕਿਉਂ ਜੋ ਉਨ੍ਹਾਂਦੇ ਖ਼ਿਆਲਾਤ ਤੇ ਸੁਭਾਵ ਜੈਨ ਧਰਮ ਦੀ ਸਿਖ੍ਯਾ ਕਰਕੇ ਫਲ ਦਾਇਕ ਨਹੀਂ ਹੋਏ ਸੇ ਇਸ ਲਈ ਗੁਰੂ ਗੋਬਿੰਦਸਿੰਘ ਜੀ ਨੇ ਬੜੀ ਲੰਮੀ ਦ੍ਰਿਸ਼ਟ ਤੇ ਬੁਧਮਤਾ ਨਾਲ ਆਪਣੀ ਜ਼ਬਰਦਸਤ ਤੇ ਜੋਸ਼ ਉਤਪਤ ਕਰਨ ਵਾਲੀ ਸ਼ਾਇਰੀਦਾ ਸੂਰਮਾਦੇਵੀ ਨੂੰ ਬਨਾਯਾ ਅਤੇ ਸੱਚ ਤਾਂ ਇਹੁ ਹੈ ਕਿ ਇਸੇ ਕਰਕੇ ਹੀ ਓਹੁ ਬਹੁਤ ਸਾਰੇ

ਇਸ ਕੰਮ ਵਿਖੇ ਜਿਤੇ ਪ੍ਰੰਤੂ ਅਸੀ ਇਹੁ ਬਾਤ ਕਦੇ ਭੀ ਨਹੀਂ ਮੰਨਾਂਗੇ ਕਿ ਓਹੁ ਦੇਵੀ ਦੇ ਭਗਤ ਸਨ ਯਾ ਦੇਵੀ ਦੇ ਧਰਮ ਨੂੰ ਈਸ਼੍ਵਰ ਦੇ ਕੁਦਰਤੀ ਧਰਮ ਦੇ ਸਾਹਮਣੇ ਜੀਉਂਦਾ ਰਖਜਾ ਚਾਹੁੰਦੇ ਸੀ ਕਿਉਂ ਜੋ ਉਨ੍ਹਾਂਦੇ ਕਥਨਾਂ ਥੀਂ ਪ੍ਰਤੱਖ ਪ੍ਰਗਟ ਹੈ ਕਿ ਓਹੁ ਦੇਵੀ ਦੇ ਸਿੱਖਾਂ ਵਿੱਚੋਂ ਸਿੰਘ ਕੱਢੇ ਚਾਹੁੰਦੇ ਸੇ ਸੋ ਉਸਨੇ ਸਿੰਘ ਉਸੇ ਜੱਥੇ ਥੀਂ ਹੀ ਲੀਤੇ ਪ੍ਰੰਤੂ ਕੋਈ ਸਿੰਘ ਉਨ੍ਹਾਦਾ ਓੜਕ ਨੂੰ ਦੇਵੀ ਦਾ ਭਗਤ ਨਹੀਂ ਕਹਾਉਂਦਾਸੀ ਸਗੋਂ ਓਹੁ ਖ਼ਾਲਸਾ ਧਰਮ ਵਿਖੇ ਹੋਕੇ ਕੇਵਲ ਇੱਕ ਵਾਹਿਗੁਰੂ ਅਰਥਾਤ ਨਿਰੰਕਾਰ ਈਸ਼੍ਵਰ ਦਾ ਭਗਤ ਹੋ ਜਾਂਦਾ ਸੀ ਜੇਕਰ ਗੁਰੂ ਗੋਬਿੰਦ ਸਿੰਘ ਜੀ ਆਪ ਦੇਵੀ ਦੇ ਭਗਤ ਹੁੰਦੇ ਤਾਂ ਕੋਈ ਵਜਾ ਨਹੀਂ ਸੀ ਕਿ ਓਹੁ ਉਸਨੂੰ ਸਾਫ਼ ਉਪਦੇਸ਼ ਨਾਂ ਕਰਦੇ ਹਾਲਾਂ ਕਿ ਸਾਫ਼ ਪ੍ਰਤੱਖ ਹੈ ਉਨ੍ਹਾਂ ਹਾਲਾਂ ਥੀਂ ਜੇਹੜੇ ਓਹੁ ਦੇਵੀ ਦੇ ਸੇਵਕਾਂ ਨੂੰ ਆਪਨੇ ਜਥੇ ਵਿੱਚ ਲੈ ਆਉਂਦੇ ਸੀ ਪ੍ਰੰਤੂ ਕੋਈ ਸਿੰਘ ਦੇਵੀ ਦਾ ਭਗਤ ਨਹੀਂ ਸੀ ਰੈਂਹਦਾ ਤੇ ਨਾਹੀ ਉਨ੍ਹਾਂਨੇ ਦੇਵੀ ਪੂਜਾ ਦੀ ਕੋਈ ਰਸਮ ਭੀ ਖ਼ਾਲਸਾ ਧਰਮ ਦੀ ਸਿਖਜਾ ਵਿਖੇ ਪਾਈ ਹੈ ਉਨ੍ਹਾਂ ਦੀਆਂ ਜਨਮ ਸਾਖੀਆਂ ਲਿਖਣ ਵਾਲਿਆਂ ਨੇ ਇਹੁ ਪ੍ਰਗਟ ਕਰਨ ਦੀ ਕੋਸ਼ਸ਼ ਕੀਤੀ ਹੈ ਕਿ ਓਹੁ ਦੇਵੀ ਦੇ ਪੂਜਾਰੀ ਸਨ ਪ੍ਰੰਤੂ ਇਹੁ ਜਨਮ ਸਾਖੀ ਲਿਖਨ ਵਾਲੇ ਕੇਵਲ ਆਪਣੇ ਦਿਲੀ ਖ਼ਿਆਲਾਤ ਤੇ ਕਹਾਣੀਆਂ ਦੇ ਅਨੰਦ ਲੁੱਟਲ ਵਾਲੇ ਜੱਥੇ ਦੇ ਹਨ ਤੇ ਓਹੁ ਸਦੀਵ ਹੀ ਮਨ

ਘੜਤ ਗਲਾਂ ਬਨਾਉਂਦੇ ਤੇ ਆਨੰਦ ਨਾਲ ਜੀਉਣਾ ਹੀ ਜਾਣਦੇ ਹਨ ਭੰਗ ਦੇ ਤਰੰਗ ਵਿਖੇ ਜੋ ਆਯਾ ਆਖ ਦਿੱਤਾ ਏਸੇ ਤਰਾਂ ਹੀ ਮਿਤ੍ਰਸੂਰਤ ਵਿਖੇ ਧਰਮ ਦ੍ਵੈਖੀ ਸਦੀਵ ਧਰਮ ਦੀਆਂ ਗਲਾਂ ਵਿਖੇ ਮਨਘੜਤ ਗੱਪਾਂ ਜੋੜ ਦੇਂਦੇ ਹਨ ਤੇ ਜੇਕਰ ਗੁਰੂ ਜੀਨੇ ਭਲੇ ਦੇ ਲਈ ਕੁਛ ਵਡਿਆਈ ਕਿਸੇ ਸਥਾਨ ਪਰ ਦੇਵੀ ਦੀ ਖ਼ਿਆਲੀ ਕਬਿਤ ਵਿਖੇ ਕਰ ਭੀ ਦਿੱਤੀ ਹੈ ਤਾਂ ਉਸਨੂੰ ਉਸਦੇ ਦੂਸਰੇ ਸਾਰੀ ਉਮਰ ਦੇ ਇਤਹਾਸਾਂ ਤੇ ਸਿਖ੍ਯਾ ਨਾਲ ਮੇਲਨ ਕਰਕੇ ਪ੍ਰਤੱਖ ਹੋ ਸਕਦਾ ਹੈ ਤੇ ਇਸ ਤਰਾਂ ਦੀ ਉਸਤਤ ਕਰਨ ਵਾਲਾ ਕਿਸੇ ਪ੍ਰਕਾਰ ਕਰਕੇ ਭੀ ਦੋਸ਼ ਦਾ ਅਧਿਕਾਰੀ ਨਹੀਂ ਹੋ ਸਕਦਾ ਕਿਉਂਕਿ ਓਹੁ ਉਸ ਸਮੇ ਦਾ ਪ੍ਰਤੱਖਕ ਸੀ ਜੇਹੜੀ ਦਵਾ ਦਾਰੂ ਠੀਕ ਆਈ ਸੋਈ ਵਰਤੀ ਅਸੀ ਐਨੀ ਦੂਰ ਬੈਠੇ ਹੋਏ ਕਿਸ ਤਰਾਂ ਕੈਹ ਸਕਦੇ ਹਾਂ ਕਿ ਜੋ ਇਕ ਖ਼ਾਸ ਬਾਤ ਸਾਡੇ ਖ਼ਿਆਲਾਤ ਤੇ ਵਿਚਾਰ ਥੀਂ ਬਾਹਰ ਹੋਵੇ ॥

ਇਸ ਤਰਾਂ ਪੈਹਲੇ ਧਾਰਮਕ ਸੁਧਾਰ ਦੀ ਨੀਵ ਗੁਰੂ ਨਾਨਕ ਦੇਵ ਜੀ ਦੇ ਨਿਯਮਾਂ ਪਰ ਤੇ ਇਕ ਈਸ਼੍ਵਰ ਦੀ ਪੂਜਾ ਪਰ ਪਰੀਪਕ ਕਰਕੇ ਉਸਨੇ ਅਪਣੇ ਕੰਮ ਦਾ ਮੈਦਾਨ ਤੇ ਜਗਾਂ ਚੁਣੀ ਤੇ ਜੇਹੜੀਆਂ ਕਠਿਨਤਾਈਆਂ ਸੁਧਾਰ ਵਿਖੇ ਸਨ ਉਨ੍ਹਾਂ ਲਈ ਸਮੇ ਤੇ ਸਥਾਨ ਪਹਾੜੀਆਂ ਵਿਖੇ ਚੰਗੀ ਤਰਾ ਵਿਚਾਰੇ ਉਸਨੇ ਮੁਲਕੀ ਉਨਤੀ ਦੀ ਨੀਂਵ ਪਰ ਨਿਯਮ ਠੈਹਰਾਏ ਅਰਥਾਤ ਬਹਾਦਰੀ ਤੇ ਕੌਮੀਅਤ ਪਰ ਵਿਚਾਰ ਕੀਤੀ ॥

ਗੁਰੂ ਗੋਬਿੰਦ ਸਿੰਘ ਨੇ ਨਿਯਮਾਂ ਦੀ ਨੀਉਂ ਨੂੰ ਕਿਸ ਪ੍ਰਕਾਰ ਪਰੀਪਕ ਕੀਤਾ

ਪਹਿਲਾ ਨੀਂਹ ਦਾ ਨਿਯਮ ਬਰਾਦਰੀ ਕਾਯਮ ਕਰਨਾ ਸੀ ਤਿਸਦੇ ਲਈ ਉਨ੍ਹਾਂਨੇ ਇਹੁ ਪ੍ਰਬੰਧ ਕੀਤਾ ਕਿ ਪੈਹਲੇ ਭਾਤ੍ਹਾਂ ਭਾਤਾਂ ਦੀਆਂ ਜ਼ਾਤਾਂ ਨੂੰ ਤੋੜਕੇ ਉਨ੍ਹਾਂ ਦੀ ਇਕ ਜ਼ਾਤ ਕੌਮੀਅਤ ਦੇ ਨਿਯਮ ਪਰ ਪਰੀਪਕ ਕੀਤੀ ਤੇ ਸਭਨਾਂ ਦੇ ਵਾਸਤੇ ਉਨਤੀ ਹੋਣਦਾ ਇਕੋ ਜਿਹਾ ਨਿਯਮ ਦਸਿਆ ਛੋਟੀ ਵੱਡੀ ਜ਼ਾਤ ਨੂੰ ਦੂਰ ਕਰਕੇ ਸਭਨਾਂ ਪੁਰਖਾਂ ਨੂੰ ਇਕੋ ਜੇਹੀ ਕੇਵਲ ਪੁਰਖ ਜ਼ਾਤ ਹੀ ਜਣਾਈ ਬੌਹੁਤ ਭਾਤਾਂ ਦੇ ਪੁਰਖਾਂ ਨੂੰ ਇੱਕੋ ਜੇਹੀ ਧਰਤੀ ਪਰ ਖੜਾ ਕਰਕੇ ਇਕ ਕੌਮੀਅਤ ਦਾ ਲਹੂ ਤਿਨਾਂਦੇ ਚਿੱਤ ਵਿੱਚ ਭਰ ਦਿੱਤਾ ਦੂਸਰੀ ਗਲ ਉਨ੍ਹਾ ਨੂੰ ਇਹੁ ਸਖਾਈ ਕਿ ਕੌਮੀਅਤ ਕਾਇਮ ਕਰਨ ਲਈ ਤੇ ਇਸਨੂੰ ਜੀਉਂਦੀ ਰਖਨ ਲਈ ਬਲੀ ਦਾਨਾਂ ਦੀ ਲੋੜ ਹੈ ਅਸਲੀ ਤਾਤਪ੍ਰਜ ਸੀ ਕਿ ਇੱਕ ਇੱਕ ਪੁਰਖ ਨੂੰ ਕੌਮੀ ਤੇ ਦੇਸ਼ ਹਿਤ ਦੇ ਕੰਮਾਂ ਵਿਖੇ ਸ੍ਵਾਰਥਤਾਂ ਨੂੰ ਛੱਡਕੇ ਸ਼ਰੀਰਕ ਬਲ ਸ਼ਕਤੀ ਨਾਲ ਮਿਲਕੇ ਕੰਮ ਕਰਨਾ ਚਾਹੀਏ ਪੈਹਲਾ ਕੰਮ ਕਠਿਨ ਸੀ ਤੇ ਸਗੋਂ ਉਸ ਨਾਲੋਂ ਭੀ ਦੂਸਰਾ ਕਠਿਨ ਆਗਿਆ ਪੈਹਲੇ ਕੰਮ ਵਿਖੇ ਬਹੁਤ ਸਾਰੀਆਂ ਕਸ਼ਟਤਾਈਆਂ, ਔਖਿਆਈਆਂ ਸਨਮੁਖ ਸਨ। ਹਜ਼ਾਰਾਂ ਹੀ ਵਰਸਾਂ ਥੀਂ ਹਿੰਦੂਆਂ ਵਿਖੇ ਜ਼ਾਤਾਂ ਦਾ ਪ੍ਰਬੰਧ

ਹੋ ਚੁਕਾ ਸੀ ਜਿਨਾਂ ਦਾ ਆਪਸ ਵਿਖੇ ਖਾਨ ਪਾਨ ਖ਼ੁਸ਼ੀ ਗ਼ਮੀ ਰਾਹੋਰਸਮ ਨਾਂ ਕੇਵਲ ਅਡੋ ਅਡ ਹੀ ਸੀ ਸਗੋਂ ਇੱਕ ਦੂਜੇ ਦੀ ਵਿਰੁਧ ਸੀ ਆਪਸ ਵਿਖੇ ਦ੍ਵੈਖਤਾ ਰਖਦੇ ਤੇ ਜ਼ਾਤ ਦੇ ਬੰਧਨ ਅਤੇ ਰਸਮਾਂ ਨੂੰ ਮਜ਼੍ਹਬਾਂ (ਧਰਮ) ਥੀਂ ਪਿਆਰਾ ਜਾਣਦੇ ਸੇ ਤੇ ਜ਼ਾਤ ਦੀ ਜ਼ਰਾ ਮਾਤ੍ਰ ਕੈਦ ਨੂੰ ਨਰਮ ਕਰਨ ਕਰਕੇ ਧਰਮ ਥੀਂ ਡਿਗ ਜਾਣਾ ਠਾਣਦੇ ਸੇ ਜ਼ਾਤਾਂ ਦੇ ਨਿਯਮਾਂ ਅਨੁਸਾਰ ਕਿੰਚਤ ਮਾਤ੍ਰ ਭੀ ਦਖਲ ਦੇਣ ਕਰਕੇ ਰੌਲਾ ਪੈਜਾਣਦਾ ਡਰ ਸੀ ਹਿੰਦੂ ਜ਼ਾਤ ਦਾ ਪੱਖ ਪ੍ਰੀਪਕ ਰਖਨ ਦੇ ਸਦੀਆਂ ਥੀਂ ਖ਼ੋਗੀਰ ਸੇ ਉਸ ਵਿਖੇ ਦਸਤਅੰਦਾਜ਼ੀ ਕਰਨੀ ਸੈਹਲ ਨਹੀਂ ਸੀ ਅਤੇ ਇਸ ਪਾਸੇ ਵਿਖੇ ਬੜੀ ਕਠਨ ਔਖੀ ਬਾਤ ਇਹ ਸੀ ਕਿ ਛੋਟੀ ਜ਼ਾਤੀ ਜਿਨ੍ਹਾਂ ਨੂੰ ਦ੍ਵਿਜ ਜ਼ਾਤ ਦੇ ਪੁਰਖ ਸ਼ੂਦਰ ਤੇ ਮਲੇਛ ਵਿਚਾਰਦੇ ਚਲੇ ਆਏ ਸੇ ਤੇ ਜਿਨ੍ਹਾਂ ਨੂੰ ਸਭ ਹਿੰਦੂ ਸਮੇਂ ਵਿਖੇ ਉਚੇ ਕਰਨੇ ਦਾ ਕਿਸੇ ਨੂੰ ਵਿਚਾਰ ਤਕ ਭੀ ਨਹੀਂ ਆਯਾ ਸੀ ਉਨ੍ਹਾਂਨੂੰ ਬਰਾਬਰ ਕਰ ਦੇਵੇ ਦੇਖੋ ਜੋ ਖੇਚਲ, ਤੇ ਬਲ ਯੂਰਪ ਵਾਲਿਆਂ ਨੂੰ ਸੇਵਕਾਈ ਦੇ ਦੂਰ ਕਰਨੇ ਵਿਖੇ ਅੱਜ ਕੱਲ ਦੇ ਸਮੇ ਵਿਖੇ ਲਾਉਣਾ ਪਿਆ ਸੌ ਭਲਾ ਜਦੋਂ ਸਭ ਦੇਸ਼ੀ ਬਲ ਉਸ ਪਾਸੇ ਵਲ ਸੀ ਓਹੁ ਤਾਂ ਵਰਨੰਨ ਥੀਂ ਭੀ ਬਾਹਰ ਹੈ ਪ੍ਰੰਤੂ ਗੁਰੂ ਗੋਬਿੰਦ ਸਿੰਘ ਜੀ ਸ਼ੂਦਰਾਂ ਅਤੇ ਨੀਚ ਜ਼ਾਤੀ ਵਾਲਿਆਂ ਪੁਰਖਾਂ ਨੂੰ ਜੋ ਸੇਵਕਾਈ ਵਿਖੇ ਕਿਸੇ ਪ੍ਰਕਾਰ ਥੀਂ ਭੀ ਘੱਟ ਨਹੀਂ ਸੇ ਸਗੋਂ ਭੈੜੇ ਹਾਲ ਸੇਵਕਾਈ ਤੇ

ਖ੍ਵਾਰੀ ਵਿਖੇ ਬੱਝੇ ਹੋਏ ਸੇ ਤਿਨਾਂ ਨੂੰ ਛੁਡਾਉਨ ਵਾਸਤੇ ਇੱਕ ਅਕੱਲਾਹੀ ਸੀ ਜੇਹੜਾ ਕੰਮ ਸਾਰਿਆਂ ਹਿੰਦੂਆਂ ਕੋਲੋਂ ਪਹਲੇ ਨਾ ਹੋ ਸਕਿਆ ਉਸਦੇ ਸੁਧਾਰ ਪਰ ਗੁਰੂ ਗੋਬਿੰਦ ਸਿੰਘ ਜੀ ਨੇ ਹਿੰਮਤਦੀਕਮਰਬੰਨ੍ਹੀਤੇ ਉਸਨੂੰਪੂਰਾਕਰਕੇਦਿਖਾਦਿੱਤਾਅਪਣੇ ਸਮੇਵਿਖੇਅਰਬਦੇਪੈਗੰਮਬਰਾਂਤੇਹਜ਼ਰਤ ਮੁਹੰਮਦਨੇਭੀਬੌਹਤ ਕੰਮ ਕੀਤਾ ਤੇ ਇੱਕ ਨਕੰਮੀ ਕੌਮ ਨੂੰ ਮੈਤ੍ਰਤਾ ਦੇ ਪਟੜੇ ਪਰ ਲਿਆਕੇ ਬੜਾਹੀ ਉੱਚਾ ਕਰ ਦਿੱਤਾ ਅਤੇ ਇਸਲਾਮ ਦੇ ਹੇਠ ਸਭ ਮੁਸਲਮਾਂਨ ਜੋ ਇਕ ਦੂਸਰੇ ਦੇ ਭਰਾਹੀ ਸੇ ਪ੍ਰੰਤੂ ਆਪ ਮੁਸਲਮਾਨਾਂ ਦੀ ਗੁਲਾਮੀ ਦੇ ਰਵਾਜ ਨੂੰ ਦੂਰ ਨਾ ਕਰ ਸਕਦੇਸੇਤੇ ਇੱਕਦੂਸਰੇ ਮੁਸਲਮਾਂਨ ਦਾ ਇਸੇਤਰਾਂਹੀ ਸੇਵਕ ਦਾਸ ਹੁੰਦਾਸੀ ਜਿਸ ਪ੍ਰਕਾਰ ਕੋਈ ਦੂਸਰੀ ਕੌਮਦਾ ਕਾਫ਼ਰ ਹੁੰਦਾਹੈਪ੍ਰੰਤੂ ਗੁਰੂ ਗੋਬਿੰਦਸਿੰਘ ਜੀਨੇ ਸ਼ੂਦਰਾਂਨੂੰ ਦਾਸਤ ਭਾਵ ਥੀਂ ਕਢਦੇਸਾਰਹੀ ਇਕ ਪੈਰ ਅਗਾਹਾਂ ਵਧਾ ਦਿੱਤਾ ਜੇਹੜਾ ਪੁਰਖ ਖ਼ਾਲਸਾ ਧਰਮ ਵਿਖੇ ਦਾਖ਼ਲ ਹੋਯਾ ਭਾਵੇਂ ਓਹੁ ਬ੍ਾਹਮਨ ਸੀ ਭਾਵੇਂ ਸ਼ੂਦਰ ਸਭ ਬਰਾਬਰ ਇੱਕੋ ਜੇਹੇ ਭਾਈ ਬਨਗਏ ਜੇਹੜਾ ਕੰਮ ਭਾਰਤ ਦੇ ਸਭ ਜੋਧਿਆਂ ਤੇ ਬੀਰਾਂ ਤੇ ਖ਼ੁਦ ਈਸ਼੍ਵਰ ਦੇ ਔਤਾਰਾਂ ਪਾਸੋਂ (ਜੇਕਰ ਅਸੀ ਈਸ਼੍ਵਰ ਦਾ ਔਤਾਰ ਧਾਰਨਾਔਖੇ ਸੌਖੇ ਮੰਨਭੀ ਲਈਏ)ਨਾਂਬਣ ਸਕਿਆ ਓਹੁ ਪੰਜਾਬ ਦੇ ਇੱਕ ਖੱਤ੍ਰੀ ਦੇ ਹੱਥਾਂ ਨਾਲ ਬਣ ਗਿਆ ਤੇ ਸੌਰ ਗਿਆ ਜਿਸਦੇ ਚਿਤ ਵਿਖੇ ਸੱਚਾ ਪਿਆਰ ਤੇ ਕੌਮੀ

ਅਗਨੀ ਬਲਦੀ ਸੀ ਤੇ ਦੇਸ਼ ਭਗਤੀ ਦੇ ਸ਼ੋਲੇ ਭੜਕਦੇ ਸੇ॥ ਦੂਸਰੀ ਗਲ ਧਰਮ ਦੇ ਲਈ ਬਲੀਦਾਨ ਦਾ ਧਿਆਨ ਪੁਰਖਾਂ ਵਿਖੇ ਉਤਪਤ ਕਰਨਦਾ ਸੀ ਵਖੋ ਵਖਰੇ ਗੁਰੂ ਜੁਦਾ ਜੁਦਾ ਦੇਵਤੇ ਕਈ ਭਾਤਾਂ ਦੇ ਨਿਯਮ ਧਰਮ ਕਈ ਤਰਾਂਦੇ ਭਰੋਸੇ ਨਿਸ਼ਚੇ ਵਖਰੀ ਬੋਲੀਆਂ ਵਖੋ ਵਖਰੇ ਰਾਹੁ ਰਸਮ ਆਦਿਕ ਕਈ ਗਲਾਂ ਹੋਰਭੀ ਹਿੰਦੂਆਂ ਵਿਖੇ ਸ੍ਵਾਰਥਤਾ ਨੂੰ ਹੀ ਉਤਪਤ ਕਰਨ ਵਾਲੀਆਂ ਸਨ ਸਭ ਕੋਈ ਆਪੋ ਆਪਣੀ ਖ਼ੁਦਗਰਜ਼ੀ ਤੇ ਸ੍ਵਾਰਥਤਾਈ ਵਿਖੇ ਆਨੰਦ ਲੈ ਰਿਹਾਸੀ ਇੱਕ ਦੀ ਦੂਸਰੇ ਨੂੰ ਪਰਵਾਹੁ ਨਹੀਂ ਸੀ ਕੌਮੀ ਕੰਮ ਵਲਤਾਂ ਕਿਸੇ ਦਾ ਧਿਆਨ ਹੀ ਨਹੀਸੀ ਤੇਨਾਂਹੀ ਕੋਈ ਧਰਮੀ ਕੰਮ ਸਮਝਿਆ ਜਾਂਦਾਸੀ ਸੋਇਹੁ ਗਲਤਾਂ ਓਨਾਂ ਚਿਰ ਕਠਿਨ ਤੇ ਔਖੀਸੀ ਕਿ ਜਿਤਨਾਂ ਚਿਰ ਹਰ ਇਕ ਪੁਰਖ ਧਰਮਦੀ ਲੋੜ ਦੇਸ਼ਦੀ ਉਨਤੀਦੇਸਦੇ ਭਲੇ ਤੇ ਸਾਂਝੇ ਲਾਭ ਪਰ ਜਾਨ ਦੇਣ ਤੇ ਬਲਿਹਾਰ ਹੋਣਦੀ ਅਤੇ ਕੁਰਬਾਨੀ ਕਰਨਦੀ ਸਿਖਯਾ ਦੀ ਸੰਥਾਂਨਾਂ ਪੜਦੇ ਓਨਾਂ ਚਿਰ ਅਸੰਭਵਸੀ ਕਿਉਂ ਜੋ ਹਿੰਦੂਆਂ ਦੀ ਕੌਮ ਨੂੰ ਕੌਮ ਬਨਾਉਨ ਦਾ ਰਸਤਾ ਬੜਾਹੀ ਔਖਾ ਸੀ ਇਸ ਵਾਸਤੇ ਗੁਰੂ ਗੋਬਿੰਦ ਸਿੰਘ ਜੀ ਨੇ ਹਿੰਦੂਆਂ ਵਿਖੇ ਫੇਰਓਹੁ ਆਤਮਕਸ਼ਕਤੀ ਦੀ ਫੂਕਮਾਰੀਕਿ ੨ ਧਰਮ ਦੀ ਓਨਤੀ ੧ ਸਭ ਹਿੰਦੂ ਮਾਤ੍ਰ ਦੀ ਤੇ ਧਰਮ ਲਾਭ ਅਤੇ ਸਾਂਝੇ ਲਾਭ ਦੀ ਪ੍ਰਾਪਤ ਕੇਵਲ ਬਲੀਦਾਨ ਪਰ ਹੈ ਉਚੀਆਂ

ਵਡੀਆਂ ਜ਼ਾਤਾਂ ਕਰਕੇ ਨਹੀਂ ਹੋਸਕਦੀ ਸੋ ਇਨ੍ਹਾਂ ਨਿਯਮਾਂ ਨੂੰ ਪ੍ਰੀਪਕ ਕਰਨਦੇਮਗਰੋਂ ਗੁਰੂ ਗੋਬਿੰਦਸਿੰਘਜੀਨੇ ਕੰਮਕਰਨਾ ਆਰੰਭਿਆ ਤੇ ਜੇਹੜੀਆਂ ਜੇਹੜੀਆਂ ਕਠਿਨਤਾਈਆਂ ਸਨਮੁਖ ਆਈਆਂ ਉਨ੍ਹਾਂ ਨੂੰ ਖ਼ੁਸ਼ੀਦੇ ਸੈਹਤ ਆਪਣੇ ਸਰੀਰ ਪਰ ਸਹਾਰਿਆ ਅਤੇ ਤਿਨ੍ਹਾਂ ਦੇ ਕਾਰਨ ਹੀ ਓੜਕ ਨੂੰ ਖ਼ਾਲਸਾ ਧਰਮ ਦੀ ਨੀਉਂ ਧਰੀ ਗਈ ਤਿਸ ਖ਼ਾਲਸਾ ਧਰਮ ਵਿਖੇ ਧਰਮੀ ਸੁਧਾਰ ਨਾਲ ਇਕ ਈਸ਼੍ਵਰ ਦੀ ਭਗਤੀ ਹੀ ਮੁਖਰਖੀ ਹੈ ਮੈਤ੍ਰਤਾ ਦਾ ਤ੍ਰੀਕਾ ਉਤਪਤ ਕੀਤਾ ਤੇ ਕੌਮੀਅਤ ਦਾ ਮਾਦਾ ਉਤਪਤ ਹੀ ਕਰਨਾ ਸੀ ਜਿਸ ਦਾ ਵਿਸਥਾਰ ਪੂਰਬਕ ਵਰਨੰਨ ਅਗਲੇ ਧਿਆਇ ਵਿਖੇ ਕਰਦੇ ਹਾਂ॥

ਖ਼ਾਲਸਾ ਧਰਮ ਦੀ ਉਤਪਤੀ ਥੀਂ ਕੁਛਕ ਪੈਹਲੇ ਵਿਰਤਾਂਤ

ਤਾਤਪ੍ਰਜ ਇਸ ਸੰਖੇਪ ਵਰਨੰਨਦਾ ਇਹੁ ਹੈ ਕਿ ਗੁਰੂ ਜੀਦੇ ਗੋਸ਼ੇਨਸ਼ੀਨੀ ਦੇ ਸਮੇ ਵਿਖੇ ਆਸਾਮ ਦਾ ਇਕ ਰਾਜ ਪੁਤ੍ਰ ਰਾਜਾ ਰਤਨਰਾਇ ਦਰਸ਼ਨਾਂ ਨੂੰ ਆਯਾ ਤਿਸਦਾ ਬੜਾ ਭਰੋਸਾ ਨਿਸ਼ਚਾ ਗੁਰੂਜੀ ਦੀ ਕੁਲ ਪਰਸੀ ਜਦ ਗੁਰੂ ਤੇਗਬਹਾਦੁਰ ਜੀ ਮੁਲਕ ਆਸਾਮ ਵਲ ਗਏ ਸੇ ਤਦ ਥੀਂ ਗੁਰੂ ਕਾ ਸਿੱਖ ਬਣਿਆ ਸੀ ਗੁਰੂ ਕੀ ਭੇਟਾ ਤਾਂ ਉਸਨੇ ਬੌਹਤ ਕੁਛ ਕੀਤੀ ਪਰ ਇੱਕ ਹਾਥੀ ਭੀ ਬੜਾਹੀ ਸੁੰਦਰ ਚਿੱਟਾ ਜਿਸਦਾ ਨਾਮ

ਪ੍ਰਸ਼ਾਦੀ ਸੀ ਭੇਟਾ ਕੀਤਾ ਗੁਰੂ ਜੀ ਇਨ੍ਹਾਂ ਦਿਨਾਂ ਵਿਖੇ ਬੌਹਤ ਕਰਕੇ ਸ਼ਿਕਾਰ ਵਿਖੇ ਪਰਵਿਰਤ ਸੇ ਏਸੇ ਕਰਕੇ ਉਨ੍ਹਾਂ ਵਲ ਦੇਖ ਦੇਖਕੇ ਇੱਕ ਜੰਗੀ ਸਿੱਖਾਂ ਦਾ ਜੱਥਾ ਤੇ ਭੀੜ ਭਾੜ ਬੌਹਤ ਉਨ੍ਹਾਂ ਪਾਸ ਇਕੱਤ੍ਰ ਹੋਗਈ ਬੜੀਸੱਜ ਧੱਜ ਨਾਲ ਸ੍ਵਾਰੀ ਨਿਕਲਜਾ ਕਰਦੀਸੀ ਜਦੋਂ ਕਦੇ ਸ਼ਿਕਾਰ ਨੂੰ ਜਾਂਦੇ ਬੜੀ ਰੌਨਕ ਉਨ੍ਹਾਂ ਨਾਲ ਹੋਯਾ ਕਰਦੀ॥

ਉਸਸਮੇ ਵਿਖੇ ਇਹੁ ਦਸਤੂਰ ਸੀ ਕਿਅਮੀਰ ੨ ਸਰਕਾਰੀ ੧ ਆਪੋਆਪਣੇ ਘਰਾਂਪਰਨਕਾਰੇ ਰਖਦੇਸੇ ਅਤੇ ਸ਼ਿਕਾਰ ਆਦੀ ਸਮੇ ਪਰ ਨਾਲ ਲੈਜਾਯਾ ਕਰਦੇਸੇ ਗੁਰੂ ਗੋਬਿੰਦਸਿੰਘਜੀਨੇ ਭੀ ਆਪਣੇ ਜਥੇ ਦੀ ਭੀੜ ਭਾੜ ਹੋਜਾਣਦੇ ਸਮੇ ਵਿਖੇ ਅਪਣੇ ਦਰਬਾਰ ਵਿਖੇ ਨਕਾਰਾ ਰਖਣਾ ਚਾਹਿਆ ਪਰੰਤੂ ਭਲੀ ਦ੍ਰਿਸ਼ਟੀ ਵਾਲਿਆਂ ਨੇ ਗੁਰੂ ਗੋਬਿੰਦ ਸਿੰਘ ਜੀਦੀ ਲੰਮੀ ਦ੍ਰਿਸ਼ਟੀ ਨੂੰ ਧਿਆਨ ਕਰਕੇ ਰੋਕਣਾਂਹੀ ਚਾਹਿਆ ਪਰ ਗੁਰੂ ਜੀਨੇ ਨਾ ਮੰਨਿਆਂ ਓੜਕ ਉਨ੍ਹਾਂ ਲੋਕਾਂ ਨੇ ਗੁਰੂ ਗੋਬਿੰਦ ਸਿੰਘ ਜੀਦੀ ਮਾਈਨੂੰ ਆਖਕੇ ਇਸਗਲੋਂ ਵਰਜਾਉਣਾ ਚਾਹਿਆ ਤਾਂਮਾਈ ਨੇ ਜਿਵੇਂ ਵਡੇਵਡੇਰੇ ਸਮਝਾਉਂਦੇ ਹਨ ਪੁਤ੍ਰ ਤਾਂਈਸਮਝਾਯਾ ਤੇ ਕਿਹਾ ਕਿ ਤੇਰੇ ਦਾਦੇ ਨੇ ਭੀ ਅਜੇਹੇ ਕੰਮ ਕਰਕੇ ਬੜਾ ਕਸ਼ਟ ਸਹਾਰਿਆ ਸੀ ਗੁਰੂਆਂ ਦਾ ਕੰਮ ਜੰਗੀ ਨਹੀਂ ਹੈ ਸਗੋਂ ਸ਼ਾਂਤੀ ਤੇ ਭਗਤੀ ਕਰਨੀ ਤੇ ਹੋਰਨਾਂ ਨੂੰ ਉਪਦੇਸ਼ ਦੇਣਾ ਹੈ ਇਸ ਕਰਕੇ ਇਹੁਗਲ ਚੰਗੀਨਹੀਂ ਹੈ ਕਿਤੁਸੀ ਅਮੀਰਾਨਾ

ਤੇ ਹਾਕਮਾਨਾਂ ਤ੍ਰੀਕਾ ਗੁਜ਼ਾਰੇ ਦਾ ਕਰੋਂ ਇਹ ਸੁਨਕੇ ਗੁਰੂ ਜੀ ਨੇ ਅਪਣੀ ਮਾਤਾ ਨੂੰ ਉਤ੍ਰ ਦਿੱਤਾ ਕਿ ਮੈਂ ਤਾਂ ਦਾਦੇ ਦਾ ਪੋਤ੍ਰਾ ਹਾਂ ਮੈਨੂੰ ਕਿਸੇ ਦਾ ਭੈ ਤੇ ਡਰ ਨਹੀਂ ਹੈ ਹੇ ਮਾਤਾ ਜੀ ਤੁਸੀ ਚਾਹੁੰਦੇ ਹੋ ਕਿ ਮੈਂ ਲੁਕਿਆ ਰਹਾਂ ਤੇ ਅਕਾਲਪੁਰਖ ਕੈਂਹਦਾ ਹੈ ਕਿਤੂੰ ਪ੍ਰਗਟਹੋ ਜੇਕਰ ਕਿਸੇ ਰਾਜੇਨੇ ਮੇਰੀ ਵਲ ਅਖੀਆਂ ਬਦਲੀਆਂ ਤਾਂ ਮੈਂ ਉਸਨੂੰ ਤਲਵਾਰ ਨਾਲ ਉਤ੍ਰ ਦੇਵਾਂਗਾ ਇਹ ਭਲੇ ਸਮੇ ਦੇ ਲਿਹਾਜ਼ ਕਰਕੇ ਗੁਰੂ ਜੀ ਦਾ ਇਹ ਉਤ੍ਰ ਠੀਕਹੀ ਨਾ ਜਾਣੋਂ ਸਗੋਂ ਇੱਕ ਨਿਡਰ ਸੂਰਮੇ ਕੌਮੀ ਪਿਆਰ ਕਰਨ ਵਾਲੇ ਪਾਸੋਂ ਅਜੇਹੇ ਹੀ ਉਤ੍ਰ ਦੀ ਆਸ ਹੋ ਸਕਦੀ ਹੈ ਇੱਕ ਬੜਾ ਸੂਰਮੇ ਦਲੇਰ ਪਾਸੋਂ ਅਜੇਹਾ ਹੀ ਉਤ੍ਰ ਮਿਲਨਾਂ ਵਿਚਾਰ ਯੋਗ ਹੈ ਗਲ ਕਾਹਦੀ ਓੜਕ ਨੂੰ ਨਕਾਰਾ ਭੀ ਰਖਿਆ ਗਿਆ ਅਤੇ ਗੁਰੂ ਗੋਬਿੰਦ ਸਿੰਘ ਜੀ ਨਕਾਰੇ ਨੂੰ ਨਾਲਹੀ ਸ਼ਿਕਾਰ ਦੇ ਲੈਜਾਣ ਲੱਗਾ ਉਸਦਾ ਸੁਭਾਉ ਬੌਹਤ ਸ਼ਿਕਾਰ ਖੇਡਨਾਂ, ਮਿਲਨਸਾਰੀ ਤੇ ਸ਼ਸਤ੍ਰ ਇਕੱਤ੍ਰ ਕਰਨ ਦਾ ਸੀ ਜਿਸ ਕਰਕੇ ਨੇੜੇ ਤੇੜੇ ਦੇ ਛੋਟੇ ਵਡੇ ਜ਼ਿਮੀਦਾਰ ਜੇਹੜੇ ਪਹਾੜੀ ਰਾਜੇ ਸੇ ਈਰਖਾ ਕਰਨ ਲੱਗੇ ਅਤੇ ਗੁਰੂ ਗੋਬਿੰਦਸਿੰਘ ਜੀ ਸਦੀਵ ਸ਼ਿਕਾਰ ਖੇਡਨ ਲਈ ਉਨ੍ਹਾਂ ਦੇ ਇਲਾਕੇ ਵਿਖੇ ਜਾਯਾ ਕਰਦੇ ਸੇ ਇਸ ਕਰਕੇ ਭੀ ਰਾਜਿਆਂ ਨੂੰ ਬੁਰਾ ਮਲੂਮ ਹੁੰਦਾ ਪ੍ਰੰਤੂ ਨਕਾਰੇ ਦੀ ਚੋਟ ਨੇ ਤਾਂ ਉਨ੍ਹਾਂਨੂੰ ਹੋਰ ਭੀ ਖ਼ਬਰਦਾਰ ਕਰ ਦਿੱਤਾ ਅਤੇ ਓਹ ਗੁਰੂ ਗੋਬਿੰਦ

ਸਿੰਘ ਜੀਦੇ ਨਾਲ ਝਗੜਾ ਕਰਨਦੀ ਸਲਾਹੁ ਕਰਦੇ ਤੇ ਸਮਾਂ ਵਿਚਾਰਨ ਲੱਗੇ ਦੇਵ ਨੇਤ ਨਾਲ ਇਉਂ ਹੋਈ ਕਿ ਰਾਜਾ ਭੀਮਚੰਜ ਕਹਲੂਰੀਆ ਬਿਲਾਸਪੁਰ ਦੇ ਰਾਜੇ ਨੇ ਜੁੱਧ ਦੀ ਸਿਲਕ ਉਤਪਤ ਕੀਤੀ ਅਤੇ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਪਰਸ਼ਾਦੀ ਹਾਥੀ ਆਪਣੇ ਵਾਸਤੇ ਮੰਗਿਆ ਪਰ ਗੁਰੂ ਗੋਬਿੰਦ ਸਿੰਘ ਜੀਨੇ ਨਾਂ ਦਿੱਤਾ ਭਾਵੇਂ ਗੁਰੂ ਜੀ ਨੂੰ ਉਨ੍ਹਾਂ ਦੀ ਮਾਤਾ ਤੇ ਹੋਰਨਾਂ ਲੋਕਾਂ ਨੇ ਕਿਹਾ ਕਿ ਹਾਥੀ ਦੇਕੇ ਸੁਲਾਹੀ ਕਰ ਲੈਣੀ ਚੰਗੀਹੈ ਪਰ ਗੁਰੂ ਗੋਬਿੰਦਸਿੰਘ ਜੀਨੇ ਮਰਦੇ ਦਮਤਕ ਹਾਥੀ ਦੇਣੋਂ ਇਨਕਾਰ ਠਾਣਿਆਂ ਹੋਯਾ ਸੀ ਸੋ ਓੜਕ ਨੂੰ ਦੋਹਾਂ ਦੀ ਆਪਸ ਵਿਖੇ ਦ੍ਵੈਖਤਾ ਵਧਗਈ ਇਕ ਹੋਰ ਪਹਾੜੀ ਰਾਜੇ ਕ੍ਰਿਪਾਲਨੇ ਭੀਮਚੰਦਨੂੰ ਸਿਖਾਯਾਤੇ ਓਸਨੇ ਗੁਰੂ ਗੋਬਿੰਦਸਿੰਘ ਜੀਨੂੰ ਸਨੇਹਾਭੇਜਿਆ ਕਿ ਗੁਰੂਮੇਰੇ ਇਲਾਕੇਥੀਂ ਬਾਹਰਚਲਾ ਜਾਵੇ ਇਹੁ ਗਲ ਸੁਣਕੇ ਗੁਰੂ ਗੋਬਿੰਦ ਸਿੰਘ ਜੀ ਤਲਵਾਰ ਨਾਲ ਉਸਦਾ ਟਾਕਰਾ ਕਰਨ ਨੂੰ ਤਿਆਰ ਹੋਗਏ ਪ੍ਰੰਤੂ ਮੇਦਨੀ ਪ੍ਰਕਾਸ਼ ਨਾਹਨਦੇ ਰਾਜੇ ਨੇ ਆਪਣੇ ਆਦਮੀ ਭੇਜਕੇ ਗੁਰੂ ਗੋਬਿੰਦ ਸਿੰਘ ਜੀਨੂੰ ਆਪਣੇ ਪਾਸ ਬੁਲਾ ਲੀਤਾ ਇਸ ਤਰਾਂ ਕਰਕੇ ਗੁਰੂ ਗੋਬਿੰਦਸਿੰਘ ਜੀ ਦਾ ਪੈਹਲਾ ਸਮਾ ਜੁੱਧ ਦਾ ਐਵੇਂ ਜਾਂਦਾ ਰਿਹਾ ਕੋਈ ਕੋਈ ਇਤਿਹਾਸ ਲਿਖਨੇ ਵਾਲੇ ਇਉਂਭੀ ਆਖਦੇ ਹਨ ਕਿ ਨਾਹਨ ਜਾਣ ਥੀਂ ਪੈਹਲੇ ਗੁਰੂ ਗੋਬਿੰਦਸਿੰਘ ਤੇ ਭੀਮਚੰਦ ਦੀਲੜਾਈ ਹੋਈ ਸੀਜਿਸ ਵਿਚ

ਤੇ ਗੁਰੂ ਗੋਬਿੰਦ ਸਿੰਘ ਜੀ ਦੀ ਹੀ ਹੋਈ ਭਾਵੇਂ ਕੁਛ ਹੀ
ਆ ਗੁਰੂ ਗੋਬਿੰਦਸਿੰਘ ਜੀ ਓੜਕ ਨੂੰ ਭੀਮਚੰਦਦੇ ਇਲਾਕੇ
ਥੀਂ ਨਾਹਨ ਚਲੇ ਗਏ ਰਾਜੇ ਨਾਹਨ ਦੇ ਇਲਾਕੇ ਵਿਖੇ
ਮਹੀਨੇ ਕਤਕ ਸੰਮਤ ੧੭੪੧ ਨੂੰ ਇਕ ਨਗਰ ਬਸਾਕੇ
ਕਿਲਾ ਬਨਵਾਯਾ ਜਿਸਦਾ ਨਾਉਂ ਪਾਉਂਟਾ ਰਖਿਆ ਏਸੇ
ਸਮੇਂ ਵਿਖੇ ਕੁਛ ਪਠਾਣ ਸ੍ਰਦਾਰ ਕਾਲੇਖਾਂ, ਨਜਾਬਤਖਾਂ,
ਹਯਾਤਖਾਂ ਭੀਖਨਖਾਂਔਰੰਗਜ਼ੇਬਥੀਂਹੱਟਕੇਕਿਸੇਰਾਜੇ ਅਥਵਾ
ਨੁਵਾਬ ਦਾ ਆਸਰਾ ਤਕਾਉਂਦੇ ਫਿਰਦੇਸੇ ਪ੍ਰੰਤੂ ਉਨ੍ਹਾਂ ਨੂੰ
ਕੋਈ ਰਖਨ ਦੀ ਦਲੇਰੀ ਨਹੀਂ ਕਰ ਸਕਦਾਸੀ ਪਰ ਸਯਦ
ਬੁਧੂਸ਼ਾਹ ਦੀ ਸਫ਼ਾਰਸ਼ਨਾਲ ਗੁਰੂ ਗੋਬਿੰਦਸਿੰਘ ਜੀਨੇ ਉਨ੍ਹਾਂ
ਨੂੰ ਆਪਣੇ ਪਾਸ ਰਖਲੀਤਾ ਇਹ ਕੰਮ ਭਾਂਵੇ ਹੌਸਲੇ ਤੇ
ਸਮਰਥਤਾ ਦਾ ਸੀ ਅਤੇ ਗੁਰੂ ਗੋਬਿੰਦ ਸਿੰਘ ਵਰਗੇ ਸੂਰਮੇ
ਪਾਸੋਂ ਅਜੇਹਾ ਹੋਣਾ ਕੋਈ ਅਸ਼ਚਰਜ ਮਾਮਲਾ ਨਹੀਂਸੀ ਪਰ
ਹੁਸ਼ੀਆਰੀ ਤੇ ਭਲਿਆਈ ਦੇ ਵਿਰੁਧਸੀ ਤੇ ਇਸਦਾ ਫਲ
ਦੂਸਰੀ ਤਰਾਂ ਭੀ ਚੰਗਾ ਨਾ ਹੋਯਾ ਏਸ ਸਮੇ ਵਿਖੇ ਰਾਜਾ
ਭੀਮਚੰਦ ਆਪਣੇ ਪੁਤ੍ਰ ਦੀ ਜਨੇਤ ਰਾਜੇ ਫਤੇਸ਼ਾਹ ਵਾਲੀ
ਸਿਰੀ ਨਗਰ ਦੇ ਨਗਰ ਲੈਕੇ ਗਿਆ ਤੇ ਓਦੋਂਹੀ ਇਸ
ਵਿਆਹੁਦੇ ਸਮੇ ਪਰ ਰਾਜੇ ਫਤੇਸ਼ਾਹ ਦੇ ਘਰ ਗੁਰੂ ਜੀ ਨੇ
ਦੀਵਾਨ ਨੰਦ ਚੰਦ ਦੇ ਰਾਹੀਂ ਕੁਛ ਸੁਗਾਤਾਂ ਭੇਜੀਆਂ ਪ੍ਰੰਤੂ
ਭੀਮਚੰਦ ਨੇ ਇਸ ਬਾਤ ਪਰ ਗੁੱਸਾ ਪ੍ਰਗਟ ਕੀਤਾ ਤੇ

ਰਾਜੇ ਫਤੇਸ਼ਾਹੁ ਨੇ ਆਪਣੇ ਕੁੜਮ ਦੇ ਗੁੱਸੇ ਕਰਕੇ ਗੁਰੂ ਦੇ ਨਿਉਂਦ੍ਰੇ ਨੂੰ ਇਨਕਾਰ ਕੀਤਾ ਤੇ ਦੀਵਾਨ ਨੰਦ ਚੰਦ ਆਪਣੇ ਵਰਗਾ ਹੀ ਮੂੰਹ ਲੈਕੇ ਮੁੜਆਯਾ ਇਸੇ ਕਰਕੇ ਉਨ੍ਹਾਂ ਦੋਹਾਂ ਰਾਜਿਆਂ ਅਤੇ ਗੁਰੂ ਗੋਬਿੰਦਸਿੰਘ ਜੀਦੇ ਵਿੱਚ ਵਿਰੋਧਤਾਈ ਦਾ ਮੈਦਾਨ ਵਡਾ ਹੋਗਿਆ ਅਤੇ ਰਾਜੇ ਭੀਮਚੰਦ ਨੇ ਆਪਣੀ ਮਿਲਣਸਾਰੀ ਕਰਕੇ ਰਾਜੇ ਕ੍ਰਿਪਾਲ ਚੰਦ ਕਟੋਂਚੀਏ, ਰਾਜੇ ਕੇਸਰੀਚੰਦ, ਜਸੋ ਵਾਲੀਏ, ਰਾਜੇ ਸੁਖਦਿਆਲ, ਜਸਰੋਟੀਏ, ਰਾਜੇ ਹਰੀ ਚੰਦ, ਹਿੰਡੂਰੀਏ ਰਾਜੇ ਪ੍ਰਿਥੀਚੰਦ, ਡੁਡਵਾਲੀਏ ਰਾਜੇ ਫਤੇਸ਼ਾਹੁ, ਸਿਰੀ ਨਗਰ ਆਦਿਕਾਂ ਨੂੰ ਆਪਣੇ ਵਲ ਕਰਕੇ ਗੁਰੂ ਗੋਬਿੰਦਸਿੰਘ ਜੀ ਦੇ ਵੈਰੀ ਬਣਾ ਦਿੱਤਾ ਸੀ ਤੇ ਕਦੇਕਦੇ ਕਿੱਸੇ ਪੱਜਨਾਲ ਗੁਰੂ ਗੋਬਿੰਦਸਿੰਘ ਜੀਨੂੰ ਸਤਾਉਨ ਤੇ ਦੁਖੀ ਕਰਨ ਲੱਗੇ ਸੋ ਉਨ੍ਹਾਂ ਰਾਜਿਆਂ ਨੇ ਇਕੱਤ੍ਰ ਹੋਕੇ ਆਪਣੇ ਸਭ ਬਲ ਨਾਲ ਵੈਸਾਖ ਸੰਮਤ ੧੭੪੨ ਬਿਕ੍ਰਮੀ ਵਿਖੇ ਆਪਣੀ ਸਾਰੀ ਫੌਜਲੈਕੇ ਗੁਰੂ ਗੋਬਿੰਦਸਿੰਘ ਜੀ ਪਰ ਚੜਾਈ ਕੀਤੀ ਤਿਸਮਮੇਂ ਗੁਰੂ ਗੋਬਿੰਦਸਿੰਘ ਜੀਦੀ ਉਮਰ ਕੇਵਲ੨੩ਵਰਹੇਦੀਸੀ ਦੁਨੀਆਂਦਾਤਜਰਬਾਕਾਫੀ ਨਹੀਂਸੀ ਭੀਮਚੰਦ ਦੀ ਸਾਂਝੀ ਫ਼ੌਜਦੇ ਸਾਹਮਣੇਅਪਣੀਥੋੜੀ ਜੇਹੀਨਾਂ ਸਿਖੀ ਹੋਈ ਜੰਗੀ ਜਮਾਤ ਨੂੰ ਲੈਕੇ ਰਣਭੂਮੀ ਵਿਖੇ ਆਏ ਪ੍ਰੰਤੂ ਅਜੇ ਥੋੜੀਹੀ ਲੜਾਈ ਆਰੰਭ ਹੋਈਸੀ ਕਿ ਪੰਜਸੌ ਉਦਾਸੀ ਸਾਧੂ ਜੇਹੜੇ ਰੋਜ਼ ਕੜਾਹ ਪ੍ਰਸਾਦ ਛੱਕ ਛੱਕ ਕੇ

ਪਲਟਦੇ ਸੇ ਕੰਨਕਤਰਾ ਕੇ ਵਖ ਹੋਗਏ ਤੇ ਜਿਨ੍ਹਾਂ ਨੇ ਗੁਰੂ ਕਾ ਹੀ ਆਸਰਾ ਲੀਤਾ ਹੋਯਾ ਸੀ ਸੋ ਮੁਸਲਮਾਂਨ ਸਰਦਾਰ ਕਾਲੇਖਾਂ ਆਦਿਕਾਂ ਨੇ ਭੀ ਐਨ ਜੁਧ ਸਮੇ ਗੁਰੂ ਜੀ ਦੀ ਵਲੋਂ ਹਟਕੇ ਰਾਜਿਆਂ ਨਾਲ ਮੇਲ ਕਰ ਲੀਤਾ ਅਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਰਣਭੂਮੀ ਵਿਖੇ ਛੱਡਕੇ ਰਾਜਿਆਂ ਦੀ ਫ਼ੌਜ ਵਿਚ ਜਾ ਮਿਲੇ ਜਾਂ ਇਹੁ ਖ਼ਬਰ ਬੁਧੂਸ਼ਾਹੁ ਨੇ ਜਿਸਦੀ ਸਫ਼ਾਰਸ਼ ਨਾਲ ਕਾਲੇਖਾਂ ਆਦਿਕਾਂ ਨੂੰ ਗੁਰੂ ਗੋਬਿੰਦਸਿੰਘ ਜੀ ਨੇ ਨੌਕਰ ਰਖਿਆ ਸੀ ਉਨ੍ਹਾਂ ਦੀ ਲੂਣ ਹਰਾਮੀ ਤੇ ਦਗ਼ੇਬਾਜ਼ੀ ਦੀ ਖ਼ਬਰ ਸੁਣੀ ਤਾਂ ਓਹੁ ਆਪ ਇਨ੍ਹਾਂ ਦੀ ਸਹਾਇਤਾ ਲਈ ਪੌਹਚਿਆ ਸੋ ਤਿੰਨਾਂ ਦਿਨਾਂ ਤੀਕ ਜਮਨਾਂ ਤੇ ਗਿਰੀ ਨਦੀ ਦੇ ਵਿਚਕਾਰ ਦੇ ਪਿੜ ਵਿੱਚ ਖੂਬ ਜੰਗ ਹੋਯਾ ਗੁਰੂ ਗੋਬਿੰਦਸਿੰਘ ਜੀ ਆਪ ਆਪਣੇ ਥੋੜ੍ਹੇ ਕੁ ਦਲ ਤੇ ਬੇਸਰੋ ਸਾਮਾਂਨ ਫ਼ੌਜ ਦੇ ਹਰਾਵਲ ਵਿਖੇ ਰਹੇ ਗੁਰੂ ਗੋਬਿੰਦਸਿੰਘ ਜੀ ਦੀ ਫ਼ੌਜ ਸਾਰੀ ਹੀ ਇਹੁ ਫ਼ੌਜ ਨਾਂਕਾਰ ਆਜ਼ਮੂਦਾ ਸੀ ਤੇ ਨਾਂਹੀ ਸੁਧਾਰੀ ਹੋਈ ਸੀ ਬੌਹਤਸਾਰੇ ਲੋਕ ਮਾਮੂਲੀ ਕਾਰੋਬਾਰੀ ਆਦਮੀ ਅਰਥਾਤ ਮਰਜ਼ੀ ਦੇ ਭਰੋਸੇ ਵਾਲੇ ਸਿਖਜਨ ਸੋ ਸਭ ਜੰਗ ਦੇ ਢਬ ਤੇ ਢੰਗਾਂ ਥੀਂ ਨਿਰੇ ਅਨਜਾਂਨ ਸੇ ਲੜਾਈ ਦੀ ਵਿਦਯਾ ਥੀਂ ਬਿਲਕੁਲ ਵਾਕਫ਼ ਨਹੀਂ ਸੇ ਤੇ ਹੋਰ ਬਹੁਤਸਾਰੇ ਫ਼ਕੀਰ ਜੁਧ ਵਿਦਯਾ ਥੀਂ ਅਨਜਾਂਣ ਹੋਰ ਗੋਸ਼ਾ ਨਸ਼ੀਨ ਸਾਧੂ ਸੇ ਪੂੰਪਰਾ ਜੇਹੜੀ ਫ਼ੈਹਰਿਸਤ ਗੁਰੂ ਦੇ ਸਾਥੀਆਂ ਦੀ ਜੰਗ ਵਿਖੇ ਹੁਣ

ਤਕ ਜਨਮਸਾਖੀਆਂ ਵਿਖੇ ਲਿਖੀਹੈ ਤਿਨਾਂਵਿੱਚ ਇੱਕ ਲਾਲ ਚੰਦ ਹਲਵਾਈ ਦਾ ਨਾਮ ਭੀ ਹੈ ਇਸਥੀਂ ਅਨੁਮਾਂਨ ਲਗ ਸੱਕਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਪੈਹਲੇ ਜੁਧ ਸਮੇ ਕਿਸ ਪ੍ਰਕਾਰ ਦੇ ਲੋਕ ਸਨ ਆਪਦਾ ਦੀਵਾਨ ਨੰਦ ਚੰਦ ਤੇ ਮਾਮਾਂ ਕ੍ਰਿਪਾਲ ਚੰਦ ਭੀ ਇਸ ਲੜਾਈ ਵਿਖੇ ਸੇ ਭਲਾ ਹਲਵਾਈਆਂ, ਤੇ ਕੜਾਹਖਾਣਿਆਂ ਉਦਾਸੀਆਂ ਥੀਂ ਰਣਭੂਮੀ ਵਿਖੇ ਜਾਕੇ ਜੰਗ ਜਿੱਤੇ ਜਾ ਸਕਦੇ ਸਨ ਉਦਾਸੀ ਖਾ ਪੀਕੇ ਖਿਸਕੂ ਹੋਗਏ ਤੇ ਹਲਵਾਈ ਜੀ ਪਿੜ ਵਿਖੇ ਹਲਵਾ ਹੋਗਏ ਇਹ ਗਲ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਤੇ ਉਸਦੇ ਕੁਛ ਜੱਟਾਂ ਸਿਖਾਂ ਨੇ ਆਪਣੀ ਬਹਾਦੁਰੀ ਦੇ ਜੌਹਰ ਦਿਖਾਏ ਸੇ ਆਪ ਗੁਰੂ ਨੇ ਬੜੀ ਹੀ ਜੁਰੱਤ ਨਾਲ ਤੇ ਸੀਨਾ ਸਿਪਰ ਦਲੇਰੀ ਨਾਲ ਮੁਕਾਬਲਾ ਕੀਤਾ ਅਤੇ ਅਜੇਹੇ ਹੱਥ ਚਲਾਏ ਕਿ ਵੈਰੀ ਹੱਕਾ ਬੱਕਾ ਹੋਗਿਆ ਰਾਜੇ ਹਰੀਚੰਦ ਨੇਗੁਰੂ ਗੋਬਿੰਦ ਸਿੰਘ ਜੀ ਦੇ ਘੋੜੇ ਨੂੰ ਘਾਇਲ ਕੀਤਾ ਪਰ ਆਪ ਗੁਰੂ ਗੋਬਿੰਦ ਸਿੰਘਜੀ ਦੇ ਹੱਥਾਂ ਥੀਂ ਮਾਰਿਆ ਗਿਆ ਰਾਜਾ ਕੇਸਰੀਚੰਦ ਤੇ ਸੁਖਦੇਵ ਭੀ ਘਾਇਲ ਹੋਏ ਓੜਕ ਨੂੰ ਭਾਵੇਂ ਗੁਰੂ ਗੋਬਿੰਦ ਸਿੰਘ ਜੀ ਦਾ ਜੱਥਾ ਨਿਰਬਲ ਹੀ ਸੀ ਪਰ ਅਜੇਹੇ ਜਾਨਾਂ ਤੋੜ ਤੋੜਕੇ ਲੜੇ ਕਿ ਪਹਾੜੀ ਰਾਜਿਆਂ ਦੇ ਦਿਲ ਟੁੱਟ ਗਏ ਤੇ ਛੱਕੇ ਛੁੱਟ ਗਏ ਤੇ ਭੱਜ ਨਿਕਲੇ ਭਾਵੇਂ ਦੇਵ ਨੇਤ ਨਾਲ ਜਿੱਤ ਤਾਂ ਗੁਰੂ ਗੋਬਿੰਦ ਸਿੰਘ ਜੀਦੇ ਹੱਥ ਹੀ ਆਈ ਪਰ ਇਸ

ਦਾ ਅੰਤ ਅਛਾ ਨਾ ਹੋਯਾ ਇਹੁ ਸਮਾਂ ਗੁਰੂ ਗੋਬਿੰਦਸਿੰਘ ਜੀ ਦੀ ਜੁਵਾਨੀ ਤੇ ਜੋਸ਼ਦਾਸੀ ਜੇਕਰ ਓਹੁ ਕੁਛ ਵਧ ਹੁਸ਼ੀਆਰੀ ਤੇ ਬਚਾਉ ਨੂੰ ਕੰਮ ਵਿੱਚ ਲਿਆਉਂਦਾ ਤੇ ਸਮੇ ਅਨੁਸਾਰ ਕਰਦਾ ਤਾਂ ਉਸ ਲਈ ਇਹੁ ਗਲ ਬੜੀ ਹੀ ਚੰਗੀ ਹੁੰਦੀ ਅਤੇ ਓਹੁ ਨੇੜੇ ਤੇੜੇ ਦੇ ਪਹਾੜੀ ਰਾਜਿਆਂ ਨੂੰ ਆਪਣੇ ਉਦੇਸ਼ ਦ੍ਵਾਰਾ ਉਨ੍ਹਾਂਨੂੰਆਪਣੀ ਵਲ ਕਰਲੈਂਦਾ ਤੇ ਹਿਕਮਤਅਮਲੀ ਨੂੰ ਵਰਤਕੇ ਉਨ੍ਹਾਂਨੂੰ ਆਪਣੇ ਹੀ ਬਣਾਈ ਰਖਦਾ ਤਾਂ ਚੰਗਾ ਸੀ ਭਾਵੇਂ ਅਜੇਹੇ ਸਮੇ ਪਰ ਦੇਖ ਅਰੋਪਨ ਵਾਲਿਆਂ ਦੀਆਂ ਅੱਖਾਂ ਵਿਖੇ ਗੁਰੂਜੀਦਾ ਰਾਜਿਆਂ ਨਾਲ ਵਿਰੋਧ ਪਾਉਨਾਂ ਗੁਰੂ ਗੋਬਿੰਦ ਸਿੰਘ ਜੀ ਦੀ ਰਾਇ ਤੱਤ ਦਾ ਨਮੂਨਾਂ ਨਹੀਂ ਹੈ ਪ੍ਰੰਤੂ ਅਸੀ ਐਡੀ ਦੂਰ ਬੈਠੇ ਹੋਏ ਤੇ ਸਭ ਇਤਹਾਸ ਕਥਾ ਤੇ ਸਮੇ ਥੀਂ ਅਨਜਾਣ ਉਸ ਸਮੇ ਦਾ ਹਾਲ ਸੱਚਾ ਸੱਚਾ ਕਿਸਤਰਾਂ ਆਖ ਸਕਦੇ ਹਾਂ ਕਿ ਸੱਚ ਹੈ ਯਾ ਝੂਠ ਹੈ ਗੁਰੂ ਜੀ ਉਸ ਸਮੇ ਦੇ ਸੁਭਾਵ ਥੀਂ ਜਾਣੀ ਜਾਂਣ ਸੇ ਉਨ੍ਹਾਂ ਨੇ ਤਾਂ ਚੰਗੀ ਏਸੇ ਤਰਾਂ ਹੀ ਵਿਚਾਰੀ ਹੋਵੇਗੀ ਕਿ ਰਾਜਿਆਂ ਨਾਲ ਵਿਗਾੜੀ ਜਾਵੇ ਅਥਵਾ ਉਸਨੂੰ ਕਿਸੇ ਪ੍ਰਕਾਰ ਕਰਕੇ ਇਨਾਂ ਥੀਂ ਕੋਈ ਆਸਨਹੀ ਸੀ ਏਸ ਕਰਕੇ ਉਨ੍ਹਾਂਨੂੰ ਨਹੀਂ ਮਿਲਾਯਾ ਹੋਵੇਗਾ ਤੇ ਇਹੁ ਭੀ ਹੋ ਸਕਦਾ ਹੈ ਕਿ ਆਪ ਰਾਜਿਆਂ ਨੇ ਸੁਲਾਹ ਰਖਣੀ ਕਿਸੇ ਕਾਰਨ ਕਰਕੇ ਮੁਨਾਸਬ ਨਾਂ ਜਾਣੀ ਹੋਵੇਗੀ ਤੇ ਗੁਰੂ ਗੋਬਿੰਦ ਸਿੰਘਜੀ ਨੂੰ ਵਿਰੋਧਤਾਈ ਪਰ ਬਦੋ

ਬਦੀ ਖੜਾ ਕਰ ਦਿੱਤਾ ਹੋਵੇਗਾ ਨਹੀਂ ਤਾਂ ਇਹੁ ਤਾਂ ਨਹੀਂ ਹੋ ਸਕਦੀ ਕਿ ਇਸ ਵਿਰੋਧਤਾ ਦੇ ਫਲ ਨੂੰ ਗੁਰੂ ਗੋਬਿੰਦ ਸਿੰਘ ਜੀ ਦੀਆਂ ਦੂਰ ਅੰਦੇਸ਼ ਅਖਾਂ ਨੇ ਅਥਵਾ ਬਾਕਾਇਦਾ ਇਹਤੀਆਤ ਤੇ ਹੁਸ਼ੀਆਰੀ ਨਾਲ ਕੰਮ ਕਰਨ ਵਾਲੀ ਫ਼ਿਕਰ ਰਸਾਨੀ ਨੇ ਦੇਖਿਆ ਤੇ ਸੋਚਿਆ ਨਾ ਹੋਵੇ ਪ੍ਰੰਤੂ ਇਸ ਵਿੰਗੇ ਝਗੜੇ ਥੀਂ ਅਸਾਂ ਨੇ ਕੀਹ ਕੱਢਨਾ ਹੈ ਕੁਛ ਲਾਭ ਨਹੀਂ ਹੈ ਪ੍ਰੰਤੂ ਇਸ ਵਿਖੇ ਭੀ ਕੋਈ ਸੰਦੇਹ ਨਹੀਂ ਕਿ ਮੁਸਲਮਾਨਾਂ ਦਾ ਕਹਾਂ ਦੀ ਦਗ਼ਾਬਾਜ਼ੀ ਨੇ ਜਿਨ੍ਹਾਂ ਨੂੰ ਕਿ ਗੁਰੂ ਗੋਬਿੰਦ ਸਿੰਘ ਨੇ ਭੈੜੇ ਸਮੇ ਪਰ ਬਿਪਤਾ ਵਿਖੇ ਆਪਣੇ ਪੱਲੇ ਹੇਠ ਸੁਖ ਤੇ ਆਨੰਦ ਭੁਗਤਾਏ ਸੇ ਅਤੇ ਉਦਾਸੀ ਸਾਧੂਆਂ ਦੀ ਕਾਇਰਤਾ ਕਰਕੇ ਰਣਭੂਮ ਵਿਖੇ ਭਜ ਜਾਣਦੇ ਤਜਰਬੇ ਨੇ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਓਹੁ ਕੰਮ ਕਰਵਾਯਾ ਕਿ ਜੋ ਹੋਰਨਾਂ ਕਾਰਣਾਂ ਕਰਕੇ ਹੋਣਾਂ ਅਸੰਭਵ ਸੀ ਅਰਥਾਤ ਖਾਲਸਾ ਧਰਮ ਦੇ ਵਸੀਲੇ ਨਿਵੀਨ ਜ਼ਗਜੂ ਫਿਰਕਾ ਉਤਪਤ ਕਰਨ ਦੀ ਵਿਚਾਰ ਜੇਕਰ ਪੈਹਲੇ ਸੀ ਤਾਂ ਉਸਨੂੰ ਪ੍ਰੀਪਕ ਕਰਨ ਦਾ ਕਾਰਨ ਤੇ ਵਸੀਲਾ ਇਹੁ ਜੰਗ ਜ਼ਰੂਰ ਹੋਯਾ ਕਿਉਂ ਜੋ ਗੁਰੂ ਗੋਬਿੰਦ ਸਿੰਘ ਜੀ ਨੂੰ ਬੜਾਹੀ ਚੰਗੀ ਤਰਾਂ ਅਮੋਲਕਾ ਤਜਰਬਾ ਪ੍ਰਾਪਤ ਹੋਗਿਆ ਸੀ ਕਿਇਹੁ ਇਹੁ ਦੁਨੀਆ ਦਾ ਵਿਵਹਾਰ ਹੈ ਤੇ ਹਿੰਦੂ ਕਿਸ ਕਿਸ ਤਰਾਂ ਨਾਲ ਭੈੜੇ ਖ੍ਵਾਰ, ਕਿਸ ਤਰਾਂ ਮੈਤ੍ਰਤਾ, ਤੇ ਸੁਭਾਵਕ ਬਾਤਾਂ ਥੀਂ ਡਿੱਗੇ ਹੋਏ ਹਨ ਕਿਤਨੇਕੁ ਕਾਇਰ

ੜੇ ਭੀਰੂ ਬਨਗਏ ਹਨ ਤੇ ਪਤਾ ਨਹੀਂ ਸੀ ਰਿਹਾ ਕਿ ਕੌਮ ਨੂੰ ਫਿਰ ਖੱਤ੍ਰਤਾ ਦੀਵਲ ਲਿਆਈਏ ਤੇ ਉਸ ਵਿਖੇ ਬਲ ਬੀਰਜ ਉਤਪਤ ਕਰਨ ਦੀ ਕੁਛ ਲੋੜ ਹੈ ਅਤੇ ਹਿੰਦੂਆਂ ਨੂੰ ਕਿਸੇ ਇਕ ਤਾਤਪ੍ਰਯ ਪਰ ਅਸਥਿਤ ਕਰਕੇ ਉਸ ਪਰ ਲਿਆਂਦਾ ਜਾਂਵੇ ਇਸ ਲਈ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਮਣੇ ਇਹੁ ਦਗ਼ਾ-ਬਾਜ਼ੀ ਤੇ ਦੂਸਰਿਆਂ ਵਲੋਂ ਕਾਇਰਤਾ ਅਜੇਹੀ ਸੰਥਾ ਸਿਖਾ ਗਈ ਸੀ ਕਿ ਗੁਰੂ ਗੋਬਿੰਦਸਿੰਘ ਜੀ ਦੇ ਹੱਥਾਂ ਥੀਂ ਹਿੰਦੂਆਂ ਦੇ ਵਾਸਤੇ ਅਜੇਹਾ ਵਡਾ ਭਾਰਾ ਕੰਮ ਸੌਰਿਆ ਕਿ ਹਿੰਦੂ ਹਾਲਤ ਦਾ ਨਕਸ਼ਾਹੀ ਕੁਛ ਹੋਰ ਦਾ ਹੋਰ ਹੋਗਿਆ ਤੇ ਵਿਗੜੀ ਹੋਈ ਖ਼੍ਵਾਰੀ ਵਿਖੇ ਜੋ ਕੌਮ ਸੀ ਇਕ ਕੌਮ ਫੇਹ ਬਣ ਗਈ ਜਿਸਨੇ ਹਿੰਦੂਆਂ ਦੀ ਡੁੱਬੀ ਹੋਈ ਪਤਿ, ਗਈ ਗਵਾਚੀ ਸਮਰਥਤਾ ਨੂੰ ਫੇਰ ਸੰਭਾਲਿਆ ਤੇ ਸੰਸਾਰੀ ਲੋਕਾਂ ਨੇ ਸੂਰਮਿਆਂ ਦੇ ਵਰਗੇ ਬਣਕੇ ਆਪਣੇ ਬਲ ਤੇ ਸੂਰਤਾ ਦੀ ਸੁਗੰਧੀ ਸਾਰੀ ਸ੍ਰਿਸਟੀ ਪਰ ਵਿਸਤਾਰ ਦਿੱਤੀ॥

ਗਲ ਕਾਹਦੀ ਇਸ ਜੁੱਧ ਥੀਂ ਮਗਰੋਂ ਗੁਰੂ ਗੋਬਿੰਦ ਸਿੰਘ ਜੀ ਦਾ ਜੱਥਾ ਫਤੇ ਤੇ ਨਕਾਰੇ ਬਜਾਉਂਦਾ ਹੋਯਾ ਪੌਂਟੇ ਵਿਖੇ ਮੁੜ ਆਯਾ ਏਥੇ ਆਕੇ ਗੁਰੂ ਗੋਬਿੰਦ ਸਿੰਘ ਜੀ ਨੇ ਬੁਧੂਸ਼ਾਹ ਨੂੰ ਜਿਸ ਇੱਕ ਪੁਤ੍ਰ ਗੁਰੂ ਦੀ ਵਲੋਂ ਲੜ ਕੇ ਲੜਾਈ ਵਿਖੇ ਸ਼ਹੀਦਵਾ ਹੋਰੁਕਾਸੀ ਇੱਕ ਦਸਤਾਰ ਦਿਤੀ ਕੋਈਆਖਦੇ ਹਨ ਆਪਣੀ ਅੱਧੀ ਦਸਤਾਰ ਤੇ ਇੱਕ ਹੁਕਮਨਾਮਾ ਦਿੱਤਾ ਜਿਸਦੇ ਕਾਰਨ

ਸਿੰਘ ਹੁਣ ਤਕ ਉਸਦੇ ਬੰਸ ਦਾ ਸਤਕਾਰ ਆਦਰ ਕਰਦੇ ਹਨ ਇਸ ਜੁੱਧ ਥੀਂ ਇੱਕ ਮਹੀਨਾ ਮਗਰੋਂ ਪੌਂਟੇ ਥੀਂ ਚਲਕੇ ਆਪਣੇ ਪੈਹਲੇ ਅਸਥਾਨ ਆਨੰਦਪੁਰ ਆ ਰਹੇ ਇਹੁ ਨਗਰ ਗੁਰੂ ਦੇ ਵਡਿਆਂ ਨੇ ਮੁਲ ਖ਼ਰੀਦ ਕੇ ਧਰਤੀ ਤੇ ਬਸਾਯਾ ਸੀ ਤੇ ਕਈ ਥਾਂਈ ਛੋਟੇ ਛੋਟੇ ਕਿਲੇ ਭੀ ਬਨਵਾਏ ਸਨ ਅਰਥਾਤ ਲੋਹਗੜ੍ਹ ਦਾ ਕਿਲਾ, ਆਨੰਦ ਗੜ੍ਹ, ਫਤੇਗੜ੍ਹ ਭੌਲਗੜ੍ਹ ਜਿਨ੍ਹਾਂ ਦਾ ਬਨਾਉਨਾਂ ਪਕ ਕਰਕੇ ਇਸੇ ਕਾਰਨ ਕਰਕੇ ਸੀ ਕਿ ਪਹਾੜੀ ਰਾਜੇ ਜੇਕਰ ਫੇਰ ਉਸਦੇ ਜੱਥੇ ਪਰ ਚੜ੍ਹਾਈ ਕਰਨ ਤਾਂ ਇਹੁ ਕਿਲੇ ਬਚਾਉਨ ਯੋਗ ਹੋਣ ਉਸੇ ਵਰਹੇ ਪਹਾੜੀ ਰਾਜਿਆਂ ਪਰ ਸੂਬੇਦਾਰ ਸਿਰਹਿੰਦ ਦੀ ਫ਼ੌਜ ਨੇ ਅਲਫ਼ਖ਼ਾਂ ਆਦਿਕ ਦੇ ਅਨੁਸਾਰੀ ਹੋ ਕਰਕੇ ਇਸ ਪ੍ਰਯੋਜਨ ਲਈ ਹਮਲਾ ਕੀਤਾ ਕਿ ਸਭਨਾਂ ਰਾਜਿਆਂ ਨੇ ਰਾਜਾਧਿਰਾਜ ਦਿੱਲੀ ਦਾ ਕਰ ਨਹੀਂ ਦਿਤਾ ਸੀ ਪਹਾੜੀ ਰਾਜਿਆਂ ਨੇ ਕਰ ਤਾਂ ਨਾਂ ਦਿੱਤਾ ਸਗੋਂ ਸ਼ਾਹੀ ਫ਼ੌਜ ਦੇ ਸਨਮੁਖ ਜੁਧ ਕਰਨ ਨੂੰ ਤਿਆਰ ਹੋਗਏ ਸੋ ਅਜੇਹੇ ਔਖੇ ਸਮੇ ਪਰ ਰਾਜੇ ਭੀਮਚੰਦ ਨੇ ਗੁਰੂ ਗੋਬਿੰਦ ਸਿੰਘ ਜੀ ਨਾਲ ਸੁਲਾਹ ਲਈ ਬੇਨਤੀ ਕੀਤੀ ਤੇ ਗੁਰੂ ਜੀ ਨੇ ਉਸਦੇ ਪੈਹਲੇ ਪਾਪ ਵਿਸਾਰਕੇ ਉਸਦੀ ਸਹਾਇਤਾ ਕਰਨੀ ਮੰਨ ਲਈ॥

ਗੁਰੂ ਗੋਬਿੰਦ ਸਿੰਘ ਜੀ ਨੇ ਪਹਾੜੀ ਰਾਜਿਆਂ ਦੀ ਸਹਾਇਤਾ ਵਿਖੇ ਬਾਦਸ਼ਾਹੀ ਫ਼ੌਜ ਨਾਲ ਜੁੱਧ ਕਰਨਾ

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜ਼ਾਤੀ ਵੈਰੀ ਨਾਲ ਇਤਨੀ ਛਤੀ ਸੁਲਾਹ ਕਰਨ ਵਿਖੇ ਉਸ ਕੌਮੀਅਤ ਦੀ ਹੀ ਵਿਚਾਰ ਨੂੰ ਸਾਹਮਣੇ ਧਰਿਆ ਸੀ ਕਿ ਜਿਸਦੇ ਲਈ ਓਹ ਸਾਰੀਆਂ ਕੋਸ਼ਸ਼ਾਂ ਕਰਦਾ ਸੀ ਕਿਉਂ ਜੋ ਉਸਦੇ ਵਾਸਤੇ ਇਹ ਭੀ ਚੰਗਾ ਨਹੀਂ ਸੀ ਕਿ ਓਹ ਮੁਸਲਮਾਨਾਂ ਵੱਲੋਂ ਹੋਕੇ ਹਿੰਦੂਆਂ ਨੂੰ ਮਾਰੇ ਕਿਉਂ ਜੋ ਜੇਹੜਾ ਦਿਲ ਹਿੰਦੂਆਂ ਦੇ ਲਈ ਹਿੰਦੂਆਂ ਦੀ ਭਲਿਆਈ ਵਾਸਤੇ ਉਤਪਤ ਕੀਤਾ ਗਿਆ ਹੋਵੇ ਤੇ ਜਿਸ ਚਿਤ ਵਿਖੇ ਬਿਨਾਂ ਭਲਿਆਈ ਹਿੰਦੂਆਂ ਦੀ ਦੋ ਕੁਛ ਨਾ ਹੋਵੇ ਉਸ ਚਿਤ ਥੀਂ ਕਿਵੇਂ ਆਸਾ ਹੋਸਕਦੀ ਸੀ ਕਿ ਓਹ ਹਿੰਦੂਆਂ ਦੇ ਵਿਰੁਧ ਤੇ ਫੇਰ ਮੁਸਲਮਾਨਾਂ ਦਾ ਸਾਥ ਦੇ ਕਰਕੇ ਹਿੰਦੂਆਂ ਦੀ ਬਰਬਾਦੀ ਚਾਹੇ ਜੇਕਰ ਗੁਰੂ ਗੋਬਿੰਦ ਸਿੰਘ ਜੀ ਇਕ ਪਾਸੇ ਵਲ ਹੀ ਰੈਂਹਦਾ ਤਾਂ ਭੀ ਉਸਦੇ ਉਦੇਸ਼ ਪਰ ਦਾਗ਼ ਲਗਦਾ ਸੀ ਕਿ ਓਹ ਆਪਣੀਆਂ ਅੱਖਾਂ ਨਾਲ ਹਿੰਦੂਆਂ ਨੂੰ ਖ਼੍ਵਾਰ ਹੁੰਦਾ ਦੇਖੇ ਉਸਦਾ ਚਿਤ ਕੌਮੀ ਪਿਆਰ ਨਾਲ ਭਰਿਆ ਹੋਯਾ ਹਿੰਦੂਆਂ ਦੀ ਖ਼੍ਵਾਰੀ ਭੀ ਨਹੀਂ ਸਹਾਰ ਸਕਦਾ ਸੀ ਇਸ ਕਰਕੇ ਇਸ ਬਾਤ ਨੂੰ ਉਸਨੇ ਚੰਗੀ ਤਰਾਂ

ਵਿਚਾਰਿਆ ਕਿ ਫ਼ਤੇਚੰਦ ਦੇ ਸਾਥ ਵਾਲੇ ਵੈਰੀ ਨੂੰ ਛੱਡ ਕੇ ਹਿੰਦੂ ਲੋੜ ਲਈ ਸੁਲਾਹ ਕਰੇ ਤੇ ਉਸਦੀ ਸਹਾਇਤਾ ਕਰੇ ਸੋ ਗੁਰੂ ਗੋਬਿੰਦ ਸਿੰਘ ਜੀ ਨੇ ਉਸਦੇ ਨਾਲ ਪਿਆਰ ਕਰ ਲੀਤਾ ਤੇ ਆਪਣੇ ਜੱਥੇ ਵਿਚੋਂ ਪੰਜ ਸੌ ਸਵਾਰ ਤੇ ਸਿਪਾਹੀ ਮੋਹਰੀ ਚੰਦ ਦੀਵਾਨ ਤੇ ਦਯਾਰਾਮ ਦੇ ਅਨੁਸਾਰੀ ਭੇਜਿਆ ਦੇਵਨੇਤ ਬਾਦਸ਼ਾਹੀ ਫ਼ੌਜ ਨੂੰ ਹਾਰ ਹੋਈ ਇਸਥੀਂ ਪ੍ਰਤੀਤ ਹੁੰਦਾ ਹੈ ਕਿ ਗੁਰੂ ਪਹਾੜੀ ਰਾਜਿਆਂ ਨਾਲ ਸੁਲਾਹ ਰਖਣਦੀ ਲੋੜ ਨੂੰ ਜਾਣਦਾ ਸੀ ਤੇ ਉਨ੍ਹਾਂ ਨੂੰ ਮਿਲਾਉਨ ਦੀ ਕੋਸ਼ਸ਼ ਭੀ ਕਰਦਾਸੀ ਇਸ ਥੀਂ ਪਸਚਾਤ ਤਿੰਨ ਵਰ੍ਹੇ ਤੀਕ ਅਮਨਚੈਨ ਰਿਹਾ ਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਕੋਈ ਸਮਾਂ ਅਜੇਹਾ ਨਾਂ ਪੇਸ਼ ਆਯਾ ਕਿ ਤਲਵਾਰ ਪਾਣ ਹਥ ਚਲਾਉਨ ਦੀ ਲੋੜ ਪੈਂਦੀ ਸੋ ਇਸ ਸਮੇ ਵਿਖੇ ਗੁਰੂ ਗੋਬਿੰਦ ਸਿੰਘ ਜੀ ਆਪਣੀਆਂ ਵਿਚਾਰਾਂ ਤੇ ਤਜੁਰਬੇ ਨੂੰ ਪ੍ਰੀਪਕ ਕਰਨ ਵਿਖੇ ਤੇ ਆਉਨ ਵਾਲੇ ਉਦੇਸ਼ ਦੀ ਤਿਆਰੀ ਕਰਨ ਵਿਖੇ ਰੁੱਝੇ ਰਹੇ ਹਾਂ ਈਸ਼੍ਵਰ ਭਗਤੀ ਤੇ ਆਤਮਕ ਉਪਦੇਸ਼ਾਂ ਦ੍ਵਾਰਾ ਭੀ ਆਪਣੇ ਸਿਖਾਂ ਦੀ ਤ੍ਰਿਸ਼ਨਾਂ ਬੁਝਾਉਂਦੇ ਰਹੇ ਹਾਂ ਤੇ ਉਨਾਂ ਦੇ ਦਿਲਾਂ ਵਿਚ ਗਰਮ ਲਹੂ ਭੀ ਭਰੀ ਗਏ ਫੇਰ ਭਾਦ੍ਰੋਂ ਸੰਮਤ ੧੭੪੫ ਵਿਚ ਸੂਬੇ ਲਾਹੌਰ ਨੇ ਪਹਾੜੀ ਰਾਜਿਆਂ ਨੂੰ ਡੰਡ ਦੇਣ ਲਈ ਇਕ ਦਸਤਾ ਫ਼ੌਜ ਰਵਾਨਾ ਕੀਤਾ ਤੇ ਇਕ ਵਖਰੀ ਫ਼ੌਜ ਰੁਸਤਮ ਖ਼ਾਂ ਦੇ ਹੁਕਮ ਹੇਠ ਗੁਰੂ ਗੋਬਿੰਦ ਸਿੰਘ ਜੀ ਨਾਲ ਜੁਧ ਕਰਨ ਲਈ ਭੇਜੀ

ਜਾਤਾ ਤੇ ਬਿਨਾਹੀ ਜੁੱਧ ਜੰਗ ਕੀਤੇ ਦੇ ਪਿੱਛੇ ਹੀ ਮੁੜ ਆਯਾ ਜੇਹੜਾ ਨਾਲਾ ਉਸ ਵੇਲੇ ਸਾਹਮਣੇ ਸੀ ਉਸਦਾ ਨਾਉਂ ਸਿੰਘਾਂ ਨੇ ਹਿਮਾਇਤੀ ਨਾਲਾ ਧਰ ਦਿੱਤਾ ਜਿਸਨੂੰ ਉਸਥਾਂ ਦੇ ਇਰਦੇ ਗਿਰਦੇ ਦੇ ਲੋਕ ਹੁਣ ਤਕ ਭੀ ਹਿਮਾਇਤੀ ਨਾਲਾ ਹੀ ਸੱਦ ਦੇ ਹਨ ਪ੍ਰੰਤੂ ਰੁਸਤਮਖ਼ਾਂ ਨੇ ਪਹਾੜੀ ਰਾਜਿਆਂ ਪਰ ਕੁਛਕੁ ਸਮਾ ਬਿਤੀਤ ਕਰਕੇ ਜਦ ਉਸਨੂੰ ਮਗਰੋਂ ਸਹਾਇਤਾ ਆਣ ਪੋਹਚੀਤਾ ਹਮਲਾ ਕੀਤਾ ਇਸ ਸਮੇਂ ਵਿਖੇ ਭੀ ਸ਼ਾਹੀ ਫ਼ੌਜ ਨੂੰ ਹਾਰ ਹੋਈ ਇਸ ਜੁੱਧ ਵਿਖੇ ਆਖਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਭੀ ਤਿੰਨ ਸੌ ਆਦਮੀ ਭਾਈ ਸੰਗਤੀਏ ਦੀ ਆਗਯਾ ਅਨੁਸਾਰੀ ਮਿਲੇ ਹੋਏ ਸੇ ਓੜਕ ਨੂੰ ਔਰੰਗਜ਼ੇਬ ਨੂੰ ਇਸ ਪੰਜਾਬ ਦੇ ਭਰਗਦੀ ਸਰਕਸ਼ੀ ਦੇ ਇੰਤਜ਼ਾਮ ਲਈ ਆਪਣੇ ਪੁਤ੍ਰ ਮੁਅਜ਼ਮ ਸ਼ਾਹ ਨੂੰ ਭੇਜਣਾਂ ਪਿਆ ਮੁਅਜ਼ਮ ਸ਼ਾਹ ਆਪ ਤਾਂ ਲਾਹੌਰ ਨੂੰ ਚਲਾ ਗਿਆ ਪ੍ਰੰਤੂ ਆਪਣੇ ਇੱਕ ਅਮੀਰ ਮਿਰਜ਼ਾਬੇਗ ਨੂੰ ਇੱਕ ਵਡੀ ਫ਼ੌਜ ਦਾ ਸਰਦਾਰ ਨਿਯਤ ਕਰਕੇ ਪਹਾੜੀ ਰਾਜਿਆਂ ਨੂੰ ਡੰਡ ਦੇਣ ਲਈ ਭੇਜਾ ਗਿਆ ਇਸ ਸਰਦਾਰ ਨੇ ਬੌਹਤ ਸਾਰੇ ਰਾਜਿਆਂ ਨੂੰ ਲੁੱਟਿਆ ਤੇ ਮਾਰਿਆ ਸਭ ਲੁੱਟ ਕੁੱਟ ਸੁੱਟੇ ਪਿੰਡ ਤੇ ਸ਼ੈਹਰ ਉਜਾੜ ਸੁੱਟੇ ਤੇ ਬੌਹਤ ਭਾਂਤਾਂ ਕਰਕੇ ਪੁਰਖਾਂ ਦੀ ਬੇਇਜ਼ਤੀ ਤੇ ਬੇਪਤੀ ਕੀਤੀ ਗੁਰੂ ਗੋਬਿੰਦ ਸਿੰਘ ਜੀ ਇਨ੍ਹਾਂ ਦਿਨਾਂ ਵਿਖੇ ਆਪਣੇ ਪਹਾੜੀ ਟਿਕਾਣੇ ਪਰ ਰਿਹਾ ਕਰਦੇ ਸੀ ਏਧਰ ਮੁਸਲਮਾਨਾਂ ਨੇ ਉਸਦੇ

ਪਿੰਡ ਆਨੰਦ ਪੁਰਨੂੰ ਲੁੱਟ ਲੀਤਾ ਏਹੁ ਸਾਰੀਆਂ ਗਲਾਂ ਵਾਰਤਾ ਆਪ ਗੁਰੂ ਗੋਬਿੰਦ ਸਿੰਘ ਜੀ ਨੇ ਬਚਿਤ੍ਰ ਨਾਟਿਕ ਵਿਖੇ ਲਿਖੀਆਂ ਹਨ ॥

ਗੁਰੂ ਗੋਬਿੰਦ ਸਿੰਘ ਜੀ ਦੇ ਦੇਵੀ ਪ੍ਰਗਟ ਕਰਨ ਦਾ ਪ੍ਰਸੰਗ ॥

ਜਦ ਗੁਰੂ ਗੋਬਿੰਦ ਸਿੰਘ ਜੀ ਆਪਣੇ ਪਹਾੜ ਦੇ ਟਿਕਾਉ ਦੇ ਸਮੇ ਆਪਣੇ ਆਉਣ ਵਾਲੇ ਕੰਮ ਲਈ ਤਿਆਰੀਆਂ ਤੇ ਮਸਾਲਾ ਜਮਾ ਕਰ ਰਹੇ ਸੇ ਤਾਂ ਓਥੇ ਪੰਡਤਾਂ ਨੇ ਗੁਰੂ ਜੀ ਦੇ ਚਿਤ ਵਿਖੇ ਇਹੁ ਗਲ ਪੱਕ ਕਰਵਾਈ ਅਥਵਾ ਗੁਰੂ ਗੋਬਿੰਦ ਸਿੰਘ ਜੀ ਨੇ ਸਮੇ ਅਨੁਸਾਰ ਚੰਗਾ ਜਾਣਕੇ ਜੇਹਾਕੁ ਅਸੀ ਪੈਹਲੇ ਵਰਨੰਨ ਕਰ ਚੁਕੇ ਹਾਂ ਦੇਵੀ ਪੂਜਕਾਂ ਦੇ ਜਥੇਨੂੰ ਆਪਣੀ ਵਲ ਦੇ ਬਨਾਉਨ ਲਈ ਪੰਡਿਤਾਂ ਨੂੰ ਤਿਆਰ ਕੀਤਾ ਕਿ ਇਕ ਖ਼ਾਸ ਜੱਗ ਤੇ ਹਵਨ ਕੀਤਾ ਜਾਵੇ ਜਿਸ ਦੇ ਵਸੀਲੇ ਦੇਵੀ ਨੂੰ ਪ੍ਰਗਟ ਕਰਕੇ ਉਸਦੇ ਵੈਰੀਆਂ ਨੂੰ ਬਰਬਾਦ ਕਰਨ ਦੀ ਸ਼ਕਤੀ ਪ੍ਰਾਪਤ ਹੋ ਜਾਵੇ ਸੋ ਮਾਲਕਾਰ ਪਹਾੜੀ ਪਰ ਯੱਗ ਕਰਨ ਦਾ ਸਾਮਾਨ ਇਕਤ੍ਰ ਕੀਤਾ ਗਿਆ ਤੇ ਇਸ ਜੱਗ ਦੇ ਸੰਪੂਰਣ ਕਰਨ ਲਈ ਕਾਂਸ਼ੀ ਥੀਂ ਕੁਛ ਪ੍ਰਸਿੱਧ ਪੰਡਿਤ ਸਦਵਾਏ ਗਏ ॥ ਕਾਲੀ ਦਾਸ ਤੇ ਕੇਸ਼ੋਦਾਸ ਦੋਹਾਂ ਪੰਡਤਾਂ ਦਾ ਨਾਂਉ ਇਤਹਾਸਾਂ ਵਿਖੇ ਬੌਹਤ ਪ੍ਰਸਿੱਧ ਹੈ ਉਨ੍ਹਾਂ ਦੇ ਨਾਲ

ਪੰਡਿਤ ਬਿਸ਼ੰਭਰਦਾਸ ਭੀ ਇਸ ਜੱਗ ਦੇ ਕਰਨ ਕਰਾਉਨ ਵਿਖੇ ਭਰਤੀ ਸੀ ਹਵਨ ਆਰੰਭ ਹੋਗਿਆ ਏਥੋਂ ਤਾਈਂ ਤਾਂ ਸਭ ਇਤਹਾਸਾਂ ਇੱਕ ਭਾਂਤ ਹੈਨ ਪ੍ਰੰਤੂ ਇਸ ਦੇ ਮਗਰੋਂ ਇਕ ਤਾਂ ਇਉਂ ਆਖਦੇ ਹਨ ਕਿ ਜਦ ਹਵਨ ਕਈ ਦਿਨਾਂ ਤੀਕ ਹੁੰਦਾ ਰਿਹਾ ਤੇ ਦੇਵੀ ਪ੍ਰਗਟ (ਜ਼ਾਹਰ) ਨਾ ਹੋਈ ਜਿਵੇਂ ਕਿ ਬ੍ਰਾਹਮਣਾਂ ਨੇ ਸੁਰਤ ਬੰਨ੍ਹੀ ਸੀ ਤਾਂ ਬ੍ਰਾਹਮਣਾਂ ਨੇ ਇਹੁ ਬੇਨਤੀ ਬਹਾਨਾ ਕਰਕੇ ਕੀਤੀ ਕਿ ਦੇਵੀ ਓਤਨਾਂ ਚਿਰ ਪ੍ਰਗਟ ਨਹੀਂ ਹੋਵੇਗੀ ਜਿਤਨਾਂ ਚਿਰ ਤਕ ਕੋਈ ਮਹਾਤਮਾਂ ਉਸ ਹਵਨ ਕੁੰਡ ਵਿਖੇ ਦੇਵੀਦੀ ਬਲੀ ਨਹੀਂ ਕੀਤਾ ਜਾਵੇਗਾ ਇਹੁ ਗਲ ਸੁਣਕੇ ਪੰਡਤਾਂ ਨੂੰ ਮੁਸਕੜਾ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਕਿ ਤੁਹਾਡੇ ਨਾਲੋਂ ਵਧੀਕ ਮਹਾਤਮਾ ਹੋਰ ਕੌਣ ਹੈ ਤੇ ਕਿਥੋਂ ਮਿਲੇਗਾ ਚੰਗੀ ਗਲ ਤਾਂ ਇਹੀ ਹੈ ਕਿ ਕਿਸੇ ਪੰਡਿਤ ਨੂੰ ਹੀ ਦੇਵਤਾ ਬਲੀਦਾਨ ਕੀਤਾ ਜਾਵੇ ਇਹੁ ਸੁਣਕੇ ਆਖਦੇ ਹਨ ਕਿ ਪੇਸ਼ਾਬ ਦੇ ਕਰਨ ਦੇ ਬਹਾਨੇ ਤੇ ਕਈ ਆਖਦੇ ਹਨ ਕਿ ਅਸ਼ਨਾਨ ਦੇ ਬਹਾਨੇ ਨਾਲ ਪੰਡਿਤ ਜੀ ਓਥੋਂ ਖਿਸਕੂ ਹੋਗਏ ਤੇ ਜੱਗ ਓਥੇ ਦਾ ਓਥੇਹੀ ਰਿਹਾ ਦੂਸਰੀ ਹੋਰਭੀ ਗਲ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਪੰਡਿਤਾਂ ਪਾਸੋਂ ਪੁਛਿਆ ਕਿ ਅਰਜਨ ਨੂੰ ਬਲ ਕਿਥੋਂ ਤੇ ਕਿਉਂਕਰ ਪ੍ਰਾਪਤ ਹੋਯਾਸੀ ਤਾਂ ਉਤ੍ਰ ਦਿੱਤਾ ਕਿ ਦੇਵੀ ਨੇ ਸਾਮ੍ਰਥਤਾ ਤੇ ਸ਼ਕਤੀ ਬਖਸ਼ੀਸੀ ਸੋ ਹੁਣ ਭੀ ਜੇਕਰ ਹਵਨ ਕੀਤਾ ਜਾਵੇ ਤਾਂ ਦੇਵੀ ਦੇ ਜ਼ਰੂਰ ਦਰਸ਼ਨ

ਹੋਣਗੇ ਸੋ ਕਾਂਸ਼ੀ ਥੀਂ ਪੰਡਿਤ ਸਦਵਾ ਕੇ ਹਵਨ ਕਰਵਾਯਾ ਗਿਆ ਓੜਕ ਨੂੰ ਅਗਨੀ ਕੁੰਡ ਥੀਂ ਇਕ ਲੋਹੇ ਦੀ ਕੁਹਾੜੀ ਨਿਕਲੀ ਤੇ ਇਹੁ ਦੇਵੀ ਦੇ ਗੁੱਸੇ ਦੀ ਨਿਸ਼ਾਨੀ ਜਾਣੀਗਈ ਅਤੇ ਫਿਰ ਪੰਡਿਤਾਂ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਕਿਹਾ ਕਿ ਆਪ ਯਾ ਤਾਂ ਹੁਣ ਆਪਣਾਂ ਬਲੀਦਾਨ ਕਰੋ ਅਥਵਾ ਕਿਸੇ ਪੁਤ੍ਰ ਦੀ ਬਲੀ ਦੇਵੋ ਤਾਂਕਿ ਦੇਵੀ ਪ੍ਰਗਟ ਹੋਕਰਕੇ ਤੁਹਾਡੀਆਂ ਇੱਛਾ ਨੂੰ ਪੂਰਨ ਕਰੇ ਗੁਰੂ ਜੀ ਨੇ ਕਿਹਾ ਕਿ ਮੈਨੂੰ ਤਾਂ ਅਜੇ ਬੌਹਤ ਕੰਮ ਕਰਨੇ ਪਏ ਹਨ ਇਸ ਲਈ ੨੫ ਸਿੰਘ ਸਿਰਦੇਣ ਲਈ ਖੜੇ ਹੋਗਏ ਤੇ ਇਕ ਤਿਨਾਂ ਵਿੱਚੋਂ ਚੁਣਕੇ ਬਲੀ ਕੀਤਾ ਗਿਆ ਤੀਸਰੀ ਇਹੁ ਭੀ ਗਲ ਆਖਦੇ ਹਨ ਕਿ ਦੇਵੀ ਗੁਰੂ ਜੀ ਨੂੰ ਸੁਪਨੇ ਵਿਖੇ ਦਿਖਾਈ ਦਿੱਤੀ ਸੀ ਚੌਥੀ ਹੋਰ ਭੀ ਅਸਚਰਜ ਗਲ ਹੈ ਕਿ ਜਦ ਪੰਡਿਤ ਜੱਗ ਹਵਨ ਨੂੰ ਅਧੂਰਾ ਹੀ ਛੱਡ ਕੇ ਨੱਠ ਗਏ ਤਾਂ ਗੁਰੂ ਜੀ ਨੇ ਬਾਕੀ ਬਚੀ ਹੋਈ ਸਾਮਗਰੀ ਨੂੰ ਇੱਕੋ ਵਾਰ ਹੀ ਕੁੰਡ ਵਿਚ ਸੁਟਵਾ ਦਿੱਤਾ ਤੇ ਉਸਥੀਂ ਬੜਾ ਉੱਚਾ ਭਭੂਕਾ ਉਠਿਆ ਤਾਂ ਲੋਕਾਂ ਨੇ ਜਾਤਾ ਜੋ ਸੱਚ ਮੁੱਚ ਦੇਵੀ ਪ੍ਰਗਟ ਹੋ ਗਈ ਹੈ ਪ੍ਰੰਤੂ ਇਹੁ ਸਭ ਗਲਾਂ ਕੂੜੀਆਂ ਪ੍ਰਤੀਤ ਹੁੰਦੀਆਂ ਹਨ ਕੇਵਲ ਲੋਕਾਂ ਤੇ ਨਾਮ ਧ੍ਰੀਕਾਂ ਨੇ ਮੂਰਖਤਾ ਦਾ ਸਹਾਰਾ ਲੈਕੇ ਇਹੁ ਕਹਾਨੀਆਂ ਘੜੀਆਂ ਹਨ ਤੇ ਇਹੁ ਕਹਾਣੀਆਂ ਉਸ ਕਵਿਤਾ ਦੇ ਅਨੁਸਾਰ ਹਨ ਜੋ ਗੁਰੂ ਗੋਬਿੰਦ ਸਿੰਘ ਜੀਦੀ ਦਸਵੀਂ ਪਾਤਸ਼ਾਹੀਦੇ ਗ੍ਰੰਥ ਸਾਹਿਬ

ਵਿਖੇ ਹਨ ਜਿਨਾਂ ਵਿਖੇ ਦੇਵੀ ਨੂੰ ਸੂਰਮਾਂ ਬਨਾਕੇ ਮੈਦਾਨ ਜੰਗ ਦੇ ਨਕਸ਼ੇ ਖਿੱਚੇ ਹੈਨ ਨਹੀਂ ਤਾਂ ਕਿਥੇ ਗੁਰੂ ਗੋਬਿੰਦ ਸਿੰਘ ਤੇ ਕਿਥੇ ਬ੍ਰਾਹਮਣਾਂ ਦਾ ਹਵਨ ਤੇ ਦੇਵੀ ਦਾ ਪ੍ਰਗਟ ਹੋਣਾ ਕਿਉਂ ਜੋ ਗੁਰੂ ਗੋਬਿੰਦ ਸਿੰਘ ਜੀਦੀ ਸਾਰੀ ਸਿੱਖਯਾ ਦੇ ਇਹੁ ਵਿੱਰੁਧ ਪ੍ਰਤੀਤ ਹੁੰਦੀ ਹੈ ਕਿ ਓਹੁ ਦੇਵੀ ਦਾ ਇਤਨਾਂ ਭਰੋਸੇ ਵਾਲਾ ਹੋਵੇ ਯਾ ਘਟ ਥੀਂ ਘਟ ਉਸਦੇ ਵਜੂਦ ਦਾ ਭੀ ਕਾਇਲ ਹੋਵੇ ਹਾਂ ਇਹੁ ਗਲ ਬੁਧ ਅਨੁਸਾਰ ਪ੍ਰਤੀਤ ਹੁੰਦੀ ਹੈ ਕਿ ਲੋਕਾਂ ਨੂੰ ਅਪਣੀ ਵਲ ਖਿੱਚਣ ਦੇ ਲਈ ਅਜੇਹੀ ਗਲ ਕੀਤੀ ਗਈ ਹੋਵੇ ਕਿ ਪਹਾੜ ਪਰ ਹਵਨ ਕੁੰਡ ਬਨਵਾ ਕੇ ਬੌਹਤ ਬਲਨ ਵਾਲੀਆਂ ਚੀਜ਼ਾਂ ਉਸ ਵਿੱਚ ਪਵਾਕੇ ਇੱਕ ਅਜੇਹਾ ਭਭੂਕਾ ਉਠਾਯਾ ਗਿਆ ਹੋਵੇ ਕਿ ਜੋ ਦੂਰ ਤਾਂਈ ਲੋਕਾਂ ਨੂੰ ਦਿਖਾਈ ਦਿੰਦਾ ਹੋਵੇ ਤਾਕਿ ਉਸਨੂੰ ਦੇਖ ਕੇ ਲੋਕੀ ਇਹੁ ਭਰੋਸਾ ਕਰ ਲੈਣ ਕਿ ਸੱਚ ਮੁੱਚ ਗੁਰੂ ਗੁਬਿੰਦ ਸਿੰਘ ਜੀ ਕੋਈ ਦੇਵੀ ਦੇਵਤਾ ਕਾਬੂ ਵਿਖੇ ਆਗਿਆ ਹੈ ਜਿਸ ਕਰਕੇ ਵੈਰੀ ਪਰ ਗੁਰੂ ਜੀਦੀ ਫ਼ਤੇ ਹੋਵੇਗੀ ਤਾਕਿ ਇਸ ਤਦਬੀਰ ਨਾਲ ਨੇੜੇ ਤੇੜੇ ਦੇ ਜੱਟ ਆਦਿਕ ਉਸਦੇ ਕੰਮ ਵਿੱਚ ਖ਼ੁਸ਼ੀ ਨਾਲ ਮਿਲਕੇ ਕੰਮ ਕਰਨ ਭਾਵੇਂ ਇਸ ਗਲਦੇ ਲਈ ਭੀ ਬੁਧ ਵਾਲੀਆਂ ਯੋਗ ਗਲਾਂ ਅਰਥਾਤ ਦਲੀਲਾਂ ਨਹੀਂ ਹਨ ਪ੍ਰੰਤੂ ਕਿਉਂਕਿ ਇਹੁ ਕਹਾਵਤ ਚਲੀ ਆਉਂਦੀ ਹੈ ਜੇਕਰ ਇਹੁ ਸਾਖੀ ਸੱਚੀ ਹੈ ਤਾਂ ਇਸਨੂੰ ਰਾਜਨੀਤੀ ਪਰ ਵਿਚਾਰਨਾ ਚਾਹੀਏ ਕਿ ਜੇਹੜੀ ਬਾਤ ਜੰਗਦੇ ਵਾਸਤੇ ਤਿਆਰੀ ਕਰਨ ਲਈ

ਬਨਾਈ ਗਈ ਉਸ ਵਿਚੋਂ ਇਹੁ ਤਾਤਪ੍ਰਜ ਨਹੀਂ ਕੱਢਨਾ ਲੋੜੀਏ ਤੇ ਨਾਹੀਂ ਦੂਸਰੀਆਂ ਕਹਾਵਤਾਂ ਦੇ ਹੋਣ ਕਰਕੇ ਇਹੁ ਤਾਤਪ੍ਰਜ ਨਿਕਲ ਹੀ ਸੱਕਦਾ ਹੈ ਕਿ ਗੁਰੂ ਦੇਵੀ ਦੀ ਪੂਜਾ ਕਰਦੇ ਸੇ ਅਥਵਾ ਲੋਕਾਂ ਨੂੰ ਪੂਜਾ ਕਰਨ ਦੀ ਆਗਿਆ ਦੇਂਦੇ ਸੇ ਅਜੇਹੀਆਂ ਜੁਗਤੀਆਂ ਜੰਗ ਦੇ ਸਮੇ ਹੋਰ ਭੀ ਲੋਕ ਕਈ ਵਾਰੀ ਵਰਤ ਦੇ ਰੈਂਹਦੇ ਹਨ ਤੇ ਤਵਾਰੀਖਾਂ ਵਿੱਚ ਕਈ ਅਜੇਹੀਆਂ ਗਲਾਂ ਪ੍ਰਤਖ ਹੈਨ ਮੁਲਕੀ ਦੁਨੀਆਂ ਵਿਖੇ ਜੇਕਰ ਸੱਚ ਮੁੱਚ ਅਜੇਹੀ ਹੋਈ ਭੀ ਹੈ ਤਾਂ ਇਹੁ ਗੁਰੂ ਗੋਬਿੰਦ ਸਿੰਘ ਜੀ ਦਾ ਪੈਹਲਾ ਹੀ ਕੰਮ ਸੀ ਤੇ ਉਸ ਖਾਲਸਾ ਧਰਮ ਦੇ ਵਾਸਤੇ ਸੀ ਜਿਸਦੇ ਵਾਸਤੇ ਓਹੁ ਤਿਆਰੀ ਕਰ ਰਿਹਾ ਸੀ ਇਸ ਵਾਸਤੇ ਖਾਲਸਾ ਧਰਮ ਦੀ ਜੜ ਰਖਨ ਲਈ ਦੇਵੀ ਨੂੰ ਆਪਣੇ ਨਿਯਮਾਂ ਵਿਖੇ ਬਿਲਕੁਲ ਦਾਖਲ ਨਹੀਂ ਕੀਤਾ ਭਲਾ ਜੇਕਰ ਜਾਨ ਬੂਝਕੇ ਭੀ ਸਮੇ ਦੇ ਵਿਚਾਰ ਅਨੁਸਾਰ ਓਹੁ ਇੱਕ ਹਿੱਸਾ ਦੇਵੀ ਦਾ ਸਤਕਾਰ ਕਰਦੇ ਭੀ ਸੇ ਤਾਂ ਇਸ ਬਾਤ ਵਿਖੇ ਤਾਂ ਰੰਚਕਮਾਤ੍ਰ ਭੀ ਸੰਦੇਹ ਨਹੀਂ ਕਿ ਖਾਲਸਾ ਧਰਮ ਦੀ ਨੀਂਵ ਦੇ ਨਿਯਮਾਂ ਵਿਖੇ ਦੇਵੀ ਦੀ ਪੂਜਾ ਅਥਵਾ ਕਿਸੇ ਦੂਸਰੇ ਔਤਾਰ ਯਾ ਉਤਪਤੀ ਦੀ ਪੂਜਾ ਨੂੰ ਬਿਲਕੁਲ ਪਰੇ ਹਟਾ ਦਿੱਤਾ ਸੀ ਅਤੇ ਇਸ ਥੀਂ ਮਗਰੋਂ ਕਦੇ ਭੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਇਸ ਪ੍ਰਕਾਰ ਦੀ ਕੋਸ਼ਸ਼ ਯਾ ਧਿਆਨ ਨਹੀਂ ਡਿੱਠਾ ਗਿਆ ਜਿਸ ਥੀਂ ਤਾਤਪ੍ਰਯ ਕਢ ਸਕੀਦਾ ਹੈ ਕਿ ਓਹੁ ਕਿਸੇ ਦੇਵੀ ਦੇਵਤੇ ਦੀ ਪੂਜਾ ਨੂੰ ਭਲਾ

ਨਹੀਂ ਸੀ ਸਮਝ ਦੇ ਹੁਣ ਜਿਨ੍ਹਾਂ ਬੁਨਿਆਦੀ ਨਿਯਮਾਂ ਪਰ ਖਾਲਸਾ ਧਰਮ ਦੀ ਨੀਂਵ ਰਖੀ ਗਈ ਹੈ ਉਸਦਾ ਵਰਨੰਨ ਵਿਸਥਾਰ ਪੂਰਬਕ ਅਗਲੇ ਅਧਯਾਇ ਵਿਖੇ ਕੀਤਾ ਜਾਂਦਾ ਹੈ॥

ਖਾਲਸਾ ਧਰਮ ਦੀ ਇਸਥਿਤੀ

ਪਿਛਲੇ ਪੰਨਿਆਂ ਵਿਖੇ ਜਿਤਨੇਕੁ ਚਰਿਤ੍ਰ ਲਿਖੇ ਗਏ ਹਨ ਉਨ੍ਹਾਂ ਥੀਂ ਪ੍ਰਤੀਤ ਹੁੰਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਅਜੇਹਿਆਂ ਪੁਰਖਾਂ ਦੇ ਉਪਜਾਉਣ ਦੀ ਲੋੜ ਸੀ ਜੇਹੜੇ ਇਕ ਅਕਾਲ ਪੁਰਖ ਨੂੰ ਮੰਨਨ ਵਾਲੇ ਇਖਲਾਕ ਤੇ ਧਰਮ ਵਿੱਚ ਹੇਠੀ ਨਾ ਹੋਵਣ ਤੇ ਜੋਧ ਦਾ ਸੁਭਾਵ ਅਤੇ ਕੌਮੀ ਮੁਹਬਤ ਦੇ ਨਾਲ ਹੀ ਮੈਤ੍ਰਤਾ ਦਾ ਮਾਦਾ ਰਖਦੇ ਹੋਣ ਅਤੇ ਧਰਮ ਤੇ ਦੇਸ ਦੇ ਵਾਸਤੇ ਜਾਂਨ ਬਲੀਦਾਂਨ ਦੇਣ ਨੂੰ ਤਿਆਰ ਹੋਵਣ ਭਾਵੇਂ ਗੁਰੂ ਗੋਬਿੰਦ ਸਿੰਘ ਜੀ ਵਾਰੋ ਵਾਰੀ ਦਸਵੀਂ ਜਗਾ ਇੱਕ ਫ਼ਕੀਰੀ ਭੇਸ ਵਿਖੇ ਸੇ ਤੇ ਉਨ੍ਹਾਂ ਦਾ ਪਵਿੱਤ੍ਰ ਉਪਦੇਸ਼ ਕੇਵਲ ਆਤਮਕ ਓਪਦੇਸ਼ ਦਾ ਸੀ ਪ੍ਰੰਤੂ ਸਮੇ ਦੀ ਲੋੜ ਨੇ ਤੇ ਮੁਸਲਮਾਨਾਂ ਦੀ ਬੇਦਰਦੀ ਬੇਇਨਸਾਫ਼ੀ ਤੇ ਗ਼ਰਕੀ ਨੇ ਅਤੇ ਹਿੰਦੂਆਂ ਦੀ ਬੁਰੀ ਹਾਲਤ ਨੇ ਉਸਨੂੰ ਫ਼ਕੀਰੀ ਭੇਸ ਥੀਂ ਅਮੀਰਾਨਾ ਭੇਸ ਦੇ ਬਦਲਨ ਲਈ ਜ਼ੋਰ ਦਿੱਤਾ ਅਤੇ ਪਹਾੜੀ ਰਾਜਿਆਂ ਦੀ ਵਿਰੋਧ ਤਾਈ ਦੇ ਕਾਰਨ ਰਣਭੂਮੀ ਦਾ ਬੂਹਾ ਉਸਦੇ ਸਨਮੁਖ ਖੁੱਲ੍ਹਾ ਉਸਨੇ ਆਪਣੀ ਵਲੋਂ ਮੁਸਲਮਾਨਾਂ ਨੂੰ ਅਥਵਾ

ਪਹਾੜੀ ਰਾਜਿਆਂ ਨੂੰ ਕੋਈ ਸਮਾਂ ਕਿਸੇ ਪ੍ਰਕਾਰ ਦੇ ਉਪਾਲੰਭ ਦਾ ਨਾ ਰੈਹਨ ਦਿੱਤਾ ਪ੍ਰੰਤੂ ਏਸ ਕਰਕੇ ਕਿ ਓਹੁ ਜੰਗੀ ਆਤਮਾ ਕਰਨ ਦੇ ਧਿਆਨ ਵਿਖੇ ਲਗਾ ਹੋਯਾ ਸੀ ਇਸ ਵਾਸਤੇ ਮਲੀ-ਨਤਾ ਬਧੀ ਦੇਵਸ ਹੋ ਕਰਕੇ ਉਸਨੂੰ ਸਤਾਯਾ ਗਿਆ ਤੇ ਉਸਨੇ ਆਵਸ੍ਕਜਤਾ ਜਾਣਕੇ ਬੌਹਤ ਹੀ ਸਮਾਂ ਤਿਆਰੀ ਥੀਂ ਪੈਹਲੇ ਹੀ ਤਲਵਾਰ ਪਰ ਹੱਥ ਧਰਿਆ ਸਭ ਹਿੰਦੂਆਂ ਦੀ ਹਾਲਤ ਓਹੁ ਸੀ ਜੇਹੜੀ ਪੈਹਲੇ ਹੀ ਵਰਨੰਨ ਹੋ ਚੁਕੀ ਹੈ ਉਸਨੇ ਇਸ ਤਰਾਂ ਨਾਲ ਕੰਮ ਕਢਣਾਂ ਔਖਾ ਜਾਤਾ ਇਸ ਕਰਕੇ ਅਜੇਹੇ ਪੁਰਖਾਂ ਦੇ ਪੈਦਾ ਕਰਨ ਦੀ ਲੋੜ ਉਸਨੂੰ ਅਤਯੰਤ ਹੁੰਦੀ ਸੀ ਜੇਹੜੇ ਪੁਰਾਣੇ ਖਤ੍ਰੀਆਂ ਦਾ ਨਮੂਨਾ ਹੋਣ ਤੇ ਜਾਂਨ ਨੂੰ ਧਰਮ ਦੀ ਤੇ ਦੇਸ਼ ਦੀ ਖਾਤ੍ਰ ਪਵਿਤ੍ਰ ਧਰਮ ਜਾਂਨਨ ਗਲ ਕਾਹਦੀ ਉਸਨੇ ਸਾਰਾ ਜ਼ੋਰ ਏਸੇ ਪਾਸੇ ਹੀ ਲਾਯਾ ਤੇ ਬੜੇ ਹੀ ਧਿਆਨ ਨਾਲ ਇਹ ਗਲ ਪਕੜੀ ਕਿ ਜਿਤਨਾ ਚਿਰ ਓਹੁ ਹਿੰਦੂਆਂ ਨੂੰ ਇੱਕ ਨਿਸ਼ਾਨ ਪਰ ਤੇ ਪ੍ਰਯੋਜਨ ਪਰ ਇੱਕਤ੍ਰ ਨਹੀਂ ਕਰ ਲੈਂਦਾ ਓਨ੍ਹਾਂ ਚਿਰ ਹਿੰਦੂਆਂ ਦਾ ਇੱਕ ਬਣਨਾਂ ਕਠਿਨ ਹੈ ਸੀ ਇਸ ਵਾਸਤੇ ਗੁਰੂ ਗੋਬਿੰਦ ਸਿੰਘ ਜੀ ਨੇ ਦੋ ਪ੍ਰਯੋਜਨ ਸਾਹਮਣੇ ਰਖਕੇ ਖਾਲਸਾ ਧਰਮ ਦੀ ਨੀਂਵ ਧਰੀ ਇੱਕ ਤਾਂ ਇਹੁ ਕਿ ਕਈ ਭਾਤਾਂ ਦੇ ਹਿੰਦੂ ਆਪਸ ਵਿਚ ਮਿਲਕੇ ਇੱਕ ਹੋ ਜਾਂਣ ਦੂਸਰਾ ਮੁਸਲਮਾਨੀ ਰਾਜ ਨੂੰ ਹਿੰਦੁਸਤਾਂਨ ਦੀਆਂ ਸੀਮਾਂ ਥੀਂ ਬਾਹਰ ਕਢਨ ਦਾ ਉਸਦਾ ਪ੍ਰਯੋਜਨ ਸੀ ਗੁਰੂ ਗੋਬਿੰਦ ਸਿੰਘ ਜੀ ਦਾ ਧਰਮ

ਇਸਲਾਮ ਦੇ ਵਿਰੁੱਧ ਘਲੂਘਾਰਾ ਕਰਨ ਦੀ ਇੱਛਾ ਨਹੀਂ ਸੀ ਤੇ ਨਾਹੀਂ ਉਸਨੇ ਇਸ ਬਾਤ ਦੇ ਵਾਸਤੇ ਹਿੰਮਤ ਕੀਤੀ ਸੀ ਪ੍ਰੰਤੂ ਮੁਸਲਮਾਨਾਂ ਦੀਆਂ ਜ਼ੁਲਮੀਆਂ ਤੇ ਬੇਇਨਸਾਫ਼ੀਆਂ ਨੂੰ ਵੇਖਕੇ ਠੀਕ ਉਨ੍ਹਾਂ ਦੀ ਮੁਲਕੀ ਸ਼ਕਤੀ ਨੂੰ ਨਿਰਬਲ ਕਰਨਾਂ ਤੇ ਹਿੰਦੁਸਤਾਂਨ ਥੀਂ ਬਾਹਰ ਕਢਣਾਂ ਚਾਹੁੰਦਾ ਸੀ ਤੇ ਇਹੀ ਕਾਰਨ ਉਸਦੇ ਖਾਲਸਾ ਪੰਥ ਦੇ ਸਾਜਨ ਦਾਸੀ ਕਿਉਂ ਜੋ ਹਿੰਦੂਆਂ ਦੀ ਹਾਲਤ ਅਜੇਹੀ ਨਹੀਂ ਸੀ ਕਿ ਓਹੁ ਕਿਸੇ ਅਜੇਹੀ ਬਲ ਵਾਲੀ ਕੌਮ ਨਾਲ ਰਣਭੂਮ ਵਿਖੇ ਜੁਧ ਕਰ ਸਕਨ ਜੇਹੀਕੁ ਮੁਸਲਮਾਂਨ ਕੌਮ ਸੀ ਅੰਤ ਨਾਹੀਂ ਉਸ ਨਾਲ ਗੁਰੂ ਗੋਬਿੰਦ ਸਿੰਘ ਦਾ ਕੋਈ ਕੌਮੀ ਬਚਾਉ ਸੀ ਇਸ ਦਾ ਤਾਤਪ੍ਰਜ ਤਾਂ ਹਿੰਦੁਸਤਾਨ ਵਿੱਚੋਂ ਮੁਸਲਮਾਨਾਂ ਦੀ ਮੁਲਕੀ ਤਾਕਤ ਤੋੜਨ ਦਾ ਸੀ ਤੇ ਅਸਲ ਕੰਮ ਲਈ ਹਿੰਦੂਆਂ ਵਿਖੇ ਨਵੀਨ ਢੱਬ ਨਾਲ ਆਤਮਕ ਸ਼ਕਤੀ ਫੂਕੀ ਚਾਹੁੰਦਾ ਸੀ ਉਸਦੀ ਆਪਣੀ ਬੀਤੀ ਹੋਈ ਉਮਰਾਂ ਦੇ ਭੀ ਤਜਰਬੇ ਉਸਦੇ ਲਈ ਉਬਾਲੇ ਦਾ ਕਾਰਣ ਸਨ ਜੋ ਹਿੰਦੂਆਂ ਦਾ ਪੁਰਾਨਾ ਜਾਮਾ ਫ਼ੌਜੀ ਸ਼ਕਤਿ ਵਿਖੇ ਇਤਨਾਂ ਪੁਰਾਣਾ ਹੋ ਗਿਆ ਸੀ ਜੋ ਉਸ ਵਿਖੇ ਬਖੀਆ ਯਾ ਮੁਰੰਮਤ ਕਰਕੇ ਅਥਵਾ ਕੋਹ ਗਲ ਲਾਕੇ ਕੰਮ ਕਢਣਾਂ ਔਖਾ ਭਾਸਦਾ ਸੀ ਇਸ ਵਾਸਤੇ ਨਵੀਨ ਪੁਸ਼ਾਕਾਂ ਸਜਾਉਨ ਦੀ ਲੋੜ ਨਵੇਂ ਸਿਰੇ ਹੋਈ ਹੈ ਇਸ ਕਰਕੇ ਗੁਰੂ ਗੋਬਿੰਦ ਸਿੰਘ ਜੀ ਨੇ ਵਿਚਾਰਿਆ ਕਿ ਉਨ੍ਹਾਂ ਨੂੰ ਇੱਕ ਅਜੇਹੇ ਨਵੀਨ ਪੁਸ਼ਾਕੇ ਨਾਲ

ਸਜਾਯਾ ਜਾਵੇ ਜਿਸਦੇ ਹੋਣ ਕਰਕੇ ਸ੍ਵਾਰਥਤਾ, ਕਾਇਰ੍ਤਾ, ਨਿਰਬਲਤਾ ਨੂੰ ਤਿਆਗ ਕੇ ਓਹ ਪੁਸ਼ਾਕਾ ਆਤਮਕ ਸ਼ਕਤੀ ਵਾਲਾ, ਦੇਸ਼ ਭਗਤੀ ਦੇ ਪ੍ਰੇਮ ਵਾਲਾ ਤੇ ਸੂਰਮਤਾ ਦਾ ਨਿਸ਼ਾਂਨ ਬਨ ਜਾਵੇ ਤੇ ਇਸ ਢੰਗ ਨਾਲ ਇੱਕ ਅਜੇਹਾ ਜਥਾ ਪ੍ਰੀਪਕ ਕੀਤਾ ਜਾਵੇ ਕਿ ਜਿਸਦਾ ਧਰਮ ਹੀ ਭਾਰਤ ਦੇਸ਼ ਦੀ ਰਖਯਾ, ਤੇ ਹਿੰਦੂਆਂ ਦੇ ਧਰਮ ਦੀ ਰਖਿਆ ਹੀ ਹੋਵੇ ਹੋਰ ਕੁਛ ਨਹੀਂ ਇਸ ਕੰਮ ਦੀ ਨੀਹੁ ਰਖਨ ਦਾ ਸਮਾ ਓੜਕ ਗੁਰੂ ਗੋਬਿੰਦ ਸਿੰਘ ਜੀ ਨੇ ਕੱਢ ਹੀ ਲੀਤਾ॥

ਇੱਕ ਦਿਨ ਵਸਾਖੀ ਦੇ ਦਿਨ ਮਹੀਨੇ ਵੈਸਾਖ ਵਿਖੇ ਸੰਮਤ ੧੭੫੬ ਬਿਕ੍ਰਮੀ ਨੂੰ ਗੁਰੂ ਜੀ ਨੇ ਆਪਣੇ ਪਵਿੱਤ੍ਰ ਉਦੇਸ਼ ਨੂੰ ਪੂਰਾ ਕਰਨ ਦੇ ਵਾਸਤੇ ਅਰਥਾਤ ਖਾਲਸਾ ਧਰਮ ਦੀ ਨੀਂਵ ਰਖਨ ਦੇ ਵਾਸਤੇ ਆਪਣੇ ਸਿਖਾਂ ਨੂੰ ਇੱਕ ਬੜੇ ਖੁਲੇ ਮੈਦਾਨ ਵਿਖੇ ਇੱਕਤ੍ਰ ਕੀਤਾ ਅਤੇ ਪੈਹਲੇ ਹੀ ਹੁਕਮ ਨਾਮੇ ਭੇਜ ਭੇਜਕੇ ਸਦੇ ਗਏ ਸੇ ਉਸ ਮੈਦਾਂਨ ਵਿਖੇ ਇੱਕ ਤੰਬੂ ਲਾ ਦਿੱਤਾ ਜਦ ਸਾਰੇ ਹੀ ਸਿੱਖ ਉਸ ਜਗਾ ਵਿਖੇ ਸਭਨਾਂ ਥਾਵਾਂ ਦੇ ਸਦੇ ਹੋਏ ਆਚੁਕੇ ਤਾਂ ਗੁਰੂ ਗੋਬਿੰਦਸਿੰਘਜੀ ਨੰਗੀ ਤਲਵਾਰਲੈ ਕਰਕੇ ਸਿਖਾਂ ਵਲ ਤਕਦੇ ਹੋਏ ਬੋਲੇ ਕਿ ਮੈਨੂੰ ਅਕਾਲ ਪੁਰਖ ਦੀ ਆਗਿਆ ਹੋਈ ਹੈ ਕਿ ਮੈਂ ਹਿੰਦੂ ਧਰਮ ਦੀ ਖਾਤ੍ਰ ਪੈਹਲਾ ਬਲੀਦਾਨ ਆਪਣੇ ਕਿਸੇ ਸਿਖ ਦਾ ਸਿਰ ਕਰਾਂ ਇਸ ਤਰਾਂ ਕਰਕੇ ਉਸਦਾ ਲਹੂ ਹਿੰਦੂ ਧਰਮ ਤੇ ਦੇਸ਼ ਰੱਖਯਾ ਦੇ ਵਾਸਤੇ

ਅਗਲੇ ਸਿਖਾਂ ਦੇ ਲਈ ਅਗਲੇ ਸਿਖਾਂ ਦਾ ਲਹੂ ਛਿਣਕਨ ਵਾਸਤੇ ਇੱਕ ਜੀਉਂਦਾ ਨਿਸ਼ਾਨ ਹੋਵੇ ਇਸ ਕਰਕੇ ਜੇਕਰ ਕੋਈ ਸਿਖ ਇਸ ਦੀਵਾਨ ਵਿੱਚੋ ਆਪਣਾ ਬਲੀਦਾਂਨ ਭਾਰਤ ਦੇਸ਼ ਤੇ ਹਿੰਦੂ ਧਰਮ ਦੀ ਰਖਯਾ ਵਾਸਤੇ ਭੇਟਾ ਕਰੇ ਤੇ ਵਾਰਿਆ ਚਾਹੇ ਓਹੁ ਮੇਰੇ ਸਾਹਮਣੇ ਆਵੇ ਮੈਂ ਉਸਦਾ ਸਿਰ ਵੱਢ ਕੇ ਕੌਮੀ ਜ਼ਿੰਦਗੀ ਦੇ ਸਰੀਰ ਵਿੱਚ ਲਹੂ ਪਾਦੇਵਾਂ ਇਹੁ ਸੁਣਦੇਸਾਰ ਹੀ ਭਾਈ ਦਯਾ ਸਿੰਘ ਨਾਮੀ ਖਤ੍ਰੀ ਲਾਹੌਰ ਦਾ ਨਿਵਾਸੀ ਚੱਟ ਪੱਟ ਗੁਰੂ ਦੇ ਸਨ ਮੁਖ ਹੱਥ ਜੋੜ ਕੇ ਖੜਾ ਹੋ ਗਿਆ ਤੇ ਬੋਲਿਆ ਕਿ ਸਿਰ ਹਾਜ਼ਰ ਹੈ ਮੇਰਾ ਸਰੀਰ ਅਜੇਹੇ ਪਵਿਤ੍ਰ ਕੰਮ ਦੇ ਵਾਸਤੇ ਤਿਆਰ ਬਰ ਤਿਆਰ ਹੈ ਮੈਂ ਗੁਰਾਂ ਥੀਂ ਆਪਣਾਂ ਸਰੀਰ ਬਲੀਦਾਂਨ ਕਰਨਾ ਧੰਨ ਜਾਣਦਾ ਹਾਂ ਗੁਰੂ ਜੀ ਨੇ ਉਸਨੂੰ ਬਾਹੋਂ ਪਕੜ ਕੇ ਤੰਬੂ ਅੰਦਰ ਲੈ ਆਂਦਾ ਤੇ ਇੱਕ ਜ਼ੋਰ ਦੇ ਨਾਲ ਤਲਵਾਰ ਦਾ ਵਾਰ ਬਕਰੇ ਪਰ ਕੀਤਾ ਬਕਰੇਦੇਲਹੂਦੀਧਾਰਬਾਹਰਨਿਕਲੀਤਾਂਬਾਹਰ ਵਾਲੇਸਿਖਾਂ ਨੂੰ ਨਿਸ਼ਚਾ ਹੋਗਿਆ ਕਿ ਦਯਾ ਸਿੰਘਨੂੰ ਗੁਰੂ ਜੀ ਨੇ ਮਾਰ ਦਿੱਤਾ ਹੈ ਏਨੇ ਚਿਰ ਨੂੰ ਫੇਰ ਗੁਰੂ ਗੋਬਿੰਦ ਸਿੰਘ ਜੀ ਲਹੂ ਦੀ ਭਿਜੀ ਹੋਈ ਤਲਵਾਰ ਲੈਹ ਲਹਾਉਂਦੀ ਲੈ ਕਰਕੇ ਬਾਹਰ ਆਗਏ ਤੇ ਕਿਹਾ ਕਿ ਅਜੇ ਮੈਨੂੰ ਇੱਕ ਸਿਰ ਦੀ ਹੋਰ ਲੋੜ ਹੈ ਤਾਂ ਧਰਮ ਸਿੰਘ ਜੱਟ ਹਸਤਨਾਂਪੁਰ ਨਿਵਾਸੀ ਨੇ ਆਪਣੇ ਆਪਨੂੰ ਸਨਮੁੱਖ ਕੀਤਾ ਗੁਰੂ ਜੀਨੇ ਉਸਨੂੰ ਭੀ ਤੰਬੂ ਵਿੱਚ ਲੈਆਂਦਾ ਤੇ

ਪੈਹਲੇ ਵਾਂਗੂ ਹੀ ਕੀਤਾ ਗਲ ਕਾਹਦੀ ਫੇਰ ਤਿੰਨ ਹੋਰ ਸਿਰ ਇਸੇ ਤਰਾਂ ਹੀ ਮੰਗ ਕੇ ਹਿੰਮਤ ਸਿੰਘ ਝੀਵਰ ਮੁਹਕਮ ਸਿੰਘ ਛੀਂਬਾ ਸਾਹਿਬ ਸਿੰਘ ਨਾਈ ਆਦਿਕਾਂ ਨੇ ਵਾਰੋ ਵਾਰੀ ਸਿਰ ਅਰਪਨ ਕੀਤੇ ਤੇ ਗੁਰੂ ਜੀ ਪੈਹਲੇ ਵਾਂਗੂ ਹੀ ਤੰਬੂ ਵਿੱਚ ਲੈਜਾਕੇ ਕਰਦੇ ਰਹੇ ਲੋਕ ਹੋਰ ਭੀ ਆਖਦੇ ਹਨ ਕਿ ਇਨ੍ਹਾਂ ਪੰਜਾਂ ਵਿਖੇ ਨਾਈ ਕੋਈ ਨਹੀਂ ਸੀ ਸਗੋਂ ਇੱਕ ਲਖਨ ਦਾ ਬ੍ਰਾਹਮਣ ਸੀ ਇੱਕ ਲਾਹੌਰ ਪੰਜਾਬ ਦਾ ਖਤ੍ਰੀ ਸੀ ਇੱਕ ਜਗਨ ਨਾਥ ਦਾ ਘੁਮਜਾਰ (ਝੀਵਰ ਸ਼ੂਦਰ) ਸੀ ਇੱਕ ਜੱਟ ਸ਼ੂਦਰ ਹਸਨਤਾਂਪੁਰ ਦੇ ਰੈਹਨ ਵਾਲਾ ਸੀ ਤੇ ਇੱਕ ਧੋਬੀ ਸ਼ੂਦਰ ਦ੍ਵਾਰਕਾ ਗੁਜਰਾਤ ਦਾ ਵਸਨੀਕ ਸੀ ਗਲ ਕਾਹਦੀ ਓਹੁ ਜੋਸਨ ਸੋਸਨ ਉਨਾਂਦੀ ਸਦ੍ਰਸ਼ਾਨਾ ਲਭਨੀ ਬੜੀਹੀ ਔਖੀ ਹੈ ਕੇਵਲ ਆਪਣੇ ਗੁਰੂ ਦੀ ਬਾਣੀ ਪਰ ਆਪਣੇ ਸਰੀਰ ਤੇ ਜਾਨਾਂ ਕੌਮ ਦੀ ਖਾਤ੍ਰ ਵਾਰਨ ਨੂੰ ਤਿਆਰ ਹੋ ਗਏ ਤੇ ਜਾਨਾਂ ਨੂੰ ਤੁੱਛ ਜਾਤਾ ਜੀਉਂਦੇ ਹੀ ਕੁਰਬਾਨੀ ਦੇਣ ਲਈ ਖੜੇ ਹੋ ਗਏ ਓਹ ਹਿੰਦੂ ਧਰਮ ਦੇ ਤੇ ਭਾਰਤ ਦੇਸ ਦੇ ਸੱਚੇ ਤੇ ਪ੍ਰੇਮੀ ਸਿਖ ਸੇ ਦੇਸ ਭਗਤੀ ਦੀ ਮੂਰਤੀ ਸੇ ਮਹਾਤਮਾਂ ਸੇ ਜੋ ਓਨ੍ਹਾਂ ਵਿੱਚ ਆਪਣੇ ਸਰੀਰ ਦੀ ਆਪਣੇ ਦੇਸੀ ਭਾਈਆਂ ਲਈ ਜਾਂਨ ਕੁਰਬਾਂਨ ਕਰਨ ਦੀ ਸੱਤਾ ਸੀ ਓਨ੍ਹਾਂ ਨੇ ਆਪਣੇ ਲਹੂ ਨਾਲ ਹਿੰਦੂ ਧਰਮ ਦੀਆਂ ਟੁੱਟੀਆਂ ਹੋਈਆਂ ਹੱਡੀਆਂ ਨੂੰ ਸਿਰ ਜੀਤ ਕੀਤਾ ਮਹਾਂਬਲੀ ਸੇ ਜੋ ਧਰਮ ਦੇ ਲਾਭ